## ਵਿਚਾਰ

# ਪੁਸਤਕ ਸੰਬੰਧੀ

ਨਿਰਮਾਣਤਾ ਤੇ ਸੇਵਾ ਦੇ ਪੁੰਜ, ਮਹਾਨ ਸਮਾਜ-ਸੇਵੀ, ਦਾਰਸ਼ਨਿਕ ਭਗਤ ਪੂਰਨ ਸਿੰਘ ਜੀ ਨੇ ਮਾਨਸਿਕ ਪੀੜਿਤਾਂ, ਅਪਾਹਿਜਾਂ, ਬਜ਼ੁਰਗਾਂ, ਬਿਮਾਰਾਂ ਤੇ ਲਾਵਾਰਸਾਂ ਦੀ ਸੇਵਾ-ਸੰਭਾਲ ਹਿੱਤ ਸਿਫ਼ਤੀ ਦੇ ਕੇਂਦਰ ਅੰਮ੍ਰਿਤਸਰ ਵਿਖੇ ਪਿੰਗਲਵਾੜੇ ਦੀ ਸਥਾਪਨਾ ਕਰਕੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਖੇਤਰ ਵਿੱਚ ਜੋ ਗੌਰਵਮਈ ਇਤਿਹਾਸ ਸਿਰਜਿਆ ਹੈ, ਉਸ ਉੱਪਰ ਸਮੁੱਚੀ ਮਾਨਵਤਾ ਨੂੰ ਮਾਣ ਹੈ । ਸ਼ਾਨਾਮੱਤੇ ਸੇਵਾ ਦੇ ਇਤਿਹਾਸ ਉਸਰਈਏ ਨੇ ਅੰਮ੍ਰਿਤਸਰ ਰਹਿੰਦਿਆਂ ਵਿਸ਼ਵ ਵਿੱਚ ਵਾਪਰਨ ਵਾਲੇ ਅਨੇਕਾਂ ਮਨੁੱਖ ਮਾਰੂ ਖ਼ਤਰਿਆਂ ਤੇ ਉਨ੍ਹਾਂ ਸੰਬੰਧੀ ਬਚਾਅ ਕਾਰਜਾਂ ਨੂੰ ਬੜੀ ਸੰਜੀਦਗੀ ਤੇ ਭਾਰੀ ਫ਼ਿਕਰ ਨਾਲ ਪੜ੍ਹਿਆ ਅਤੇ ਲੋਕ ਜਾਗਰਤੀ ਤੇ ਪ੍ਰਾਣੀ-ਮਾਤਰ ਦੇ ਭਲੇ ਹਿੱਤ ਆਪਣੇ ਪ੍ਰਿੰਟਿੰਗ ਪ੍ਰਚਾਰ ਸਾਧਨਾਂ ਰਾਹੀਂ ਪ੍ਰਚਾਰਿਆ ।

ਭਗਤ ਜੀ ਇਹ ਭਲੀ-ਭਾਂਤ ਸਮਝਦੇ ਸਨ ਕਿ ਵਿਸ਼ਵ ਸਾਹਮਣੇ ਜਿੱਥੇ ਤਿੰਨ ਤਰ੍ਹਾਂ ਦੀਆਂ ਚਿੰਤਾਜਨਕ ਸਮਾਜਿਕ, ਆਚਰਣ ਤੇ ਵਾਯੂ-ਮੰਡਲ ਵੰਗਾਰਾਂ ਹਨ ਉੱਥੇ ਨਾਲ ਹੀ ਦੇਸ਼ ਅੰਦਰ ਤਿੰਨ ਤਰ੍ਹਾਂ ਦੀਆਂ ਸਮੱਸਿਆਵਾਂ— ਬੇਕਾਰੀ, ਅਨਪੜ੍ਹਤਾ ਤੇ ਵਧ ਰਹੀ ਆਬਾਦੀ ਵੀ ਮੌਜੂਦ ਹੈ । ਉਹ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਗੁਰਦੁਆਰਿਆਂ, ਮੇਲਿਆਂ ਵਿੱਚ ਅਕਸਰ ਆਪਣੇ ਭਾਸ਼ਣਾਂ ਤੇ ਇਸ਼ਤਿਹਾਰਾਂ ਰਾਹੀਂ ਇਹ ਪ੍ਰਚਾਰ ਕਰਦੇ ਕਿ ਸਾਨੂੰ ਹੱਥੀਂ ਕੰਮ ਕਰਨ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕਰਨੀ ਚਾਹੀਦੀ । ਖੱਦਰ ਪਾਉਣਾ ਚਾਹੀਦਾ ਹੈ ਤੇ ਹੱਥ ਦੀ ਬਣੀ ਹੋਈ ਵਸਤੂ ਨੂੰ ਖ਼ਰੀਦਣ ਵਿੱਚ ਪਹਿਲ ਦੇਣੀ ਚਾਹੀਦੀ ਹੈ । ਮਾਵਾਂ ਨੂੰ ਪ੍ਰੇਰਨਾ ਦਿੰਦੇ ਕਿ ਬੱਚਿਆਂ ਨੂੰ ਧਰਮ ਗ੍ਰੰਥਾਂ ਦੀ ਜਾਣਕਾਰੀ ਤੇ ਉਨ੍ਹਾਂ ਵਿਚਲੀਆਂ ਵੱਡਮੁੱਲੀਆਂ ਕਹਾਣੀਆਂ ਪੜ੍ਹਨੀਆਂ ਚਾਹੀਦੀਆਂ ਹਨ ।

ਮਨੁੱਖਾ ਜੀਵਨ ਦੇ ਮਨੋਰਥ ਨੂੰ ਸਮਝਾਉਂਦਿਆਂ ਉਹ ਅਕਸਰ ਲਾਲਾ ਹਰਦਿਆਲ ਦੀ ਪੁਸਤਕ **HINTS FOR SELF CULTURE** ਦੀ ਗੱਲ ਕਰਦੇ ਕਿ ਮਨੁੱਖਾ ਜੀਵਨ ਇਕ ਨਿਰਾਲਾ ਅਧਿਕਾਰ ਹੈ । ਇਹ ਮਨੁੱਖ ਦੇ ਸਿਰ 'ਤੇ ਮਹਾਨ ਫ਼ਰਜ਼ਾਂ ਦਾ ਭਾਰ ਪਾਉਂਦਾ ਹੈ । ਉਸ ਪਾਸੋਂ ਵੱਡੇ ਕਾਰਜਾਂ ਦੀ ਪੂਰਤੀ ਅਤੇ ਮਹਾਨ ਆਦਰਸ਼ਾਂ ਦੀ ਪ੍ਰਾਪਤੀ ਦੀ ਮੰਗ ਕਰਦਾ ਹੈ; ਜਿਵੇਂ ਕਿ ਕਵੀ ਫ਼ਿਲਾਸਫ਼ਰ ਲੁਕਰੇਸ਼ਸ ਨੇ ਉਪਦੇਸਿਆ ਹੈ: **"ਇਹ ਜੀਵਨ ਮਨੁੱਖ ਦੀ ਇਕ ਕੌਮੀ ਵਿਰਾਸਤ ਹੈ ਜਿਹੜੀ ਉਸ ਨੂੰ ਨਿੱਜੀ ਕਬਜ਼ੇ ਦੀ ਵਸਤੂ ਦੇ ਤੌਰ 'ਤੇ ਨਹੀਂ ਦਿੱਤੀ ਗਈ, ਜਿਸਨੂੰ ਉਹ ਜਿਵੇਂ ਜੀ ਚਾਹੇ ਵਰਤੇ; ਬਲਕਿ ਇਸ ਲਈ ਦਿੱਤੀ ਗਈ ਹੈ ਕਿ ਉਹ ਇਸ ਨੂੰ ਆਪਣੀ ਵਰਤੋਂ ਵਿੱਚ ਲਿਆਵੇ ਤੇ ਉੱਨਤ ਕਰੇ । ਹੇ ਭਾਈ ! ਚੇਤੇ ਰੱਖੋ ਕਿ ਤੁਸੀਂ ਲੰਘ ਚੁੱਕੇ ਅਤੇ ਆਉਣ ਵਾਲੇ ਸਮੇਂ ਦੇ ਵਿਚਕਾਰ ਖਲੋਤੇ ਹੋ, ਦੁਨੀਆਂ ਤੁਹਾਡੀ ਹੈ, ਜਿਸ ਨੂੰ ਮਾਣਨਾ, ਤਰਤੀਬ ਦੇਣਾ ਤੇ ਮੁੜ ਕੇ ਉਸਾਰਨਾ ਤੁਹਾਡਾ ਕਰਤੱਵ ਹੈ । ਤੁਹਾਡੀ ਤਕਦੀਰ ਬੜੇ ਅਸ਼ਾਂਤ ਤੇ ਚਿੰਤਾ ਭਰੇ ਸਮੇਂ ਵਿੱਚ ਢਲੀ ਹੈ । ਮਨੁੱਖ ਜਾਤੀ ਬੜੀ ਚਿੰਤਾ ਨਾਲ ਇਸ ਗੱਲ ਦਾ ਉੱਤਰ ਮੰਗਦੀ ਹੈ ਕਿ ਕੀ ਵਰਤਮਾਨ ਕਾਲ ਦੇ ਇਸ ਅਧਿਕਾਰ ਅਤੇ ਭੈਅ ਭਰੇ ਵਾਤਾਵਰਣ ਵਿੱਚੋਂ ਨਿਕਲ ਕੇ ਚਾਨਣੇ ਅਤੇ ਜੀਵਨ ਵੱਲ ਜਾਣ ਦਾ ਕੋਈ ਰਾਹ ਭੀ ਹੈ ਕਿ ਨਹੀਂ? ਇਹ ਕੇਵਲ ਤੁਹਾਡੇ ਉੱਪਰ ਹੀ ਹੈ ਕਿ ਤੁਸੀਂ ਸੰਸਾਰ ਵਿੱਚ ਅਜਿਹੀਆਂ ਮਹਾਨ ਤਹਿਰੀਕਾਂ ਦੀਆਂ ਲੀਹਾਂ ਆਪਣੇ ਪਿੱਛੇ ਚਮਕਾ ਜਾਉ ਜਿਹੜੀਆਂ ਸੰਸਾਰ ਦੀ ਇਕ ਸੁੰਦਰ ਉਸਾਰੀ ਦਾ ਕਾਰਨ ਬਣਨ ।"**

ਭਗਤ ਜੀ ਨੇ ਵਾਯੂ-ਮੰਡਲ ਨੂੰ ਸਾਫ਼ ਰੱਖਣ ਹਿੱਤ ਆਪਣੇ ਹੱਥੀਂ ਅਨੇਕਾਂ ਰੁੱਖ ਲਗਾਏ, ਪਾਲੇ ਤੇ ਇਸਦਾ ਪ੍ਰਚਾਰ ਕੀਤਾ । ਵਧਦੀ ਆਬਾਦੀ ਬਾਰੇ ਚਿੰਤਾ ਕਰਦਿਆਂ ਸੰਜਮ-ਮਈ ਜੀਵਨ ਜਿਊਣ ਲਈ ਪ੍ਰੇਰਿਆ । ਸਾਦਗੀ ਜੀਵਨ ਦਾ ਅਮੁੱਲ ਖ਼ਜ਼ਾਨਾ ਹੈ, ਜਿਹੜਾ ਅੰਤਲੇ ਸਵਾਸਾਂ ਤਕ ਉਹਨਾਂ ਦੇ ਨਾਲ ਨਿਭਿਆ ।

ਲੋਕ ਚੇਤਨਾ, ਉਸਾਰੂ ਕੰਮਾਂ ਤੇ ਕਈ ਸਮੱਸਿਆਵਾਂ ਦੇ ਹੱਲ ਸੰਬੰਧੀ ਭਗਤ ਜੀ ਆਪਣੇ ਵਿਚਾਰਾਂ ਨੂੰ ਰੱਦੀ ਪੇਪਰਾਂ ਉੱਪਰ ਮੋਟੇ-ਮੋਟੇ ਅੱਖਰਾਂ ਵਿੱਚ ਛਾਪ ਕੇ ਸੰਗਤਾਂ ਵਿੱਚ ਵੰਡਦੇ, ਤਾਂ ਕਿ ਲੋਕ ਇਸ਼ਤਿਹਾਰਾਂ ਨੂੰ ਪੜ੍ਹ ਕੇ ਯਕਦਮ ਗਿਆਨ ਹਾਸਲ ਕਰ ਸਕਣ । ਇਹ ਪ੍ਰਚਾਰ ਦਾ ਸਿਲਸਿਲਾ ਉਹਨਾਂ ਦੇ ਉੱਤਰਾਧਿਕਾਰੀ ਡਾ: ਇੰਦਰਜੀਤ ਕੌਰ ਵੱਲੋਂ ਬਾ-ਦਸਤੂਰ ਜਾਰੀ ਹੈ । ਡਾ: ਸਾਹਿਬ ਦੀ ਆਗਿਆ ਅਨੁਸਾਰ ਹੀ ਇਸ ਪੁਸਤਕ ਵਿੱਚ ਭਗਤ ਜੀ ਦੇ ਵਿਚਾਰਾਂ ਵਾਲੇ ਕੁਝ ਮੋਟੇ ਅੱਖਰਾਂ ਵਾਲੇ ਇਸ਼ਤਿਹਾਰਾਂ ਨੂੰ ਜਿਹੜੇ ਉਨ੍ਹਾਂ ਵੱਲੋਂ ਸੰਨ ੧੯੯੨ ਤੋਂ ਪਹਿਲਾਂ ਦੇ ਲਿਖੇ ਤੇ ਛਪਵਾਏ, ਇਕੱਠਿਆਂ ਕਰਕੇ ਕਿਤਾਬੀ ਰੂਪ ਦਿੱਤਾ ਗਿਆ ਹੈ । ਸੰਗਤਾਂ ਪੜ੍ਹਨ ਤੇ ਹੋਰਨਾਂ ਨੂੰ ਪੜ੍ਹਾ ਕੇ ਗਿਆਨ ਵੰਡਦਿਆਂ ਹੋਇਆਂ ਪਿੰਗਲਵਾੜੇ ਦੇ ਸੇਵਾ ਕਾਰਜ ਦਾ ਫ਼ਿਕਰ ਕਰਨ ।

-ਸੁਰਜੀਤ ਸਿੰਘ 'ਰਾਹੀ'
ਜਨਰਲ ਮੈਨੇਜਰ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ।

# ਪਿੰਗਲਵਾੜੇ ਵੱਲੋਂ ਛਾਪੇ ਜਾ ਰਹੇ ਵੱਖੋ-ਵੱਖ ਅਨੇਕ ਪ੍ਰਕਾਰ ਦੇ ਇਸ਼ਤਿਹਾਰ

### ਭਗਤ ਪੂਰਨ ਸਿੰਘ

ਅੰਗਰੇਜ਼ੀ ਵਿੱਚ ਕਿਸੇ ਵਿਦਵਾਨ ਦਾ ਕਥਨ ਮੈਂ ਪੜ੍ਹਿਆ ਸੀ ਕਿ **I will rise from my grave to preach** (ਪ੍ਰਚਾਰ ਕਰਨ ਲਈ ਮੈਂ ਆਪਣੀ ਕਬਰ ਵਿੱਚੋਂ ਵੀ ਉੱਠ ਖੜ੍ਹਾ ਹੋਵਾਂਗਾ)। ਵਾਹਿਗੁਰੂ ਨੇ ਮੇਰੇ ਜਨਮ ਤੋਂ ਹੀ ਮੇਰੇ ਅੰਦਰ ਇਹ ਪ੍ਰਬਲ ਜਜ਼ਬਾ ਪੈਦਾ ਕੀਤਾ ਹੈ ਕਿ ਪ੍ਰਾਣੀ-ਮਾਤਰ ਦੇ ਭਲੇ ਨਾਲ ਸੰਬੰਧ ਰੱਖਣ ਵਾਲੀ ਹਰ ਗੱਲ ਨੂੰ ਵੱਧ ਤੋਂ ਵੱਧ ਬਰੀਕੀ ਨਾਲ ਪੜ੍ਹਾਂ ਤੇ ਵੱਧ ਤੋਂ ਵੱਧ ਬਰੀਕੀ ਨਾਲ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਾਂ ।

ਮੇਰੇ ਜਨਮ ਦੇ ਇਨ੍ਹਾਂ ਸੰਸਕਾਰਾਂ ਦੀ ਤ੍ਰਿਪਤੀ ਲਈ ਵਾਹਿਗੁਰੂ ਨੇ ਅਪਾਰ ਕਿਰਪਾ ਕੀਤੀ ਕਿ ਮੇਰੀ ੨੦ ਸਾਲ ਦੀ ਉਮਰ ਵਿੱਚ ਹੀ ਮੇਰਾ ਸੰਬੰਧ ਸਿੱਖ-ਪੰਥ ਦੇ ਇਕ ਮਹਾਨ ਗੁਰਦੁਆਰੇ ਨਾਲ ਪੈ ਗਿਆ । ਉਹ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਦਾ ਮਹਾਨ ਅਸਥਾਨ ਡੇਹਰਾ ਸਾਹਿਬ ਸੀ ਤੇ ਲਾਹੌਰ ਸ਼ਹਿਰ ਵਿੱਚ ਹੈ । ਲਾਹੌਰ ਸ਼ਹਿਰ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਰਾਜਧਾਨੀ ਸੀ । ਉਦੋਂ ਪੰਜਾਬ ਦੇ ੨੯ ਜ਼ਿਲ੍ਹੇ ਹੁੰਦੇ ਸਨ। ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਉਸ ਸ਼ਹਿਰ ਵਿੱਚ ਹੁੰਦੀਆਂ ਸਨ ਜਿਨ੍ਹਾਂ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਅਮਰੀਕਾ, ਇੰਗਲੈਂਡ ਤੇ ਜਾਪਾਨ ਆਦਿ ਦੇਸ਼ਾਂ ਤੋਂ ਅਨੇਕਾਂ ਵਿਸ਼ਿਆਂ 'ਤੇ ਮਾਹਵਾਰੀ, ਹਫ਼ਤਾਵਾਰੀ ਤੇ ਰੋਜ਼ਾਨਾ ਅਖ਼ਬਾਰ ਆਉਂਦੇ ਸਨ । ਗੁਰਦੁਆਰਾ ਡੇਹਰਾ ਸਾਹਿਬ ਮੇਰਾ ਘਰ ਬਣ ਗਿਆ ਸੀ। ਮੈਂ ਲਾਇਬ੍ਰੇਰੀਆਂ ਨੂੰ ਸਾਰਾ-ਸਾਰਾ ਦਿਨ ਇਸ ਤਰ੍ਹਾਂ ਪੜ੍ਹਨ ਚਲਾ ਜਾਂਦਾ ਸਾਂ ਜਿਵੇਂ ਕੋਈ ਰੱਜੇ-ਪੁੱਜੇ ਘਰ ਦਾ ਬੰਦਾ ਸਾਰਾ-ਸਾਰਾ ਦਿਨ ਘਰੋਂ ਰੋਟੀ ਖਾ ਕੇ ਬੇਫ਼ਿਕਰੀ ਨਾਲ ਲਾਇਬ੍ਰੇਰੀਆਂ ਵਿੱਚ ਪੜ੍ਹਦਾ ਰਹੇ । ਸੰਨ ੧੯੪੭ 'ਚ ਦੇਸ਼ ਦੀ ਵੰਡ ਤੋਂ ਪਿੱਛੋਂ ਵੀ ਮੇਰਾ ਵਾਹਿਗੁਰੂ ਦੀ ਮਹਾਨ ਕਿਰਪਾ ਨਾਲ ਵਾਸਾ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਹੋ ਗਿਆ । ਇਹ ਸ਼ਹਿਰ ਵੀ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ । ਇਸ ਵਿੱਚ ਵੀ ਉੱਚੇ ਦਰਜੇ ਦੀਆਂ ਲਾਇਬ੍ਰੇਰੀਆਂ ਮੌਜੂਦ ਹਨ ਤੇ ਅਖ਼ਬਾਰ ਇਸ ਸ਼ਹਿਰ ਵਿੱਚੋਂ ਪੜ੍ਹਨ ਲਈ ਮਿਲ ਸਕਦੇ ਹਨ । ਸੰਨ ੧੯੨੮ ਵਿੱਚ ਮੈਂ ਗੱਤੇ 'ਤੇ ਲਿਖਿਆ ਕਿ ਦਾਤਣ ਕਿਸ ਤਰ੍ਹਾਂ ਕਰਨੀ ਹੈ ਤੇ ਗਲ ਵਿੱਚ ਪਾ ਕੇ ਖੜ੍ਹਾ ਹੋ ਗਿਆ ਤਾਂ ਕਿ ਲੋਕੀਂ ਪੜ੍ਹ ਲੈਣ ਕਿ ਦਾਤਣ ਕਰਨ ਦਾ ਢੰਗ ਕੀ ਹੈ ।



ਹੁਣ ਵਾਹਿਗੁਰੂ ਨੇ ਕਿਰਪਾ ਕੀਤੀ ਹੈ ਕਿ ਮੈਂ ਲੱਖਾਂ ਰੁਪਏ ਦੇ ਇਸ਼ਤਿਹਾਰ ਤੇ ਕਿਤਾਬਚੇ ਹਰ ਸਾਲ ਜਨਤਾ ਨੂੰ ਮੁਫ਼ਤ ਵੰਡ ਦੇਂਦਾ ਹਾਂ । ਪ੍ਰਚਾਰ ਲਈ ਰਾਜਾ ਜਨਕ ਦੀ ਕਹਾਣੀ ਭਾਰਤ ਦੇ ਇਤਿਹਾਸ ਵਿੱਚ ਇਕ ਪ੍ਰਸਿੱਧ ਕਹਾਣੀ ਹੈ ਕਿ ਰਾਜਾ ਜਨਕ ਨੇ ਅਸ਼ਟਾਵਕਰ ਨੂੰ ਕਿਹਾ ਕਿ ਮੈਨੂੰ ਉਹ ਗਿਆਨ ਦੇ ਜਿਹੜਾ ਉਨੇ ਚਿਰ ਵਿੱਚ ਦਿੱਤਾ ਜਾਵੇ ਜਿੰਨੇ ਚਿਰ ਵਿੱਚ ਬੰਦਾ ਘੋੜੇ ਦੀ ਰਕਾਬ ਵਿੱਚ ਪੈਰ ਰੱਖ ਕੇ ਘੋੜੇ 'ਤੇ ਬੈਠ ਜਾਂਦਾ ਹੈ । ਸਭ ਤੋਂ ਪਹਿਲਾਂ ਮੈਂ ੧੯੪੯ ਦੇ ਲਾਗੇ ਬਹੁਤ ਸਾਰੇ ਗੱਤਿਆਂ 'ਤੇ ਲੇਖ ਲਿਖ ਕੇ ਟਾਊਨ ਹਾਲ ਦੀ ਕੰਧ ਨਾਲ ਲਾ ਦਿੱਤੇ ਤਾਂ ਜੋ ਬਜ਼ਾਰ ਵਿੱਚ ਤੁਰੇ ਜਾਂਦੇ ਲੋਕ ਪੜ੍ਹਨ । ਉਨ੍ਹਾਂ ਗੱਤਿਆਂ ਦੀ ਗਿਣਤੀ ੭੦-੮੦ ਤੋਂ ਘੱਟ ਨਹੀਂ ਸੀ । ਮੇਰਾ ਖ਼ਿਆਲ ਹੈ ਕਿ ੧੯੪੯ ਜਾਂ ੫੦ ਵਿੱਚ ਮੈਂ ਕਿਤਾਬਚੇ ਛਪਵਾ ਕੇ ਮੁਫ਼ਤ ਵੰਡਣੇ ਸ਼ੁਰੂ ਕਰ ਦਿੱਤੇ ਸਨ । ਇਕ ਦਿਨ ਬਜ਼ਾਰ ਵਿੱਚ ਜਾਂਦਿਆਂ ਇਕ ਦੁਕਾਨ 'ਤੇ ਮੈਂ ਰੱਦੀ ਕਾਗ਼ਜ਼ ਦੇਖੇ ਜਿਨ੍ਹਾਂ ਦਾ ਇਕ ਪਾਸਾ ਚਿੱਟਾ ਸੀ। ਮੈਂ ਸੋਚਿਆ ਕਿ ਇਨ੍ਹਾਂ ਰੱਦੀ ਕਾਗ਼ਜ਼ਾਂ ਨੂੰ ਕਿਉਂ ਨਾ ਵਰਤਿਆ ਜਾਵੇ । ਸੋ ਮੈਂ ਰੱਦੀ ਕਾਗ਼ਜ਼ਾਂ 'ਤੇ ਇਸ਼ਤਿਹਾਰ ਛਾਪਣ ਲੱਗ ਪਿਆ । ਸੰਨ ੧੯੭੬ ਤਕ ਇਸ਼ਤਿਹਾਰ ਬਰੀਕ ਅੱਖਰਾਂ ਨਾਲ ਛਪਦੇ ਰਹੇ । ਬਹੁਤ ਉੱਚੇ ਦਰਜੇ ਦੇ ਲੇਖਾਂ ਦੇ ਇਸ਼ਤਿਹਾਰਾਂ ਦਾ ਰਿਵਾਜ ਮੈਂ ਹੀ ਸ਼ੁਰੂ ਕੀਤਾ । ਇਸ ਤੋਂ ਪਹਿਲਾਂ ਇਸ਼ਤਿਹਾਰਾਂ ਦੀ ਕੋਈ ਕਦਰ ਨਹੀਂ ਸੀ ਹੁੰਦੀ । ਸਿਨੇਮਿਆਂ, ਦੁਕਾਨਦਾਰਾਂ ਦੇ ਇਸ਼ਤਿਹਾਰ ਛਪਦੇ ਸਨ । ਇਸ ਲਈ ਮੈਨੂੰ ਡਰ ਰਹਿੰਦਾ ਸੀ ਕਿ ਘਰ ਜਾ ਕੇ ਕੋਈ ਇਸ਼ਤਿਹਾਰ ਪੜ੍ਹੇਗਾ ਜਾਂ ਨਹੀਂ । ਸੋ ਮੈਨੂੰ ਇਹ ਖ਼ਿਆਲ ਸੁੱਝਿਆ ਕਿ ਮੈਂ ਮੋਟੇ ਅੱਖਰਾਂ ਵਿੱਚ ਇਸ਼ਤਿਹਾਰ ਛਾਪਾਂ । ਇਹ ਇਸ਼ਤਿਹਾਰ ਰੱਦੀ ਕਾਗ਼ਜ਼ਾਂ 'ਤੇ ਮੋਟੇ ਅੱਖਰਾਂ ਵਿੱਚ ਛਪਦੇ ਹਨ । ਜਿਹੜਾ ਕਾਗ਼ਜ਼ ਪਹਿਲਾਂ ਦੋਨੋਂ ਪਾਸੇ ਛਾਪਿਆ ਗਿਆ ਹੋਵੇ, ਉਸ ਉੱਤੇ ਵੀ ਇਸ਼ਤਿਹਾਰ ਛਾਪੇ ਜਾਂਦੇ ਹਨ । ਜੇ ਇਸ ਭਰੋਸੇ ਨਾਲ ਇਸ਼ਤਿਹਾਰ ਦੇਣਾ ਹੋਵੇ ਕਿ ਬੰਦਾ ਜ਼ਰੂਰ ਪੜ੍ਹੇ ਤਾਂ ਉਹ ਇਸ਼ਤਿਹਾਰ ਮੋਟੇ-ਮੋਟੇ ਅੱਖਰਾਂ ਵਾਲਾ ਹੋਣਾ ਚਾਹੀਦਾ ਹੈ । ਮੋਟੇ ਅੱਖਰਾਂ ਵਾਲਾ ਇਸ਼ਤਿਹਾਰ ਤਿੰਨਾਂ ਮਿੰਟਾਂ ਵਿੱਚ ਪੜ੍ਹਿਆ ਜਜਾਂਦਾ ਹੈ । ਬੰਦਾ ਉਸ ਨੂੰ ਪੜ੍ਹਨ ਵਿੱਚ ਉਧਾਰ ਨਹੀਂ ਕਰਦਾ । ਸੋ ਰਾਜਾ ਜਨਕ ਦੀ ਰਕਾਬ ਵਿੱਚ ਪੈਰ ਧਰਨ ਵਾਲੀ ਗੱਲ ਹੀ ਸਫਲ ਰਹੀ ਹੈ । ਜਿਸ ਦਿਨ ਤੋਂ ਅਸੀਂ ਮੋਟੇ ਅੱਖਰਾਂ ਵਾਲੇ ਇਸ਼ਤਿਹਾਰ ਛਾਪਣ ਲੱਗੇ ਹਾਂ, ਉਸ ਦਿਨ ਤੋਂ ਇਸ਼ਤਿਹਾਰਾਂ ਦੀ ਲਾਗਤ ਬਹੁਤ ਹੋ ਗਈ ਹੈ । ਇਸ ਪੁਸਤਕ ਵਿੱਚ ਮੇਰੇ ਵੱਲੋਂ ਲਿਖੇ, ਛਾਪੇ ਤੇ ਵੰਡੇ ਜਾ ਰਹੇ ਕੁਝ ਇਸ਼ਤਿਹਾਰ ਦਿੱਤੇ ਜਾ ਰਹੇ ਹਨ ਸੰਗਤਾਂ ਪੜ੍ਹ ਕੇ ਲਾਭ ਉਠਾਉਣ ਤੇ ਸੰਸਥਾ ਨੂੰ ਦਸਵੰਧ ਭੇਜਦੇ ਰਹਿਣ ।

-ਭਗਤ ਪੂਰਨ ਸਿੰਘ

## ਹੱਥਾਂ ਨਾਲ

ਇਕ ਬੰਦਾ ਇਕ ਪਿੰਡ ਵਿੱਚ ਕੋਈ ਵਸਤ ਬਣਾਉਂਦਾ ਹੈ । ਉਸ ਦੇ ਕੰਮ ਕਰਨ ਨਾਲ ਕੋਈ ਐਸਾ ਜ਼ਹਿਰੀਲਾ ਪਾਣੀ ਨਹੀਂ ਬਣਦਾ ਜਿਸ ਨਾਲ ਕਿਸੇ ਦਰਿਆ ਦਾ ਪਾਣੀ ਜ਼ਹਿਰੀਲਾ ਬਣ ਜਾਵੇ ਤੇ ਉਹ ਪੀਣ ਦੇ ਯੋਗ ਨਾ ਰਹੇ, ਜਿਸ ਨਾਲ ਦਰਿਆ ਦੀਆਂ ਸਾਰੀਆਂ ਮੱਛੀਆਂ ਵੀ ਮਰ ਜਾਣ; ਪਰ, ਜੇਕਰ ਉਹ ਵਸਤੂ ਕਿਸੇ ਕਾਰਖ਼ਾਨੇ ਵਿੱਚ ਬਣੇ ਤਾਂ ਉਸ ਨਾਲ ਜ਼ਹਿਰੀਲਾ ਪਾਣੀ ਬਣਦਾ ਹੈ, ਜਿਹੜਾ ਦਰਿਆ ਵਿੱਚ ਜਾ ਡਿੱਗਦਾ ਹੈ । ਧਰਤੀ, ਹਵਾ ਤੇ ਪਾਣੀ ਦੀਆਂ ਰੱਬੀ ਦਾਤਾਂ ਨੂੰ ਬਚਾਅ ਕੇ ਰੱਖਣ ਲਈ, ਮਨੁੱਖ ਜਾਤੀ ਨੂੰ ਤਪ ਤੇ ਤਿਆਗ ਦੇ ਅਨੇਕਾਂ ਕੰਮ ਕਰਨੇ ਪੈਣਗੇ, ਨਹੀਂ ਤਾਂ ਤਬਾਹੀ ਦੇ ਟੋਏ ਵਿੱਚ ਡਿੱਗਣਾ ਪਵੇਗਾ । ਜੇ ਵਰਤਮਾਨ ਪੀੜ੍ਹੀ ਨੇ ਹਵਾ, ਪਾਣੀ ਤੇ ਧਰਤੀ ਦੀ ਰੱਖਿਆ ਲਈ ਅਕਲ ਨਾ ਵਰਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਵਰਤਮਾਨ ਪੀੜ੍ਹੀ ਨੂੰ ਲਾਹਨਤਾਂ ਪਾਉਣਗੀਆਂ । ਭਾਫ਼ ਤੇ ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਦੀ ਕਾਢ ਨਿਕਲੀ ਨੂੰ ਸਵਾ ਦੋ ਕੁ ਸੌ ਸਾਲ ਹੀ ਹੋਏ ਹਨ । ਉਸ ਸਮੇਂ ਤੋਂ ਮਨੁੱਖ ਲਈ ਅਨੇਕ ਪ੍ਰਕਾਰ ਦੇ ਨਵੇਂ ਖ਼ਤਰੇ ਮਸ਼ੀਨੀ ਯੁੱਗ ਵਿੱਚ ਪੈਦਾ ਹੋ ਚੁੱਕੇ ਹਨ, ਜਿਨ੍ਹਾਂ ਤੋਂ ਹਰ ਇਕ ਬੰਦੇ ਨੂੰ ਖ਼ਬਰਦਾਰ ਹੋਣ ਦੀ ਲੋੜ ਹੈ । ਅਣਭੋਲ ਹੀ ਅਨੇਕਾਂ ਬੰਦੇ ਇਹਨਾਂ ਖ਼ਤਰਿਆਂ ਦਾ ਸ਼ਿਕਾਰ ਹੋ ਕੇ ਮਰ ਰਹੇ ਹਨ ।

–ਭਗਤ ਪੂਰਨ ਸਿੰਘ



## ਛਾਲਾਂ ਮਾਰ ਕੇ

ਦਿਨੋਂ ਦਿਨ ਵਧਦੀ ਜਾ ਰਹੀ ਆਬਾਦੀ ਨੂੰ ਸਨਮੁੱਖ ਰੱਖਦਿਆਂ ਆਉਣ ਵਾਲੇ ਸਮੇਂ ਦੇ ਸੰਬੰਧ ਵਿੱਚ ਸੋਚ ਵਿਚਾਰ ਕੇ ਜਿਊਣ ਦੀ ਲੋੜ ਹੈ ।

ਭਾਰਤ ਵਾਸੀਓ! ਉਹ ਸਮਾਂ ਆ ਚੁੱਕਾ ਹੈ ਜਦ ਤੁਹਾਨੂੰ ਹਿਰਦੇ ਦੀ ਭਾਰੀ ਚਿੰਤਾ ਨਾਲ ਹੇਠ ਲਿਖੀਆਂ ਗੱਲਾਂ 'ਤੇ ਵਿਚਾਰ ਕਰਨੀ ਪਵੇਗੀ :- ਦੇਸ਼ ਦੀ ਕੁੱਲ ਆਬਾਦੀ ਕਿੰਨੀ ਹੈ? ਇਹ ਆਬਾਦੀ ਹਰ ਸਾਲ ਕਿਸ ਹਿਸਾਬ ਨਾਲ ਵਧ ਰਹੀ ਹੈ? ਦੇਸ਼ ਦੀ ਧਰਤੀ ਦਾ ਕੁੱਲ ਰਕਬਾ ਕਿੰਨਾ ਹੈ? ਕੁੱਲ ਰਕਬੇ ਵਿੱਚੋਂ ਕਿੰਨੀ ਧਰਤੀ ਨੂੰ ਨਹਿਰੀ ਪਾਣੀ ਮਿਲ ਰਿਹਾ ਹੈ ਤੇ ਕਿੰਨੀ ਨੂੰ ਖੂਹਾਂ ਵਿੱਚੋਂ ਹਲਟਾਂ ਜਾਂ ਮਸ਼ੀਨਾਂ ਨਾਲ ਕੱਢਿਆ ਹੋਇਆ ਪਾਣੀ ਮਿਲ ਰਿਹਾ ਹੈ? ਕੁੱਲ ਰਕਬੇ ਵਿੱਚੋਂ ਕਿੰਨੀ ਧਰਤੀ ਅੰਨ ਉਪਜਾਉਣ ਦੇ ਯੋਗ ਨਹੀਂ ਹੈ? ਇਹ ਧਰਤੀ ਕਿੰਨੀ ਆਬਾਦੀ ਲਈ ਅੰਨ, ਕਪਾਹ, ਤੇਲ ਦੇ ਬੀਜ ਤੇ ਗੰਨਾ ਆਦਿ ਪਦਾਰਥਾਂ ਨੂੰ ਪੈਦਾ ਕਰ ਸਕਦੀ ਹੈ? ਕਿੰਨੀ ਆਬਾਦੀ ਵਧ ਜਾਣ ਨਾਲ ਦੇਸ਼ ਦੀ ਧਰਤੀ ਇਸ ਆਬਾਦੀ ਲਈ ਲੋੜ ਅਨੁਸਾਰ ਅੰਨ ਪੈਦਾ ਨਾ ਕਰ ਸਕੇਗੀ ਤੇ ਕਰੋੜਾਂ ਬੰਦੇ ਭੁੱਖ ਨਾਲ ਮਰਨੇ ਆਰੰਭ ਹੋ ਜਾਣਗੇ? ਕੀ ਧਰਤੀ ਕਿਸੇ ਕਾਰਣ ਬਰਬਾਦ ਤਾਂ ਨਹੀਂ ਹੋ ਰਹੀ; ਜਿਵੇਂ ਦਰਿਆਵਾਂ ਦੇ ਹੜ੍ਹ ਤੇ ਹਵਾ ਦੀਆਂ ਹਨੇਰੀਆਂ ਧਰਤੀ ਨੂੰ ਖੋਰ ਦਿੱਤਾ ਕਰਦੇ ਹਨ ਤੇ ਧਰਤੀ ਦੇ ਉੱਤੋਂ ੧੦ ਇੰਚ ਬਰੀਕ ਮਿੱਟੀ ਦੇ ਹਿੱਸੇ ਦੇ ਪਾਣੀ ਜਾਂ ਹਵਾ ਦੀਆਂ ਹਨੇਰੀਆਂ ਨਾਲ ਖੁਰ ਜਾਣ ਪਿੱਛੋਂ ਅਜਿਹੀ ਮਿੱਟੀ ਨਿਕਲ ਆਉਂਦੀ ਹੈ ਜਿਹੜੀ ਕੁਝ ਵੀ ਨਹੀਂ ਉਪਜਾ ਸਕਦੀ? ਕੀ ਭਾਰਤ ਦੀ ਧਰਤੀ ਵਿੱਚ ਮਾਰੂਥਲਾਂ ਦਾ ਰੇਤ ਦਾ ਰਕਬਾ ਤਾਂ ਨਹੀਂ ਵਧਦਾ ਜਾ ਰਿਹਾ?

–ਭਗਤ ਪੂਰਨ ਸਿੰਘ

# ਮੰਗਾਂ

ਦੇਸ਼ ਦਿਆਂ ਸਾਧਨਾਂ ਨੂੰ ਅਤਿ ਗ਼ਰੀਬਾਂ ਤੇ ਲਤਾੜੇ ਹੋਏ ਵਰਗਾਂ ਦੇ ਬੱਚਿਆਂ ਦੀ ਭਲਾਈ ਲਈ ਵਰਤਣਾ ਸਭ ਤੋਂ ਪਹਿਲੀ ਤੇ ਵੱਡੀ ਲੋੜ ਹੈ। ਜੇਕਰ ਇਹ ਸਾਧਨ ਉਹਨਾਂ ਲੋਕਾਂ ਲਈ ਵਰਤੇ ਗਏ ਜਿਹੜੇ ਮਾਇਕ ਤੌਰ ’ਤੇ ਕਾਫ਼ੀ ਚੰਗੇ ਹਨ ਤਾਂ ਅਤਿ ਗ਼ਰੀਬ ਇਹ ਨਹੀਂ ਸਹਿਣਗੇ ਤੇ ਆਕੀ ਹੋ ਕੇ ਉੱਠ ਖਲੋਣਗੇ, ਤਾਂ ਦੇਸ਼ ਵਿੱਚ ਬੜੀ ਭਿਆਨਕ, ਹਾਲਤ ਪੈਦਾ ਹੋ ਜਾਵੇਗੀ । ਹਰ ਇਕ ਵਰਗ ਦੀਆਂ ਜਾਇਜ਼ ਮੰਗਾਂ ਜਿੱਥੋਂ ਤਕ ਹੋ ਸਕੇ ਮੰਨਣੀਆਂ ਚਾਹੀਦੀਆਂ ਹਨ, ਪਰ ਇਹ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਸਾਡੇ ਸਾਧਨ ਥੋੜ੍ਹੇ ਤੇ ਸੀਮਿਤ ਹਨ, ਇਹ ਸਾਰੇ ਉਹਨਾਂ ਲਈ ਹੀ ਨਹੀਂ ਵਰਤੇ ਜਾਣੇ ਚਾਹੀਦੇ ਜਿਹੜੇ ਚੰਗੇ ਭਲੇ ਹਨ ਤੇ ਥੱਲੇ ਮਰ ਰਹੀ ਗ਼ਰੀਬ ਜਨਤਾ ਨਾਲੋਂ ਬਹੁਤ ਚੰਗੇ ਤੇ ਸੌਖੇ ਹਨ । ਜਿਹੜੇ ਬੰਦੇ ਸੱਚੀ-ਮੁੱਚੀ ਗ਼ਰੀਬੀ ਨਾਲ ਪੀੜਿਤ ਹਨ ਤੇ ਦੂਜਿਆਂ ਦੇ ਲਤਾੜੇ ਹੋਏ ਹਨ ਉਨ੍ਹਾਂ ਦਾ ਪਹਿਲਾਂ ਅਧਿਕਾਰ ਹੈ ਕਿ ਸਾਡਾ ਧਿਆਨ ਉਨ੍ਹਾਂ ਵੱਲ ਜਾਵੇ ਤੇ ਲੋੜੀਂਦੀ ਸਹਾਇਤਾ ਵੀ ਉਹਨਾਂ ਨੂੰ ਮਿਲੇ । ਹੁਣੇ-ਹੁਣੇ ਅਸੀਂ ਕਾਂਗਰਸ ਤੇ ਇੰਦਰਾ ਗਾਂਧੀ ਦੀ ਡਿਕਟੇਟਰੀ ਤੋਂ ਆਜ਼ਾਦ ਹੋਏ ਹਾਂ ਤੇ ਆਪਣੀ ਆਵਾਜ਼ ਉਠਾ ਸਕਣ ਦੀ ਖੁੱਲ੍ਹ ਪ੍ਰਾਪਤ ਕਰ ਸਕੇ ਹਾਂ, ਜੇ ਅਸੀਂ ਇਹ ਆਵਾਜ਼ ਉਠਾਉਣ ਤੇ ਅੰਦੋਲਨ ਕਰ ਸਕਣ ਦੀ ਆਜ਼ਾਦੀ ਦੀ ਦੁਰਵਰਤੋਂ ਕੀਤੀ ਤਾਂ ਇਹ ਆਜ਼ਾਦੀ ਸਾਡੇ ਕੋਲੋਂ ਖੁੱਸ ਜਾਵੇਗੀ ਅਤੇ ਅਸੀਂ ਫਿਰ ਉਸੇ ਤਰ੍ਹਾਂ ਹੀ ਦੱਬੇ ਜਾਵਾਂਗੇ ।

-ਜੈ ਪ੍ਰਕਾਸ਼ ਨਾਰਾਇਣ



# ਥਰਮਲ ਪਲਾਂਟ ਖ਼ਤਰਨਾਕ

ਅਮਰੀਕਾ ਦੇ ਪ੍ਰਸਿੱਧ ਡਾਕਟਰ ਮੇਰਿਲ ਆਈਸਨਬਡ ਨੇ ਕਿਹਾ ਹੈ ਕਿ ਜੇ ਉਹਨਾਂ ਨੂੰ ਕੋਇਲੇ ਨਾਲ ਚੱਲਣ ਵਾਲੇ ਬਿਜਲੀ ਘਰ (ਥਰਮਲ ਪਲਾਂਟ) ਦੇ ਨੇੜੇ ਜਾਂ ਇਕ ਕਿਲੋਮੀਟਰ ਦੂਰ ਵੀ ਰਹਿਣ ਲਈ ਮਕਾਨ ਮਿਲੇ ਤਾਂ ਉਹ ਉਸ ਵਿੱਚ ਨਹੀਂ ਰਹਿਣਗੇ । ਇਕ ਸੂਚਨਾ ਅਨੁਸਾਰ ਅੱਜ ਸਾਰੀ ਦੁਨੀਆਂ ਵਿੱਚ ਇਕ ਹਜ਼ਾਰ ਤੋਂ ਵੱਧ ਪਾਣੀ ਤੋਂ ਬਿਜਲੀ ਪੈਦਾ ਕਰਨ ਵਾਲੇ ਬਿਜਲੀ ਘਰ ਹਨ, ਪਰ ਉਸ ਬਿਜਲੀ ਤੋਂ ਦੁਰ-ਪ੍ਰਭਾਵ ਕਰਕੇ ਕੇਵਲ ੬-੭ ਮੌਤਾਂ ਹੀ ਹੋਈਆਂ । ਇਸ ਦੇ ਉਲਟ ਥਰਮਲ ਪਲਾਂਟਾਂ ਨਾਲ ਗੰਦੇ ਹੋਏ ਵਾਤਾਵਰਨ ਨੇ ਹਜ਼ਾਰਾਂ ਲੋਕਾਂ ਨੂੰ ਫੇਫੜੇ ਅਤੇ ਸਾਹ ਦੀਆਂ ਬਿਮਾਰੀਆਂ ਦਾ ਸ਼ਿਕਾਰ ਬਣਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਕ ਹੋਰ ਵਿਗਿਆਨੀ ਪ੍ਰੋਫ਼ੈਸਰ ਮਾਈਕੇਲ ਗੋਲੇ ਨੇ ਦੱਸਿਆ ਕਿ ਇਕ ਹਜ਼ਾਰ ਮੈਗਾਵਾਟ ਕੋਇਲੇ ਦੀ ਖਪਤ ਕਰਨ ਵਾਲੇ ਥਰਮਲ ਪਲਾਂਟ ਤੋਂ ਪੈਦਾ ਹੋਈ ਗੰਦੀ ਹਵਾ ਨਾਲ ੭ ਤੋਂ ਲੈ ਕੇ ੧੦੦ ਮਨੁੱਖ ਹਰ ਸਾਲ ਫੇਫੜਿਆਂ ਦੀਆਂ ਬਿਮਾਰੀਆਂ ਦੇ ਰੋਗੀ ਹੋ ਜਾਂਦੇ ਹਨ । ਇਸ ਤੋਂ ਬਿਨਾਂ ਔਸਤਨ ਪੰਜ ਬੰਦੇ ਕੋਇਲਾ ਕੱਢਦੇ ਅਤੇ ਦੋ ਬੰਦੇ ਕੋਇਲਾ ਲਿਜਾਂਦੇ ਮਾਰੇ ਜਾਂਦੇ ਹਨ ।

(ਸਰਿਤਾ, ਹਿੰਦੀ ਨਵੰਬਰ ੧੯੭੭)

---

# ਸੂਰਜ ਗ੍ਰਹਿਣ ਤੋਂ ਖ਼ਤਰਾ

ਗਰਭਵਤੀ ਇਸਤਰੀਆਂ ਸੂਰਜ ਗ੍ਰਹਿਣ ਦੇ ਸਮੇਂ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ, ਬਲਕਿ ਆਪਣੇ ਘਰਾਂ ਦੀ ਚਾਰ ਦੀਵਾਰੀ ਦੇ ਅੰਦਰ ਕਿਸੇ ਅਜਿਹੇ ਥਾਂ ’ਤੇ ਲੁਕ ਕੇ ਬੈਠੀਆਂ ਰਹਿਣ ਜਿੱਥੇ ਬੈਠਿਆਂ ਉਨ੍ਹਾਂ ਉੱਤੇ ਸੂਰਜ ਦੀ ਕੋਈ ਕਿਰਨ ਨਾ ਪੈ ਸਕੇ । ਸੂਰਜ ਗ੍ਰਹਿਣ ਵੱਲ ਤੱਕਣਾ ਨਹੀਂ ਚਾਹੀਦਾ, ਅਜਿਹਾ ਕਰਨ ਨਾਲ ਅੱਖੀਆਂ ਅੰਨ੍ਹੀਆਂ ਹੋ ਜਾਂਦੀਆਂ ਹਨ । ਸੂਰਜ ਗ੍ਰਹਿਣ ਸਮੇਂ ਕੋਈ ਚੀਜ਼ ਨਹੀਂ ਖਾਣੀ ਚਾਹੀਦੀ, ਉਤਨੇ ਸਮੇਂ ਢਿੱਡ ਬਿਲਕੁਲ ਖ਼ਾਲੀ ਰੱਖਣਾ ਚਾਹੀਦਾ ਹੈ, ਕਿਉਂਕਿ ਢਿੱਡ ਵਿੱਚ ਪਈ ਹੋਈ ਖ਼ੁਰਾਕ ਤੋਂ ਨੁਕਸਾਨ ਪੁੱਜ ਸਕਦਾ ਹੈ ।

# ਮਸ਼ੀਨਰੀ

ਅੱਜ ਦੇ ਤੇਜ਼ ਗਤੀ ਤੇ ਭੜਕਾਊ ਯੁੱਗ ਵਿੱਚ ਮਨੁੱਖ ਹਵਾ ਵਿੱਚੋਂ ਕਾਫ਼ੀ ਵਧੇਰੇ ਮਾਤਰਾ ਵਿੱਚ ਆਕਸੀਜਨ ਗੈਸ ਦੀ ਵਰਤੋਂ ਕਰ ਰਿਹਾ ਹੈ । ਵਿਗਿਆਨੀਆਂ ਦਾ ਕਥਨ ਹੈ ਕਿ ਇਕ ਦਹਾਕਾ ਪਹਿਲਾਂ ਜਿੰਨੀ ਆਕਸੀਜਨ ੪੩ ਆਦਮੀਆਂ ਲਈ ਕਾਫ਼ੀ ਹੁੰਦੀ ਸੀ ਓਨੀ ਉਹ ਅੱਜ ਕੇਵਲ ਤਿੰਨ ਮਨੁੱਖਾਂ ਦੀ ਲੋੜ ਪੂਰਾ ਕਰਦੀ ਹੈ । ਪੂਰੇ ਸਾਲ ਵਿੱਚ ਜਿੰਨੀ ਆਕਸੀਜਨ ਇਕ ਪ੍ਰਾਣੀ ਲਈ ਲੋੜੀਂਦੀ ਹੈ ਓਨੀ ਦੀ ਖਪਤ ਅੱਜ ਇਕ ਮੋਟਰਕਾਰ ਇਕ ਹਜ਼ਾਰ ਕਿਲੋਮੀਟਰ ਚੱਲ ਕੇ ਕਰ ਦਿੰਦੀ ਹੈ । ਇਸ ਤਰ੍ਹਾਂ ਦੁਨੀਆਂ ਵਿੱਚ ਲੱਖਾਂ ਕਰੋੜਾਂ ਕਾਰਾਂ, ਬੱਸਾਂ, ਹਵਾਈ ਜਹਾਜ਼ ਆਦਿ ਆਕਸੀਜਨ ਦੀ ਵਰਤੋਂ ਕਰਕੇ ਵਾਤਾਵਰਨ ਵਿੱਚ ਕਾਰਬਨ ਡਾਇਆਕਸਾਈਡ ਵਧਾ ਰਹੇ ਹਨ । ਇਸ ਤੋਂ ਛੁੱਟ ਕਾਰਖ਼ਾਨਿਆਂ ਤੇ ਰੇਲ-ਗੱਡੀਆਂ ਵਿੱਚ ਵਰਤਿਆ ਜਾਂਦਾ ਕੋਲਾ ਤੇ ਤੇਲ ਵੀ ਕਾਰਬਨ ਡਾਇਆਕਸਾਈਡ ਵਧਾਉਂਦਾ ਹੈ । ਇਸ ਤਰ੍ਹਾਂ ਪਿਛਲੇ ਪੰਜਾਹ ਸਾਲਾਂ ਵਿੱਚ ਕਾਰਬਨ ਡਾਇਆਕਸਾਈਡ ਦੀ ਹਵਾ ਵਿੱਚ ਮਾਤਰਾ ੦.੩੦ ਤੋਂ ਵਧ ਕੇ ੦.੪੪ ਹੋ ਗਈ ਹੈ । ਇਸ ਦੂਸ਼ਿਤ ਹਵਾ ਲਈ ਕਿਸੇ ਦੇਸ਼ ਦੀ ਹੱਦ ਕੋਈ ਰੁਕਾਵਟ ਨਹੀਂ ਹੁੰਦੀ । ਇਸ ਲਈ ਅਮਰੀਕਾ ਵਰਗੇ ਉਦਯੋਗਿਕ ਦੇਸ਼ ਦੀ ਦੂਸ਼ਿਤ ਹਵਾ ਦਾ ਅਸਰ ਦੂਸਰੇ ਦੇਸ਼ਾਂ ਦੇ ਵਾਤਾਵਰਨ ’ਤੇ ਵੀ ਪੈਂਦਾ ਹੈ । ਅਨੁਮਾਨ ਹੈ ਕਿ ਅਮਰੀਕਾ ਦੇ ਕੁਝ ਸ਼ਹਿਰਾਂ ਦੀ ਹਵਾ ਬਹੁਤ ਪ੍ਰਦੂਸ਼ਿਤ ਹੋ ਗਈ ਹੈ । -ਭਗਤ ਪੂਰਨ ਸਿੰਘ



# ਛਿਲਕੇ ਰਹਿਤ ਅਨਾਜ ਅਨੇਕਾਂ ਰੋਗਾਂ ਦੀ ਜੜ੍ਹ

ਇਕ ਅੰਗਰੇਜ਼ ਜੋ ਖ਼ੁਰਾਕ ਦਾ ਗਿਆਨੀ ਹੈ, ਨੇ ਕਿਹਾ ਹੈ ਕਿ ਛਿਲਕੇ ਰਹਿਤ ਅਨਾਜ (ਦਾਲਾਂ, ਕਣਕ ਆਦਿ) ਦੀ ਵਰਤੋਂ ਕਾਰਨ ਪੱਛਮੀ ਸੰਸਾਰ ਦੇ ਸਾਹਮਣੇ ਸਿਹਤ ਦੀਆਂ ਵੱਡੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ । ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਹਿੰਦੋਸਤਾਨ ਜੈਸੇ ਵਿਕਾਸਸ਼ੀਲ ਦੇਸ਼ ਪੱਛਮੀ ਭੋਜਨ ਦੀ ਨਕਲ ਨਾ ਕਰਕੇ ਸਿਹਤ ਦੀਆਂ ਸਮੱਸਿਆਵਾਂ ਤੋਂ ਬਚ ਸਕਦੇ ਹਨ । ਬਰਿਟਿਸ਼ ਮੈਡੀਕਲ ਸੋਧ-ਪ੍ਰੀਸ਼ਦ ਦੇ ਡਾਕਟਰ ਡੇਨਿਸ ਪੀ. ਬਰਕਿਟ ਨੇ ਸਬੂਤਾਂ ਦੇ ਆਧਾਰ ’ਤੇ ਇਹ ਸੁਝਾਉ ਦਿੱਤਾ ਹੈ ਕਿ ਮੋਟਾਪਾ, ਪੱਥਰੀ, ਦਿਲ ਤੇ ਪੇਸ਼ਾਬ ਦੇ ਰੋਗ, ਕੈਂਸਰ ਤੇ ਹੋਰ ਭਿਆਨਕ ਰੋਗ ਕਣਕ ਦਾ ਛਿਲਕਾ ਉਤਾਰ ਦੇਣ ਨਾਲ ਪੈਦਾ ਹੁੰਦੇ ਹਨ । ਆਟੇ ਦੀਆਂ ਬੜੀਆਂ ਬੜੀਆਂ ਮਿੱਲਾਂ ਆਟੇ ਵਿੱਚੋਂ ਮੈਦਾ ਕੱਢ ਲੈਂਦੀਆਂ ਹਨ, ਜਿਸ ਦੀ ਡਬਲ ਰੋਟੀ ਬਣਦੀ ਹੈ । ਜਿਸ ਆਟੇ ਵਿੱਚੋਂ ਮੈਦਾ ਨਿਕਲ ਜਾਵੇ ਉਸ ਵਿੱਚ ਪੂਰੀ ਤਾਕਤ ਨਹੀਂ ਰਹਿ ਜਾਂਦੀ । ਜੇਕਰ ਬੀਬੀਆਂ ਘਰ ਆਟਾ ਪੀਹਣ ਤਾਂ ਕੰਮ-ਕਾਜ ਵਿੱਚ ਦਿਲ ਭੀ ਪਰਚਿਆ ਰਹੇ, ਸਰੀਰ ਦੀ ਕਸਰਤ ਨਾਲ ਤੰਦਰੁਸਤੀ ਵੀ ਕਾਇਮ ਰਹੇ, ਖ਼ੂਨ ਦਾ ਦਬਾਓ, ਸ਼ੱਕਰ ਦਾ ਰੋਗ ਤੇ ਦਿਲ ਦਾ ਰੋਗ ਆਦਿਕ ਰੋਗ ਵੀ ਉਹਨਾਂ ਨੂੰ ਨਾ ਲੱਗਣ, ਜਿਹੜੇ ਰੋਗ ਅਰਾਮ ਨਾਲ ਘਰਾਂ ਵਿੱਚ ਬੈਠੀਆਂ ਬੀਬੀਆਂ ਨੂੰ ਲੱਗੇ ਰਹਿੰਦੇ ਹਨ । ਤੰਦਰੁਸਤੀ ਲਈ ਕਸਰਤ ਓਨੀ ਹੀ ਜ਼ਰੂਰੀ ਹੈ ਜਿੰਨੀ ਜਿਊਂਦੇ ਰਹਿਣ ਲਈ ਖ਼ੁਰਾਕ । -ਭਗਤ ਪੂਰਨ ਸਿੰਘ

# ਵੱਧ ਤੋਂ ਵੱਧ ਪੈਦਲ ਤੁਰੋ

ਸੜਕਾਂ ਨੂੰ ਮੋਟਰਕਾਰਾਂ ਤੇ ਬੱਸਾਂ ਨਾਲ ਭਰ ਕੇ ਤੁਸੀਂ ਆਪਣੀਆਂ ਤੇ ਹੋਰਨਾਂ ਦੀਆਂ ਜਾਨਾਂ ਲਈ ਅਨੇਕਾਂ ਪ੍ਰਕਾਰ ਦੇ ਖ਼ਤਰੇ ਪੈਦਾ ਕਰ ਰਹੇ ਹੋ ।

ਅਨੇਕਾਂ ਬੰਦਿਆਂ ਦਾ ਜੀਵਨ ਬੈਠਕ ਵਾਲਾ ਜੀਵਨ ਹੁੰਦਾ ਹੈ; ਜਿਵੇਂ ਦਫ਼ਤਰਾਂ ਵਿੱਚ ਕੁਰਸੀਆਂ ਉੱਤੇ ਬੈਠੇ ਰਹਿ ਕੇ ਕਲਰਕ ਤੇ ਅਫ਼ਸਰ ਸਾਰਾ ਦਿਨ ਕੰਮ ਕਰਦੇ ਹਨ । ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਬੈਠਕ ਦਾ ਜੀਵਨ ਬਿਤਾਉਣ ਵਾਲੇ ਹਰ ਬੰਦੇ ਨੂੰ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਘੱਟੋ-ਘੱਟ ਸਾਢੇ ਅੱਠ ਮੀਲ ਪ੍ਰਤੀ-ਦਿਨ ਪੈਦਲ ਤੁਰਨਾ ਚਾਹੀਦਾ ਹੈ ਤੇ ਏਨਾ ਪੈਦਲ ਤੁਰਨ ਦੀ ਲੋੜ ਉਸ ਨੂੰ ਆਪਣੀ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਘੱਟ ਤੋਂ ਘੱਟ ਹੈ, ਵੱਧ ਤੋਂ ਵੱਧ ਨਹੀਂ । ਏਨੀ ਕਸਰਤ ਰੋਜ਼ਾਨਾ ਨਾ ਕਰਨ ਵਾਲੇ ਬੰਦਿਆਂ ਨੂੰ ਕਈ ਰੋਗ ਲੱਗ ਜਾਂਦੇ ਹਨ, ਜਿਨ੍ਹਾਂ ਵਿੱਚੋਂ ਖ਼ੂਨ ਦਾ ਦਬਾਅ, ਪੇਸ਼ਾਬ ਵਿੱਚ ਸ਼ੱਕਰ ਆਉਣ ਦਾ ਰੋਗ, ਦਿਲ ਦਾ ਰੋਗ, ਗੰਠੀਆ, ਗੋਡਿਆਂ ਦਾ ਦਰਦ ਕੁਝ ਰੋਗ ਹਨ । ਬੱਸਾਂ ਤੇ ਮੋਟਰਕਾਰਾਂ ਦੀ ਸਵਾਰੀ ਕਰਨ ਵਾਲੇ ਬੰਦੇ ਬੱਸਾਂ ਤੇ ਮੋਟਰਕਾਰਾਂ ਹੇਠਾਂ ਆ ਕੇ ਮਰਨ ਵਾਲੇ ਜਾਂ ਬਾਹਾਂ-ਲੱਤਾਂ ਤੁੜਾਉਣ ਵਾਲੇ ਬੰਦਿਆਂ ਦੀਆਂ ਮੌਤਾਂ ਤੇ ਦੁੱਖਾਂ ਨੂੰ ਪੈਦਾ ਕਰਨ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ । ਕਈ ਬੰਦੇ ਪੈਦਲ ਤੁਰਨ ਨੂੰ ਆਪਣੀ ਹੇਠੀ ਤੇ ਗ਼ਰੀਬ ਹੋਣ ਦੀ ਨਿਸ਼ਾਨੀ ਅਤੇ ਮੋਟਰਕਾਰ 'ਤੇ ਚੜ੍ਹ ਕੇ ਜਾਂ ਬੱਸ ਉੱਤੇ ਚੜ੍ਹ ਕੇ ਆਪਣਾ ਪੈਂਡਾ ਕਰਨ ਨੂੰ ਉੱਚੇ ਦਰਜੇ ਦੇ ਬੰਦੇ ਹੋਣ ਦਾ ਸਬੂਤ ਸਮਝਦੇ ਹਨ । ਉਨ੍ਹਾਂ ਦਾ ਇਹ ਖ਼ਿਆਲ ਗ਼ਲਤ ਹੈ ਤੇ ਇਸ ਵਿੱਚ ਉਹਨਾਂ ਦੇ ਕਈ ਭੁਲੇਖੇ ਛੁਪੇ ਪਏ ਹਨ । ਮੈਂ ਛੋਟੇ-ਛੋਟੇ ਇਸ਼ਤਿਹਾਰਾਂ ਰਾਹੀਂ ਜਨਤਾ ਨੂੰ ਪੈਦਲ ਤੁਰਨ ਦੇ ਵਿਸ਼ੇ ਤੇ ਹੋਰਨਾਂ ਅਨੇਕਾਂ ਵਿਸ਼ਿਆਂ 'ਤੇ ਜ਼ਰੂਰੀ ਵਾਕਫ਼ੀਅਤ ਦੇਣ ਦਾ ਯਤਨ ਕਰ ਰਿਹਾ ਹਾਂ ਤਾਂ ਜੋ ਉਹ ਛੋਟੇ-ਛੋਟੇ ਇਸ਼ਤਿਹਾਰਾਂ ਨੂੰ ਯਕੀਨੀ ਤੌਰ 'ਤੇ ਪੜ੍ਹ ਲੈਣ, ਜਿਹਨਾਂ ਦੇ ਪੜ੍ਹਨ ਵਿੱਚ ਉਧਾਰ ਨਹੀਂ ਹੋਇਆ ਕਰਦਾ । ਵੱਡੀ ਪੁਸਤਕ ਨੂੰ ਨਾ ਮੁਫ਼ਤ ਵੰਡਣਾ ਆਸਾਨ ਹੈ ਨਾ ਲੰਬਾਈ ਵੱਲੋਂ ਪੜ੍ਹਨਾ । ਵੱਡੀਆਂ ਪੁਸਤਕਾਂ ਤਾਂ ਅਲਮਾਰੀਆਂ ਵਿੱਚ ਹੀ ਪਈਆਂ ਰਹਿ ਜਾਇਆ ਕਰਦੀਆਂ ਹਨ । ਇਸ਼ਤਿਹਾਰ ਤਾਂ ਤੁਰੰਤ ਪੜ੍ਹਿਆ ਜਾਇਆ ਕਰਦਾ ਹੈ । ਰਾਜਾ ਜਨਕ ਵਾਂਙ ਘੋੜੇ ਦੀ ਰਕਾਬ 'ਤੇ ਪੈਰ ਧਰਨ ਜਿੰਨੇ ਸਮੇਂ ਵਿੱਚ ਗਿਆਨ ਮਿਲਣਾ ਜ਼ਰੂਰੀ ਹੈ ।

—0—



# ਸੋਚ ਕੇ ਚੱਲੋ

ਜੀਵਨ ਨੂੰ ਮੂਲੋਂ ਹੀ ਖੇਡ ਤਮਾਸ਼ਾ ਨਾ ਬਣਾਓ । ਜੀਵਨ ਦੀ ਤਾਣੀ ਦਾ ਉਲਝਾਅ ਦਿਨੋ-ਦਿਨ ਵਧਦਾ ਜਾ ਰਿਹਾ ਹੈ । ਹਰ ਇਕ ਕੰਮ ਨੂੰ ਕਰਨ ਤੋਂ ਪਹਿਲਾਂ, ਹਰ ਇਕ ਖ਼ਾਸ ਵਸਤੂ ਨੂੰ ਵਰਤਣ ਤੋਂ ਪਹਿਲਾਂ ਇਹ ਖੋਜ ਕਰਨ ਦੀ ਲੋੜ ਹੈ ਕਿ ਆਪਣੇ ਨਿੱਜੀ ਤੇ ਸਮਾਜ, ਦੇਸ਼ ਤੇ ਦੁਨੀਆਂ ਦੇ ਹਿੱਤਾਂ ਨੂੰ ਸਨਮੁੱਖ ਰੱਖਦਿਆਂ ਹੋਇਆਂ ਉਹ ਕੰਮ ਕੀਤਾ ਜਾਣ ਵਾਲਾ ਹੈ ਕਿ ਨਹੀਂ, ਉਹ ਵਸਤ ਵਰਤੀ ਜਾਣੀ ਚਾਹੀਦੀ ਹੈ ਕਿ ਨਹੀਂ । ਸੰਸਾਰ ਦੇ ਬੰਦੇ ਅਨੇਕਾਂ ਅਜਿਹੇ ਕੰਮ ਕਰਦੇ ਰਹਿੰਦੇ ਹਨ ਜਿਹੜੇ ਉਹਨਾਂ ਲਈ ਵੀ, ਦੇਸ਼ ਲਈ ਵੀ ਤੇ ਦੁਨੀਆਂ ਲਈ ਵੀ ਹਾਨੀਕਾਰਕ ਹੁੰਦੇ ਹਨ । ਮਿੱਟੀ ਦਾ ਤੇਲ, ਡੀਜ਼ਲ, ਸੰਸਾਰ ਦੇ ਖ਼ਜ਼ਾਨਿਆਂ ਵਿੱਚੋਂ ਮੁੱਕਦਾ ਜਾ ਰਿਹਾ ਹੈ । ਇਹ ਸਾਰੇ ਦਾ ਸਾਰਾ ਪੰਜਾਹ ਸਾਲ ਤੋਂ ਪਹਿਲਾਂ ਹੀ ਮੁੱਕ ਜਾਵੇਗਾ । ਡੀਜ਼ਲ ਨਾਲ ਚੱਲਣ ਵਾਲੇ ਇੰਞਣ ਖੂਹਾਂ ਵਿੱਚੋਂ ਪਾਣੀ ਕੱਢਦੇ ਹਨ, ਜਿਸ ਨਾਲ ਖੇਤੀ ਸਿੰਜੀ ਜਾਂਦੀ ਹੈ ਤੇ ਅੰਨ ਪੈਦਾ ਹੁੰਦਾ ਹੈ । ਸੰਸਾਰ ਦੀ ਆਬਾਦੀ ਵਧ ਰਹੀ ਹੈ । ਪਾਣੀ ਤੋਂ ਬਿਨਾਂ ਧਰਤੀ ਅੰਨ ਪੈਦਾ ਨਹੀਂ ਕਰ ਸਕਦੀ । ਫਿਰ ਅੰਨ ਮਿਹਨਤ ਨਾਲ ਧਰਤੀ ਵਿੱਚੋਂ ਪੈਦਾ ਕਰਨਾ ਪੈਂਦਾ ਹੈ । ਮੀਂਹ ਵਾਂਙ ਅੰਨ ਕਦੇ ਅਸਮਾਨ ਵਿੱਚੋਂ ਨਹੀਂ ਡਿੱਗਿਆ । ਮੋਟਰਸਾਈਕਲਾਂ ਨੂੰ ਦਿਲ ਪਰਚਾਵੇ ਦੇ ਖਿਲੌਣੇ ਨਾ ਬਣਾਉ, ਨਾ ਹੀ ਇਹਨਾਂ ਨੂੰ ਆਪਣੀ ਅਮੀਰੀ ਦਾ ਪ੍ਰਗਟਾਵਾ ਕਰਨ ਲਈ ਇਨ੍ਹਾਂ ਨੂੰ ਸਾਰਾ ਦਿਨ ਥਾਂ-ਥਾਂ 'ਤੇ ਵਰਤਦੇ ਫਿਰੋ । ਮੋਟਰਕਾਰਾਂ ਵਾਲਿਆਂ ਨੂੰ ਵੀ ਇਹੋ ਗੱਲ ਸੋਚਣੀ ਚਾਹੀਦੀ ਹੈ । ਮੋਟਰਕਾਰਾਂ ਤੇ ਮੋਟਰਸਾਈਕਲ ਉਸੇ ਤੇਲ ਨਾਲ ਚੱਲਦੇ ਹਨ ਜਿਸ ਦੀ ਖੂਹਾਂ ਦੇ ਇੰਞਣਾਂ ਨੂੰ ਲੋੜ ਹੁੰਦੀ ਹੈ ।

–ਭਗਤ ਪੂਰਨ ਸਿੰਘ

# ਲੰਬੀ ਉਮਰ ਵਾਸਤੇ ਦਹੀਂ

ਜਨਵਰੀ ੧੯੭੭ ਵਿੱਚ ਭਵਨੇਸ਼ਵਰ ਵਿਖੇ ਹੋਏ ਇੰਡੀਅਨ ਸਾਇੰਸ ਕਾਂਗਰਸ ਦੇ ਸਲਾਨਾ ਸਮਾਗਮ ਵਿੱਚ ਦੁਨੀਆਂ ਦੇ ਵਿਗਿਆਨੀਆਂ ਅੱਗੇ ਮੁੱਖ ਸਵਾਲ "ਲੰਬੀ ਉਮਰ ਦਾ ਕੀ ਭੇਦ ਹੈ" ਰੱਖਿਆ ਗਿਆ। ਪ੍ਰਸਿੱਧ ਡਾਕਟਰ ਵਿਗਿਆਨੀ ਪ੍ਰੋਫ਼ੈਸਰ ਐਨ. ਆਰ. ਸਰ ਨੇ ਇਕ ਖ਼ਾਸ ਵਿਆਖਿਆ ਵਿੱਚ ਉਪਰੋਕਤ ਸੁਆਲਾਂ ਦਾ ਜੁਆਬ ਇੰਞ ਦਿੱਤਾ :-

(ੳ) ਹਰ ਖਾਣੇ ਨਾਲ ਦਹੀਂ ਖਾਣ ਨਾਲ ਕਈ ਰੋਗਾਂ ਤੋਂ ਸਰੀਰ ਮੁਕਤ ਰਹਿੰਦਾ ਹੈ। ਦਹੀਂ ਵਿੱਚ ਮੌਜੂਦ ਐਸਿਡ ਦੇ ਅਣੂੰ (**Lactic Acid Hacilli**) ਕਈ ਰੋਗਾਂ ਦੇ ਕੀਟਾਣੂਆਂ ਨੂੰ ਸਮਾਪਤ ਕਰ ਦਿੰਦੇ ਹਨ।

(ਅ) ਲੋੜ ਨਾਲੋਂ ਵਧੇਰੇ ਨਾ ਖਾਉ ਤੇ ਖ਼ਾਸ ਕਰਕੇ ਚਿਕਨਾਈ ਵਾਲਾ ਮਾਸਾਹਾਰੀ ਭੋਜਨ ਲੋੜ ਤੋਂ ਵੱਧ ਨਾ ਖਾਉ।

(ੲ) ਬਜ਼ੁਰਗ ਵਿਗਿਆਨੀ ਜਿਨ੍ਹਾਂ ਦੀ ਆਪਣੀ ਉਮਰ ਅੱਸੀ ਸਾਲ ਤੋਂ ਉੱਪਰ ਹੈ ਤੇ ਹਾਲਾਂ ਵੀ ਅਲਾਹਾਬਾਦ ਵਿਸ਼ਵ-ਵਿਦਿਆਲੇ ਦੇ ਆਨਰੇਰੀ ਪ੍ਰੋਫ਼ੈਸਰ ਹਨ, ਨੇ ਦੱਸਿਆ ਕਿ ਉਹਨਾਂ ਦਾ ਭਰੋਸਾ ਹੈ ਕਿ ਸਾਦੀ ਜ਼ਿੰਦਗੀ ਤੇ ਸੰਤੁਲਨ ਭੋਜਨ ਹੀ ਲੰਬੀ ਉਮਰ ਦਾ ਭੇਦ ਹੈ। ਇਸ ਦੇ ਨਾਲ ਰੋਜ਼ ਕਸਰਤ ਕਰਨੀ ਵੀ ਜ਼ਰੂਰੀ ਹੈ।



# ਸਰਕਸ

ਇਕ ਜੰਗਲੀ ਜਾਨਵਰ ਨੂੰ ਭੁੱਖਿਆਂ ਰੱਖ ਕੇ, ਬਿਜਲੀ ਦੇ ਝਟਕੇ ਦੇ ਕੇ ਜਾਂ ਮਾਰ ਕੁੱਟ ਕੇ ਕਾਬੂ ਕਰਨਾ ਕੋਈ ਬਹਾਦਰੀ ਜਾਂ ਦਲੇਰੀ ਨਹੀਂ। ਸਰਕਸਾਂ ਵਾਸਤੇ ਫੜੇ ਗਏ ਜਾਨਵਰਾਂ ਨਾਲ ਹਰ ਸਮੇਂ ਬੇਰਹਿਮੀ ਦਾ ਵਰਤਾਉ ਕੀਤਾ ਜਾਂਦਾ ਹੈ। ਜੰਗਲੀ ਜਾਨਵਰਾਂ ਵਿੱਚੋਂ ਵੱਡੇ ਜਾਨਵਰਾਂ ਨੂੰ ਡਰਾਉਣ ਲਈ ਸੋਟੀਆਂ, ਡੰਡੇ, ਬਿਜਲੀ ਦੇ ਝਟਕਿਆਂ ਅਤੇ ਫੋਕੇ ਕਾਰਤੂਸਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਹੜੇ ਜਾਨਵਰ ਕਾਬੂ ਨਹੀਂ ਆਉਂਦੇ ਉਹਨਾਂ ਨੂੰ ਕਈ ਵਾਰੀ ਏਨੀ ਬੇਰਹਿਮੀ ਨਾਲ ਕੁੱਟਿਆ ਜਾਂਦਾ ਹੈ ਕਿ ਉਹ ਬੇਕਾਰ ਹੋ ਜਾਂਦੇ ਹਨ ਅਤੇ ਅੰਤ ਵਿੱਚ ਉਹਨਾਂ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ। ਇਕ ਰਿੱਛ ਨੂੰ ਡਰਾਉਣ ਵਾਸਤੇ ਉਸ ਦੀਆਂ ਨਾਸਾਂ ਅਤੇ ਅੱਖਾਂ ਵਿਚਕਾਰ ਕਈ ਸੱਟਾਂ ਮਾਰੀਆਂ। ਉਸ ਦੇ ਮੂੰਹ ਵਿੱਚੋਂ ਪਹਿਲਾਂ ਲਹੂ ਨਿਕਲਿਆ, ਫੇਰ ਉਹ ਕੰਬਿਆ ਅਤੇ ਅਖ਼ੀਰ ਵਿੱਚ ਮਰ ਗਿਆ। ਹਾਥੀ ਅਤੇ ਬਾਂਦਰਾਂ ਵਰਗੇ ਘੱਟ ਖ਼ਤਰਨਾਕ ਜਾਨਵਰਾਂ ਨੂੰ ਕਾਬੂ ਵਿੱਚ ਲਿਆਉਣ ਵਾਸਤੇ ਭੁੱਖਿਆਂ ਰੱਖਿਆ ਜਾਂਦਾ ਹੈ ਤੇ ਕਦੀ-ਕਦੀ ਲੋਹੇ ਦੇ ਤਿੱਖੇ ਔਜ਼ਾਰਾਂ ਨਾਲ ਜਾਂ ਮੇਖਾਂ ਵਾਲੇ ਕਾਲਰਾਂ ਨਾਲ ਗਲ ਘੁੱਟ ਕੇ ਡਰਾਇਆ ਜਾਂਦਾ ਹੈ। ਸਰਕਸਾਂ ਵਾਲੇ ਸਿੱਖੇ ਹੋਏ ਜੰਗਲੀ ਜਾਂ ਪਾਲਤੂ ਜਾਨਵਰਾਂ ਤੋਂ ਬਗੈਰ ਵੀ ਸਰਕਸ ਦਾ ਵਧੀਆ ਪ੍ਰਬੰਧ ਕਰ ਸਕਦੇ ਹਨ। ਅੱਜ ਜਦੋਂ ਕਿ ਇਨਸਾਨ ਜੰਗਲੀ ਜਾਨਵਰਾਂ ਦੀ ਸੰਭਾਲ ਵਾਸਤੇ ਹਰ ਸੰਭਵ ਕੋਸ਼ਿਸ਼ ਕਰਦਾ ਹੈ; ਜਿਵੇਂ ਕਿ ਖੁੱਲ੍ਹੇ ਚਿੜੀਆ-ਘਰ, ਜਿੱਥੇ ਕਿ ਜਾਨਵਰ ਜੰਗਲੀ ਜੀਵਨ ਦੀ ਤਰ੍ਹਾਂ ਰਹਿ ਸਕਣ ਉੱਥੇ ਸਰਕਸ ਦੇ ਜਾਨਵਰਾਂ ਦੇ ਵਾਸਤੇ ਉਲਟ ਹੋ ਰਿਹਾ ਹੈ।

-ਭਗਤ ਪੂਰਨ ਸਿੰਘ

## ਸ਼ੈਂਪੂ

ਸਿਰ ਧੋਣ ਦਾ ਤਰਲ ਸਾਬਣ (ਸ਼ੈਂਪੂ) ਸਾਡੇ ਸਿਰ ਦੇ ਵਾਲਾਂ ਤਕ ਪਹੁੰਚਣ ਤੋਂ ਪਹਿਲਾਂ ਖ਼ਰਗੋਸ਼ ਦੀਆਂ ਅੱਖਾਂ ਤਕ ਜਾਂਦਾ ਹੈ। ਖ਼ਰਗੋਸ਼ ਦੀਆਂ ਅੱਖਾਂ ਦੀਆਂ ਪਲਕਾਂ ਨੂੰ ਸਿਰ ਵੱਲ ਖਿੱਚ ਕੇ ਪਿੰਨ ਜਾਂ ਟੇਪ ਲਗਾ ਦਿੱਤੀ ਜਾਂਦੀ ਹੈ, ਤਾਂ ਕਿ ਉਹ ਆਪਣੀਆਂ ਪਲਕਾਂ ਝਮਕਾ ਨਾ ਸਕੇ । ਉਸ ਪਿੱਛੋਂ ਉਸ ਦੀ ਅੱਖ ਵਿੱਚ ਤਿੰਨ ਚਾਰ ਬੂੰਦਾਂ ਸ਼ੈਂਪੂ ਦੀਆਂ ਪਾ ਦਿੱਤੀਆਂ ਜਾਂਦੀਆਂ ਹਨ, ਤਾਂ ਕਿ ਇਹ ਦੇਖਿਆ ਜਾ ਸਕੇ ਕਿ ਉਸ ਨੂੰ ਕਿੰਨੀ ਜਲਣ, ਖ਼ੁਰਕ ਜਾਂ ਤਕਲੀਫ਼ ਹੁੰਦੀ ਹੈ । ਕਈ ਦਿਨਾਂ ਤਕ ਉਹ ਇਸੇ ਹਾਲਤ ਵਿੱਚ ਰਹਿੰਦਾ ਹੈ । ਅਕਸਰ ਇਸ ਤਜਰਬੇ ਨਾਲ ਖ਼ਰਗੋਸ਼ ਦੀਆਂ ਅੱਖਾਂ ਵਿੱਚ ਛਾਲੇ ਪੈ ਜਾਂਦੇ ਹਨ ਅਤੇ ਉਹ ਅੰਨ੍ਹਾ ਹੋ ਜਾਂਦਾ ਹੈ । ਇਸ ਤਰ੍ਹਾਂ, **'ਕਰੀਮ'** ਪਹਿਲਾਂ ਜਾਨਵਰਾਂ ਦੀ ਨੋਚੀ ਹੋਈ ਚਮੜੀ ਉੱਤੇ ਪਰਖੀ ਜਾਂਦੀ ਹੈ । ਖ਼ਰਗੋਸ਼ ਦੇ ਸਰੀਰ ਤੋਂ ਵਾਲ ਲਾਹ ਕੇ ਟੇਪ ਲਾ ਦਿੱਤੀ ਜਾਂਦੀ ਹੈ, ਫਿਰ ਟੇਪ ਨੂੰ ਇਕ ਝਟਕੇ ਨਾਲ ਖਿੱਚ ਕੇ ਚਮੜੀ ਉਤਾਰੀ ਜਾਂਦੀ ਹੈ । ਇਹ ਕਿਰਿਆ ਉਦੋਂ ਤਕ ਦੁਹਰਾਈ ਜਾਂਦੀ ਹੈ ਜਦੋਂ ਤਕ ਅੰਦਰਲਾ ਮਾਸ ਨਾ ਦਿਸਣ ਲੱਗ ਪਵੇ । ਫਿਰ ਇਸ ਕੱਚੇ ਮਾਸ 'ਤੇ ਤਰ੍ਹਾਂ-ਤਰ੍ਹਾਂ ਦੇ ਚਿਲਮਿਲਾਹਟ ਵਾਲੇ 'ਲੋਸ਼ਨ' ਜਿਵੇਂ 'ਆਫਟਰ ਸ਼ੇਵ ਲੋਸ਼ਨ' 'ਯੂਡੀਕੋਲੋਨ' ਆਦਿ ਲਾਏ ਜਾਂਦੇ ਹਨ ਅਤੇ ਇਹਨਾਂ ਦਾ ਅਸਰ ਜਾਨਵਰਾਂ 'ਤੇ ਦੇਖਿਆ ਜਾਂਦਾ ਹੈ । ਦੋ ਤਿੰਨ ਦਿਨ ਤਕ ਵਿਚਾਰਾ ਜਾਨਵਰ ਇਸੇ ਹਾਲਤ ਵਿੱਚ ਬਿਨਾਂ ਹਿੱਲਣ ਜੁਲਣ ਦੇ ਪਿੰਜਰੇ ਵਿੱਚ ਜਕੜਿਆ ਰਹਿੰਦਾ ਹੈ—ਤੇ ਫਿਰ ਵਿਚਾਰੇ ਜਾਨਵਰ ਦੀ ਚਮੜੀ ਜਲੇ ਜਾਂ ਦਰਦ ਨਾਲ ਉਹ ਮਰੇ ਇਹ ਉਸ ਦੀ ਕਿਸਮਤ ਨੂੰ, ਆਪਣੀ ਸੁੰਦਰਤਾ ਨੂੰ ਵਧਾਉਣ ਲਈ ਕੇਵਲ ਆਪਣੇ ਸ਼ੌਕ ਲਈ ਹਜ਼ਾਰਾਂ ਬੇਜ਼ੁਬਾਨ ਜਾਨਵਰਾਂ 'ਤੇ ਜ਼ੁਲਮ ਕਿਉਂ ?



## ਜਨ-ਸੰਖਿਆ

ਮਾਲੀ ਅਤੇ ਸਾਇੰਸ ਸੰਬੰਧੀ ਖੋਜ ਸੰਸਥਾ ਦਵਾਰਾ ਪ੍ਰਕਾਸ਼ਿਤ ਕਰਨਲ ਆਰ. ਰਾਮਾਰਾਵ ਦੇ ਇਕ ਅਧਿਐਨ ਦੇ ਅਨੁਸਾਰ—"ਜੇਕਰ ਭਾਰਤ ਵਿੱਚ ਕੌਮੀ ਜਨ-ਸੰਖਿਆ ਨੀਤੀ ਸਫਲਤਾ ਪੂਰਵਕ ਲਾਗੂ ਨਾ ਕੀਤੀ ਜਾ ਸਕੀ ਅਤੇ ਪਰਿਵਾਰ ਨਿਯੋਜਨ ਸਫਲ ਨਾ ਹੋਇਆ ਤਾਂ ਭਾਰਤ ਦੀ ਜਨ-ਸੰਖਿਆ ਸੰਨ ੨੦੦੦ ਵਿੱਚ ਇਕ ਅਰਬ ਤਕ ਪੁੱਜ ਜਾਵੇਗੀ । ੧੯੭੦-੭੧ ਨੂੰ ਭਾਰਤ ਵਿੱਚ ੩ ਕਰੋੜ ੩੦ ਲੱਖ ਰਿਹਾਇਸ਼ੀ ਮਕਾਨਾਂ ਦੀ ਘਾਟ ਸੀ । ਸੰਨ ੨੦੦੦ ਵਿੱਚ ਸਾਨੂੰ ਅੱਠ ਕਰੋੜ ੩੦ ਲੱਖ ਰਿਹਾਇਸ਼ੀ ਮਕਾਨਾਂ ਦੀ ਲੋੜ ਪਵੇਗੀ । ਇਸ ਸਮੇਂ ੫੦ ਪ੍ਰਤੀਸ਼ਤ ਲੋਕਾਂ ਦੇ ਮਕਾਨ ਬਹੁਤ ਘਟੀਆ ਪੱਧਰ ਦੇ ਹਨ; ਉਹਨਾਂ ਵਿੱਚ ਚੰਗੇ ਢੰਗ ਨਾਲ ਜੀਵਨ ਨਹੀਂ ਗੁਜ਼ਾਰਿਆ ਜਾਂਦਾ । ਇਸ ਤੋਂ ਬਿਨਾਂ ਵੀ ਸਾਨੂੰ ਹਰ ਸਾਲ ੨੦ ਲੱਖ ਨਵੇਂ ਮਕਾਨ ਹੁਣ ਤਕ ਦੀ ਘਾਟ ਨੂੰ ਪੂਰਾ ਕਰਨ ਲਈ ਬਣਾਉਣੇ ਹੋਣਗੇ ਅਤੇ ੨੦ ਲੱਖ ਨਵੀਂ ਵਧਣ ਵਾਲੀ ਆਬਾਦੀ ਲਈ । ਇਸ ਤੋਂ ਭਾਰਤ ਦੇ ਸਾਹਮਣੇ ਗੰਭੀਰ ਰਿਹਾਇਸ਼ੀ ਸਮੱਸਿਆਵਾਂ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ । ਕੇਵਲ ਰਿਹਾਇਸ਼ ਦੀ ਸਮੱਸਿਆ ਹੀ ਵਧੇਰੇ ਗੰਭੀਰ ਨਹੀਂ ਹੋਵੇਗੀ। ਖ਼ੁਰਾਕ, ਕੱਪੜੇ ਵਿੱਦਿਆ ਅਤੇ ਰੋਜ਼ਗਾਰ ਸਭਨਾਂ ਦੀਆਂ ਗੰਭੀਰ ਸਮੱਸਿਆਵਾਂ ਦਾ ਸਾਨੂੰ ਸਾਹਮਣਾ ਕਰਨਾ ਪਵੇਗਾ । ਇਸ ਲਈ ਕੌਮੀ ਜਨ-ਸੰਖਿਆ ਨੀਤੀ ਨੂੰ ਸਫਲ ਬਣਾਉਣ ਲਈ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਤੋਂ ਬਿਨਾਂ ਜਨਤਾ ਨੂੰ ਵੀ ਪੂਰਾ ਯਤਨ ਕਰਨਾ ਚਾਹੀਦਾ ਹੈ ।"

# ਜੱਤ ਵਾਲੇ ਕੱਪੜੇ

ਫ਼ੈਸ਼ਨ ਲਈ ਬਣਾਈਆਂ ਗਈਆਂ ਫਰ ਦੀਆਂ ਟੋਪੀਆਂ ਵਿੱਚੋਂ ਘੁੰਗਰਾਲੇ ਵਾਲਾਂ ਵਾਲੀ ਫਰ ਦੀ ਟੋਪੀ ਵਧੇਰੇ ਕੀਮਤੀ ਹੁੰਦੀ ਹੈ । ਭੇਡ ਦੇ ਬੱਚੇ ਦੇ ਪੈਦਾ ਹੋਣ ਦੇ ੨੪ ਜਾਂ ੪੮ ਘੰਟਿਆਂ ਦੇ ਅੰਦਰ ਹੀ ਉਸ ਨੂੰ ਮਾਰ ਦਿੱਤਾ ਜਾਂਦਾ ਹੈ, ਤਾਂ ਕਿ ਉਸ ਦੀ ਖ਼ੂਬਸੂਰਤ ਮੁਲਾਇਮ ਘੁੰਗਰਾਲੀ ਖੱਲ ਉਤਾਰ ਲਈ ਜਾਵੇ । ਅੱਜ ਫ਼ੈਸ਼ਨ ਦੀ ਦੁਨੀਆਂ ਵਿੱਚ ਸੱਪ ਅਤੇ ਮਗਰਮੱਛ ਦੀ ਖੱਲ ਦਾ ਬਹੁਤ ਮੁੱਲ ਹੈ । ਇਕ ਆਦਮੀ ਜਿਊਂਦੇ ਸੱਪ ਦਾ ਸਿਰ ਫੜ ਕੇ ਰੁੱਖ ਦੇ ਤਣੇ ਨਾਲ ਲਾ ਕੇ ਰੱਖਦਾ ਹੈ, ਦੂਜਾ ਆਦਮੀ ਸੱਪ ਦੇ ਸਿਰ ’ਤੇ ਵੱਡੀ ਸਾਰੀ ਮੇਖ ਰੱਖ ਕੇ ਹਥੌੜੇ ਨਾਲ ਠੋਕ ਦਿੰਦਾ ਹੈ ਅਤੇ ਤੀਜਾ ਆਦਮੀ ਸੱਪ ਦੀ ਪੂਛ ਜੋ ਧਰਤੀ ਨਾਲ ਲੱਗੀ ਹੁੰਦੀ ਹੈ ਉਸ ਨੂੰ ਪੈਰ ਨਾਲ ਨੱਪ ਕੇ ਇਕ ਚਾਕੂ ਨਾਲ ਸਿਰ ਤੋਂ ਪੂਛ ਤਕ ਸੱਪ ਨੂੰ ਚੀਰਾ ਦੇ ਦਿੰਦਾ ਹੈ । ਫਿਰ ਇਕ ਚੀਰਾ ਗਲ ਉੱਪਰ ਅਤੇ ਫਿਰ ਇਕ ਝਟਕੇ ਵਿੱਚ ਤੜਫ਼ ਰਹੇ ਸੱਪ ਦੀ ਖੱਲ ਕੇਲੇ ਦੇ ਛਿਲਕੇ ਵਾਂਙ ਉਸਦੇ ਸਰੀਰ ਤੋਂ ਉਤਾਰ ਦਿੱਤੀ ਜਾਂਦੀ ਹੈ । ਲਾਲ ਮਾਸ ਦਾ ਲੋਥੜਾ ਰੁੱਖ ਨਾਲ ਲਟਕਦਾ ਰਹਿ ਜਾਂਦਾ ਹੈ । ਇਸ ਭਿਆਨਕ ਮੌਤ ਦਾ ਨਤੀਜਾ ਹੁੰਦਾ ਹੈ—ਇਕ ਸੋਹਣਾ ਜਿਹਾ ਜੁੱਤੀ ਦਾ ਜੋੜਾ ਤੁਹਾਡੇ ਪੈਰ ਵਿੱਚ ਜਾਂ ਇਕ ਸੁੰਦਰ ਬੈਗ ਤੁਹਾਡੇ ਹੱਥ ਵਿੱਚ ।

(ਸਪਤਾਹਿਕ ਧਰਮ ਯੁੱਗ)



# ਐਕਸ-ਰੇ

ਜਿਸ ਬੰਦੇ ਨੇ ਐਕਸ-ਰੇ ਕਰਾਉਣਾ ਹੋਵੇ ਐਕਸ-ਰੇ ਵਾਲੇ ਕਮਰੇ ਵਿੱਚ ਕੇਵਲ ਉਹ ਇਕੱਲਾ ਰੋਗੀ ਹੀ ਜਾਵੇ; ਉਸਦੇ ਨਾਲ ਹੋਰ ਕੋਈ ਨਾ ਜਾਵੇ । ਜੇਕਰ ਉਹ ਇੰਨਾ ਕਮਜ਼ੋਰ ਹੋਵੇ ਕਿ ਉਸ ਨੂੰ ਇਕੱਲਾ ਨਾ ਛੱਡਿਆ ਜਾ ਸਕਦਾ ਹੋਵੇ ਜਾਂ ਬੱਚਾ ਹੋਵੇ ਤਾਂ ਵੱਧ ਤੋਂ ਵੱਧ ਇਕ ਬੰਦਾ ਉਸ ਨਾਲ ਰਹੇ ਅਤੇ ਉਸ ਨੂੰ ਕੇਵਲ ਉੱਥੇ ਖੜ੍ਹਾ ਹੋਣਾ ਚਾਹੀਦਾ ਹੈ ਜਿੱਥੇ ਖੜ੍ਹਾ ਹੋਣ ਲਈ ਉਸ ਨੂੰ ਐਕਸ-ਰੇ ਕਰਨ ਵਾਲਾ ਬੰਦਾ ਕਹੇ । ਜੇਕਰ ਐਕਸ-ਰੇ ਕਰਨ ਵਾਲਾ ਉਸ ਬੰਦੇ ਨੂੰ ਕੁਝ ਨਾ ਕਹੇ ਤਾਂ ਉਸ ਬੰਦੇ ਨੂੰ ਉੱਥੇ ਖੜ੍ਹਾ ਹੋਣਾ ਚਾਹੀਦਾ ਹੈ ਜਿੱਥੇ ਐਕਸ-ਰੇ ਕਰਨ ਵਾਲਾ ਬੰਦਾ ਖੜ੍ਹਾ ਹੋਣਾ ਹੁੰਦਾ ਹੈ । ਬੱਚਿਆਂ ਨੂੰ ਐਕਸ-ਰੇ ਤੋਂ ਦੂਰ ਰੱਖਣਾ ਬਹੁਤ ਜ਼ਰੂਰੀ ਹੈ ਕਿਉਂਕਿ ਬੱਚੇ ਦੇ ਵਧ ਫੁਲ ਰਹੇ ਸਰੀਰ ਦੇ ਅੰਗਾਂ ਉੱਪਰ ਕਿਰਨਾਂ ਘਾਤਕ ਅਸਰ ਕਰਦੀਆਂ ਹਨ । ਬੱਚਿਆਂ ਨੂੰ ਭੁੱਲ ਕੇ ਵੀ ਬਿਨਾਂ ਲੋੜ ਤੋਂ ਐਕਸ-ਰੇ ਕਮਰੇ ਵਿੱਚ ਨਹੀਂ ਲੈ ਜਾਣਾ ਚਾਹੀਦਾ। ਗਰਭਵਤੀ ਇਸਤਰੀ ਨੂੰ ਵੀ ਐਕਸ-ਰੇ ਤੋਂ ਬਚਣਾ ਬਹੁਤ ਜ਼ਰੂਰੀ ਹੈ । ਇਹ ਨਿਰਣਾ ਕਰਨਾ ਬਹੁਤ ਜ਼ਰੂਰੀ ਹੈ ਕਿ ਐਕਸ-ਰੇ ਕਰਾਉਣ ਦੀ ਲੋੜ ਹੈ ਜਾਂ ਨਹੀਂ । ਐਕਸ-ਰੇ ਕਰਾਉਣਾ ਕੋਈ ਖੇਡ-ਤਮਾਸ਼ਾ ਨਹੀਂ ਹੁੰਦਾ । ਐਕਸ-ਰੇ ਕੇਵਲ ਉਸੇ ਹਾਲਤ ਵਿੱਚ ਕਰਾਉਣਾ ਚਾਹੀਦਾ ਹੈ ਜਦੋਂ ਜਾਨ ਨੂੰ ਖ਼ਤਰਾ ਹੋਵੇ ਜਾਂ ਸਰੀਰਕ ਤੌਰ ’ਤੇ ਨਕਾਰਾ ਹੋ ਜਾਣ ਦਾ ਡਰ ਹੋਵੇ ।

-ਭਗਤ ਪੂਰਨ ਸਿੰਘ

# ਗੁਰਸਿੱਖ ਪਿਤਾ ਦਾ ਪੁੱਤਰ ਨੂੰ ਉਪਦੇਸ਼

ਭਾਈ ਸਾਹਿਬ ਭਾਈ ਜੋਧ ਸਿੰਘ ਜੀ ਇਕ ਮਹਾਨ ਵਿਦਵਾਨ ਗੁਰਸਿੱਖ ਹੋਏ ਹਨ । ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਰਹੇ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਵੀ ਰਹੇ ਸਨ । ਉਹਨਾਂ ਦਾ ਸਾਰਾ ਜੀਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵਿਚਾਰਨ ਤੇ ਗੁਰਮਤਿ ਦੇ ਗ੍ਰੰਥ ਲਿਖਣ ਵਿੱਚ ਬਤੀਤ ਹੋਇਆ । ਉਹ ਤੜਕੇ ਦੋ ਵਜੇ ਉੱਠ ਕੇ ਗੁਰਸਿੱਖੀ ਦੇ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਵਾਲੇ ਵਿਅਕਤੀ ਸਨ । **ਜਦ ਉਹਨਾਂ ਦੇ ਪੁੱਤਰ ਭਾਈ ਸੁੰਦਰ ਸਿੰਘ ਨੇ ਮੈਜਿਸਟਰੇਟ ਬਣ ਕੇ ਆਪਣੀ ਨੌਕਰੀ ਆਰੰਭ ਕੀਤੀ ਤਾਂ ਭਾਈ ਸਾਹਿਬ ਨੇ ਉਸ ਨੂੰ ਕਿਹਾ—"ਪੁੱਤਰ ਤੂੰ ਰਿਸ਼ਵਤ ਨਾ ਲਵੀਂ, ਪੁੱਤਰ ਤੂੰ ਆਪਣੀ ਤਨਖ਼ਾਹ ਵਿੱਚੋਂ ਸਦਾ ਦਸਵੰਧ ਕੱਢੀਂ ਤੇ ਕਿਸੇ ਨੂੰ ਸ਼ਰਾਬ ਨਾ ਪਿਲਾਈਂ । ਪੁੱਤਰ ਮੇਰੇ ਪਾਸ ਦਸਵੰਧ ਦੇ (੭) ਸੱਤ ਹਜ਼ਾਰ ਰੁਪਏ ਜਮ੍ਹਾਂ ਪਏ ਹਨ । ਇਹ ਰਕਮ ਤੂੰ ਜਾ ਕੇ ਕਿਸੇ ਯੋਗ ਥਾਂ 'ਤੇ ਦਾਨ ਦੇ ਆ ।" ਪੁੱਤਰ ੭ ਹਜ਼ਾਰ ਰੁਪਿਆ ਲੈ ਕੇ ਘਰੋਂ ਤੁਰਿਆ ਤੇ ਸ਼ਾਮ ਤਕ ੭ ਹਜ਼ਾਰ ਰੁਪਏ ਯੋਗ ਥਾਵਾਂ 'ਤੇ ਦਾਨ ਕਰਕੇ ਹੀ ਵਾਪਸ ਮੁੜਿਆ ।**

ਭਾਈ ਸਾਹਿਬ ਜਦ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ ਉਨ੍ਹਾਂ ਦੀ ਤਨਖ਼ਾਹ ੧੨੦੦ (ਬਾਰਾਂ ਸੌ) ਰੁਪਏ ਮਹੀਨਾ ਸੀ; ਪਰ ਜਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਹ ਵਾਈਸ-ਚਾਂਸਲਰ ਬਣੇ ਤਾਂ ਉਨ੍ਹਾਂ ਦੀ ਤਨਖ਼ਾਹ ੨੨੦੦ (ਬਾਈ ਸੌ ਰੁਪਏ) ਮਹੀਨਾ ਹੋ ਗਈ । ਉਸ ਵੇਲੇ ਉਨ੍ਹਾਂ ਨੇ ਆਪਣੇ ਪੁੱਤਰ ਭਾਈ ਸੁੰਦਰ ਸਿੰਘ ਨੂੰ ਕਿਹਾ, "ਪੁੱਤਰ ! ਜਦ ਮੇਰੀ ਤਨਖ਼ਾਹ ੧੨੦੦ ਰੁਪਏ ਮਹੀਨਾ ਸੀ, ਮੇਰਾ ਗੁਜ਼ਾਰਾ ਚੰਗੀ ਤਰ੍ਹਾਂ ਚੱਲ ਜਾਂਦਾ ਸੀ । ਹੁਣ ਇਹ ਤਨਖ਼ਾਹ ਇਕ ਹਜ਼ਾਰ ਵਧ ਗਈ ਹੈ; ਸੋ, ਵਧੇ ਹੋਏ ਇਕ ਹਜ਼ਾਰ ਰੁਪਏ ਦੀ ਮੈਨੂੰ ਆਪਣੇ ਜੀਵਨ ਨਿਰਬਾਹ ਲਈ ਲੋੜ ਨਹੀਂ । ਇਸ ਲਈ ਜੇ ਤੂੰ ਆਗਿਆ ਦੇਵੇਂ ਤਾਂ ਮੈਂ ਇਹ ਵਧੀ ਹੋਈ ਰਕਮ ਇਕ ਹਜ਼ਾਰ ਰੁਪਿਆ ਮਹੀਨਾ ਦਾਨ ਕਰਦਿਆਂ ਕਰਾਂ, ਕਿਉਂਕਿ ਮੇਰੀ ਜਾਇਦਾਦ ਦਾ ਵਾਰਸ ਤੂੰ ਹੀ ਬਣਨਾ ਹੈ ।" ਭਾਈ ਸੁੰਦਰ ਸਿੰਘ ਨੇ ਉੱਤਰ ਦਿੱਤਾ, "ਪਿਤਾ ਜੀ, ਤੁਸੀਂ ਮੇਰੀ ਇਤਨੀ ਪੜ੍ਹਾਈ ਕਰਾਈ ਹੈ ਕਿ ਮੈਂ ਇਸ ਸਮੇਂ ਡਿਪਟੀ-ਕਮਿਸ਼ਨਰ ਲੱਗਾ ਹੋਇਆ ਹਾਂ । ਮੈਂ ਆਪਣੀ ਤਨਖ਼ਾਹ ਨਾਲ ਚੰਗੀ ਤਰ੍ਹਾਂ ਜੀਵਨ ਨਿਰਬਾਹ ਕਰ ਸਕਦਾ ਹਾਂ, ਤੁਹਾਡੇ ਦਾਨ ਕਰਨ ਦੇ ਚਾਉ ਵਿੱਚ ਕਿਉਂ ਰੁਕਾਵਟ ਪਾਵਾਂ ।"

ਮੇਰੇ ਵੱਲੋਂ ਬੇਨਤੀ ਕਰਨ 'ਤੇ ਜਦੋਂ ਉਹ ਪਹਿਲੀ ਵਾਰ ਪਿੰਗਲਵਾੜੇ (ਸਰਕਾਰੀ ਹਸਪਤਾਲ ਨੇੜੇ ਨਿਕਾਸੀ ਕੋਠੀ) ਆਏ, ਉਸ ਵੇਲੇ ਅਪਾਹਿਜਾਂ ਦੀ ਗਿਣਤੀ ੯੦ ਦੇ ਕਰੀਬ ਹੋ ਗਈ ਸੀ । ਉਨ੍ਹਾਂ ਨੇ ਉਸੇ ਵੇਲੇ ਮੈਨੂੰ ੧੦੦ ਰੁਪਇਆ ਦਾਨ ਦਿੱਤਾ ਤੇ ਪੰਜ ਰੁਪਏ ਮਹੀਨਾ ਚੰਦਾ ਲਾ ਦਿੱਤਾ। ਉਹਨਾਂ ਨੇ ਲਿਖਿਆ ਕਿ



ਦਾਨ ਦੇਣਾ ਮੈਂ ਸੁਖਾਲਾ ਕੰਮ ਸਮਝਦਾ ਹਾਂ, ਪਰ ਹੱਥਾਂ ਨਾਲ ਬੇਆਸਰੇ ਰੋਗੀਆਂ ਦੀ ਸੇਵਾ ਕਰਨਾ ਬਹੁਤ ਔਖਾ ਕੰਮ ਹੈ; ਫੇਰ ਉਨ੍ਹਾਂ ਅਪਾਹਿਜ ਰੋਗੀਆਂ ਦੀ ਸੇਵਾ-ਸੰਭਾਲ ਕਰਨਾ ਜਿਨ੍ਹਾਂ ਤੋਂ ਛੂਤ ਦੀ ਬਿਮਾਰੀ ਲੱਗਣ ਦਾ ਡਰ ਹੋਵੇ । ਮੈਂ ਸਰਦੇ-ਪੁੱਜਦੇ ਸੱਜਣਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਭਗਤ ਜੀ ਨੂੰ ਮਾਇਆ ਦੀ ਥੁੜ ਨਾ ਆਉਣ ਦੇਣ । ਉਹ ਜਿੰਨਾ ਚਿਰ ਜਿਉਂਦੇ ਰਹੇ ਮੈਨੂੰ ਯਾਦ ਰੱਖਦੇ ਰਹੇ ।

-ਭਗਤ ਪੂਰਨ ਸਿੰਘ

---

# ਭਾਰੇ ਫ਼ਿਕਰਾਂ

ਨਾਲ ਜਿਊਣ ਦੇ ਹਾਲਾਤ ਪੈਦਾ ਹੋ ਚੁੱਕੇ ਹਨ, ਦੁਨੀਆਂ ਦੇ ਬੰਦਿਓ ! ਤੁਸੀਂ ਇਹਨਾਂ ਹਾਲਾਤਾਂ ਨੂੰ ਲਗਾਤਾਰ ਹਰ ਪਲ ਹੋਰ ਵੱਧ ਤੋਂ ਵੱਧ ਵਿਗਾੜਦੇ ਜਾ ਰਹੇ ਹੋ। ਅਮਨ ਤੇ ਖੁਸ਼ਹਾਲੀ ਨਾਲ ਜਿਊਣ ਲਈ ਤੁਹਾਨੂੰ ਭਾਰੇ ਫ਼ਿਕਰਾਂ ਨਾਲ ਜਿਊਣਾ ਪਵੇਗਾ । ਜਿਹੜੇ ਬੰਦੇ ਅਜਿਹਾ ਨਹੀਂ ਕਰਿਆ ਕਰਦੇ ਉਹ ਭਾਰੀਆਂ ਸਜ਼ਾਵਾਂ ਭੁਗਤਿਆ ਕਰਦੇ ਹਨ। ਜੇ ਤੁਸੀਂ ਭਾਰੇ ਫ਼ਿਕਰਾਂ ਨਾਲ ਜਿਊਂਦੇ ਹੋਏ ਸੰਸਾਰ ਦੇ ਵਿਗੜ ਰਹੇ ਹਾਲਾਤ ਦੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਨਹੀਂ ਕਰੋਗੇ ਤਾਂ ਤੁਹਾਡੀਆਂ ਇਨ੍ਹਾਂ ਅਣਗਹਿਲੀਆਂ ਦੀਆਂ ਸਜ਼ਾਵਾਂ ਤੁਹਾਨੂੰ ਮਿਲਣੀਆਂ ਹਨ ਤੇ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਮਿਲਣਗੀਆਂ । ਇਕ ਸਜ਼ਾ ਭਾਰੇ ਅੰਨ-ਸੰਕਟ ਦੀ ਹੋਵੇਗੀ। ਡੇਢ ਕਰੋੜ ਬੰਦੇ ਹਰ ਸਾਲ ਭੁੱਖ ਨਾਲ ਮਰਨਗੇ, ਸੌ ਸਾਲ ਉਹ ਕਾਲ ਜਾਵੇਗਾ, ਮੌਸਮ ਬਦਲ ਜਾਣਗੇ, ਬਰਫ਼ਾਨੀ ਯੁੱਗ ਆ ਜਾਵੇਗਾ, ਧਰਤੀ ਰੇਤਾ ਹੋ ਜਾਵੇਗੀ । ਇਨ੍ਹਾਂ ਸਾਰੀਆਂ ਗੱਲਾਂ ਦਾ ਭੇਦ ਪਾਉਣ ਲਈ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਵੋ ਤੇ ਉੱਥੋਂ ਇਨ੍ਹਾਂ ਸਾਰੀਆਂ ਗੱਲਾਂ 'ਤੇ ਵਿਸਥਾਰ ਨਾਲ ਚਾਨਣਾ ਪਾਉਣ ਵਾਲੇ ਮੁਫ਼ਤ ਵੰਡੇ ਜਾ ਰਹੇ ਪਿੰਗਲਵਾੜੇ ਦੇ ਇਸ਼ਤਿਹਾਰਾਂ ਅਤੇ ਮੁਫ਼ਤ ਦਿੱਤੇ ਜਾ ਰਹੇ ਲਿਟਰੇਚਰ ਨੂੰ ਪੜ੍ਹੋ । ਇਹੋ ਇਕੋ ਇਕ ਰਸਤਾ ਤੁਹਾਡੇ ਬਚਣ ਦਾ ਹੈ ।

-ਭਗਤ ਪੂਰਨ ਸਿੰਘ

# ਜੀਵਨ ਦੀ ਸਾਦਗੀ ਨਾ ਛੱਡੋ

ਰੁੱਖਾਂ ਦੀ ਘਾਟ ਦੇ ਕਾਰਨ ਸਾਡੀ ਫੌਜ ਨੂੰ ਆਪਣੇ ਟੈਂਕਾਂ ਤੇ ਟਰੱਕਾਂ ਨੂੰ ਹਵਾਈ ਜਹਾਜ਼ਾਂ ਦੀ ਮਾਰ ਤੋਂ ਬਚਾਉਣ ਲਈ ਹਰੇ ਰੰਗ ਦੀ ਸੂਤਰ ਦੀ ਜਾਲੀ ਨਾਲ ਢੱਕਣਾ ਪੈਂਦਾ ਹੈ । ਉਸ ਜਾਲੀ 'ਤੇ ਕਰੋੜਾਂ ਰੁਪਏ ਫ਼ੌਜ ਨੂੰ ਖ਼ਰਚਣੇ ਪੈਂਦੇ ਹਨ । ਉਹ ਧੁੱਪ ਤੇ ਵਰਖ਼ਾ ਦੀ ਮਾਰ ਨਾਲ ਛੇਤੀ ਗਲ ਜਾਂਦੀ ਹੈ । ਜੇ ਰੁੱਖ ਲੋੜੀਂਦੀ ਸੰਖਿਆ ਵਿੱਚ ਹੋਣ ਤਾਂ ਜਾਲੀ ਦੀ ਲੋੜ ਨਾ ਪਵੇ । ਰੁੱਖਾਂ ਦੇ ਪੱਤਿਆਂ, ਟਾਹਣੀਆਂ 'ਤੇ ਜਿਹੜੀਆਂ ਮੀਂਹ ਦੀਆਂ ਕਣੀਆਂ ਡਿੱਗਦੀਆਂ ਹਨ ਉਹਨਾਂ ਦਾ ਪਾਣੀ ਹੌਲੀ-ਹੌਲੀ ਧਰਤੀ 'ਤੇ ਉੱਤਰਦਾ ਤੇ ਸਿੰਮਦਾ ਹੈ । ਉਹ ਪਾਣੀ ਖੂਹਾਂ ਵਿੱਚ ਆਉਂਦਾ ਹੈ; ਪਰ ਰੁੱਖਾਂ ਦੀ ਘਾਟ ਦੇ ਕਾਰਣ ਪਹਾੜਾਂ ਦੇ ਚਸ਼ਮੇ ਸੁੱਕ ਰਹੇ ਹਨ ਤੇ ਮੈਦਾਨਾਂ ਵਿੱਚ ਪਾਣੀ ਦੀ ਜ਼ਬਰਦਸਤ ਘਾਟ ਪੈਦਾ ਹੋ ਜਾਣ ਵਾਲੀ ਹੈ । ਪਹਾੜਾਂ ਦੇ ਬੰਦੇ ਚਸ਼ਮਿਆਂ ਦੇ ਸੁੱਕਣ ਨਾਲ ਪਿਆਸੇ ਮਰ ਰਹੇ ਹਨ ਤੇ ਖੂਹਾਂ ਦੇ ਸੁੱਕਣ ਨਾਲ ਮੈਦਾਨਾਂ ਦੇ ਬੰਦਿਆਂ ਨੇ ਭੀ ਪਿਆਸੇ ਮਰਨਾ ਹੈ । ਪਿਛਲੇ ਚਾਲੀ ਸਾਲਾਂ ਵਿੱਚ ਜਿੰਨੀ ਰੁੱਖਾਂ ਦੀ ਕਟਾਈ ਭਾਰਤ ਵਿੱਚ ਹੋਈ ਹੈ ਓਨੀ ਕਿਸੇ ਹੋਰ ਦੇਸ਼ ਵਿੱਚ ਨਹੀਂ ਹੋਈ । ਅਮੀਰਾਂ ਦੇ ਘਰਾਂ ਵਿੱਚ ਰੋਟੀ ਖਾਣ ਲਈ ਕਈ-ਕਈ ਦਾਲਾਂ, ਸਬਜ਼ੀਆਂ ਤੇ ਹੋਰ ਕਈ ਵਸਤੂਆਂ ਦੀ ਅੰਨ੍ਹੇਵਾਹ ਵਰਤੋਂ ਹੁੰਦੀ ਹੈ; ਇਸ ਤੋਂ ਛੁੱਟ ਜਣਾ-ਖਣਾ ਘਰ ਵਿੱਚ ਰੋਟੀ ਖਾਣ ਲਈ ਮੇਜ਼ ਕੁਰਸੀਆਂ ਰੱਖਣ ਲੱਗ ਪਿਆ ਹੈ । ਮੇਜ਼ਾਂ, ਕੁਰਸੀਆਂ ਤੇ ਕੰਧਾਂ ਦੀ ਸਜਾਵਟ ਲਈ ਅੰਨ੍ਹੇਵਾਹ ਲੱਕੜ ਦੀ ਵਰਤੋਂ ਹੋ ਰਹੀ ਹੈ । ਹੁਣ ਤਾਂ ਇੱਟਾਂ ਦੇ ਭੱਠੇ ਵੀ ਲੱਕੜ ਨਾਲ ਪੱਕਣ ਲੱਗ ਪਏ ਹਨ ਤੇ ਸੜਕਾਂ ਦੀ ਲੁੱਕ ਵੀ ਲੱਕੜਾਂ ਨਾਲ ਹੀ ਪਿਘਲਾਈ ਜਾ ਰਹੀ ਹੈ । ਮੈਂ ਇਕ ਪਿੰਡ ਦੇ ਅਮੀਰ ਘਰ ਵਿੱਚ ਜੰਮਿਆ ਪਲਿਆ ਹਾਂ । ਸਾਡੇ ਘਰ ਵਿੱਚ ਕੋਈ ਕੁਰਸੀ ਮੇਜ਼ ਨਹੀਂ ਸੀ । ਮੇਰੀ ਮਾਂ ਪਾਸ ਚਰਖਾ ਕੱਤਣ ਲਈ ਛੋਟੀ ਜਿਹੀ ਇਕ ਪੀੜ੍ਹੀ ਹੁੰਦੀ ਸੀ । ਆਏ-ਗਏ ਦੇ ਬੈਠਣ ਲਈ ਗੰਨੇ ਦੀ ਪੱਛੀ ਦੇ ਮੂੜ੍ਹੇ ਹੁੰਦੇ ਸਨ । ਰੋਟੀ ਮੂੜ੍ਹਿਆਂ 'ਤੇ ਬੈਠ ਕੇ ਖਾਧੀ ਜਾਂਦੀ ਸੀ । ਸੋਫਾ ਸੈੱਟਾਂ ਦਾ ਰਿਵਾਜ ਪੈ ਰਿਹਾ ਹੈ । ਖਾਣਾ ਖਾਣ ਲਈ ਬੰਦਾ ੧੫ ਮਿੰਟ ਖ਼ਰਚ ਕਰਦਾ ਹੈ, ਪਰ ਕੁਰਸੀਆਂ ਤੇ ਮੇਜ਼ ਕਮਰੇ ਨੂੰ ੨੪ ਘੰਟੇ ਮੱਲ ਕੇ ਰੱਖਦੇ ਹਨ । ਘਰਾਂ ਵਿੱਚ ਦੋ ਦੋ ਤਖ਼ਤਪੋਸ਼ ਵਰਗੇ ਮੰਜੇ ਡਾਹੇ ਜਾਂਦੇ ਹਨ ਜਿਨ੍ਹਾਂ ਨੂੰ ਡਬਲ-ਬੈੱਡ ਕਿਹਾ ਜਾਂਦਾ ਹੈ । ਉਨ੍ਹਾਂ ਨੂੰ ਬਣਾਉਣ ਲਈ ਜਿੱਥੇ ਲੱਕੜ ਬਹੁਤ ਵਰਤੀ ਜਾਂਦੀ ਹੈ ਉੱਥੇ ਉਨ੍ਹਾਂ ਨੇ ਘਰਾਂ ਵਿੱਚ ਨਾ ਚਾਰ ਬੰਦਿਆਂ ਦੇ ਬੈਠਣ ਲਈ ਜਗ੍ਹਾ ਛੱਡੀ ਹੁੰਦੀ ਹੈ ਨਾ ਬੱਚਿਆਂ ਦੇ ਖੇਡਣ ਲਈ ਕੋਈ ਥਾਂ ਛੱਡੀ ਹੁੰਦੀ ਹੈ । ਰੁੱਖਾਂ ਦੀ ਅੰਨ੍ਹੇਵਾਹ ਵਢਾਈ ਨਾਲ ਧਰਤੀ ਰੇਤ ਦੇ ਮਾਰੂਥਲ ਬਣਦੀ ਜਾ ਰਹੀ ਹੈ ।



# ਪੈਦਲ ਤੁਰੋ

ਸਰੀਰ ਦੀ ਕਸਰਤ ਤੋਂ ਬਿਨਾਂ ਬੰਦਾ ਤੰਦਰੁਸਤ ਨਹੀਂ ਰਹਿ ਸਕਦਾ । ਸਰੀਰ ਦੀ ਜਿੰਨੀ ਸ਼ਕਤੀ ਸਾਢੇ ਅੱਠ ਮੀਲ ਪੈਦਲ ਤੁਰਨ ਵਿੱਚ ਖ਼ਰਚ ਹੁੰਦੀ ਹੈ ਓਨੀ ਸ਼ਕਤੀ ਪ੍ਰਤੀ-ਦਿਨ ਹਰ ਬੰਦੇ ਨੂੰ ਸਰੀਰ ਦੀ ਕਸਰਤ ਦੇ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਖ਼ਰਚ ਕਰਨੀ ਚਾਹੀਦੀ ਹੈ; ਨਹੀਂ ਤਾਂ ਉਸ ਨੂੰ ਪਿਸ਼ਾਬ ਵਿੱਚ ਸ਼ੱਕਰ ਦਾ ਰੋਗ, ਲਹੂ ਦਾ ਦਬਾਅ, ਗੰਠੀਆ, ਅੰਗੂਠੇ ਦਾ ਰੋਗ, ਗੋਡਿਆਂ ਦੀ ਦਰਦ ਆਦਿਕ ਕਈ ਰੋਗ ਲੱਗ ਸਕਦੇ ਹਨ । ਉਹ ਧਨੀ ਇਸਤਰੀਆਂ ਜਿਹੜੀਆਂ ਘਰਾਂ ਵਿੱਚ ਵਿਹਲੀਆਂ ਬੈਠੀਆਂ ਰਹਿੰਦੀਆਂ ਹਨ ਤੇ ਪੈਦਲ ਤੁਰਨ ਨੂੰ ਆਪਣੀ ਹੇਠੀ ਸਮਝਦੀਆਂ ਹਨ, ਇਹਨਾਂ ਰੋਗਾਂ ਦਾ ਸ਼ਿਕਾਰ ਹੁੰਦੀਆਂ ਹਨ । ਪੰਜਾਹ ਸਾਲ ਦੀ ਉਮਰ ਤੋਂ ਪਹਿਲਾਂ ਹੀ ਉਨ੍ਹਾਂ ਦੇ ਗੋਡਿਆਂ ਵਿੱਚ ਦਰਦ ਹੋਣ ਲੱਗ ਪਿਆ ਕਰਦਾ ਹੈ ਤੇ ਉਹਨਾਂ ਦਾ ਬੁਢਾਪਾ ਗੋਡਿਆਂ ਦੇ ਦਰਦ ਕਾਰਨ ਤਖ਼ਤਪੋਸ਼ਾਂ 'ਤੇ ਲੇਟਿਆਂ ਪਿਆ ਹੀ ਲੰਘਿਆ ਕਰਦਾ ਹੈ । ਸ਼ੇਖ ਸਾਅਦੀ ਈਰਾਨ ਦੇਸ਼ ਦਾ ਪ੍ਰਸਿੱਧ ਫ਼ਿਲਾਸਫ਼ਰ ਹੋਇਆ ਹੈ । ਉਸ ਦਾ ਕਥਨ ਹੈ ਕਿ ਕਿਸ਼ਤੀ ਆਪਣੇ ਢਿੱਡ ਦੇ ਬੋਝ ਨਾਲ ਡੁੱਬਦੀ ਹੁੰਦੀ ਹੈ । ਇਸ ਦਾ ਭਾਵ ਅਰਥ ਹੈ ਕਿ ਜਿਹੜੇ ਬੰਦੇ ਆਪਣਾ ਖ਼ਰਚ ਵਧਾ ਲੈਣ ਤੇ ਇਮਾਨਦਾਰੀ ਦੀ ਆਮਦਨ ਨਾਲ ਉਹ ਖ਼ਰਚ ਪੂਰੇ ਨਾ ਹੁੰਦੇ ਹੋਣ, ਤਾਂ ਉਹ ਉਨ੍ਹਾਂ ਖ਼ਰਚਾਂ ਨੂੰ ਬੇਈਮਾਨੀ ਨਾਲ ਹੀ ਪੂਰਾ ਕਰ ਸਕਦੇ ਹੁੰਦੇ ਹਨ । ਇਮਾਨਦਾਰ ਰਹਿਣ ਲਈ ਉਨ੍ਹਾਂ ਖ਼ਰਚਾਂ ਨੂੰ ਘਟਾਉਣ ਦੀ ਲੋੜ ਹੁੰਦੀ ਹੈ ਜਿਨ੍ਹਾਂ ਖ਼ਰਚਾਂ ਨੂੰ ਕਰਨ ਦੀ ਮਾਇਕ ਸਮਰੱਥਾ ਨਾ ਹੋਵੇ । ਜਿਹੜਾ ਬੰਦਾ ਇਮਾਨਦਾਰ ਰਹਿਣਾ ਚਾਹੇਗਾ ਉਸ ਨੂੰ ਉਨ੍ਹਾਂ ਚੀਜ਼ਾਂ ਦੀ ਵਰਤੋਂ ਨਹੀਂ ਕਰਨੀ ਪਵੇਗੀ ਜਿਨ੍ਹਾਂ ਬਿਨਾਂ ਕੰਮ ਸਰ ਸਕਦਾ ਹੋਵੇ । ਜਿਹੜੇ ਬੰਦੇ ਇਮਾਨਦਾਰ ਰਹਿਣਾ ਜ਼ਰੂਰੀ ਨਾ ਸਮਝਦੇ ਹੋਣ ਉਹ ਖ਼ਰਚ ਵਧਾਉਣ ਲੱਗਿਆਂ ਸੰਕੋਚ ਨਹੀਂ ਕਰਦੇ ਹੁੰਦੇ । ਢਾਈ ਸੌ ਸਾਲ ਦੇ ਮਸ਼ੀਨੀ ਜ਼ਮਾਨੇ ਵਿੱਚ ਅਜਿਹੀਆਂ ਚੀਜ਼ਾਂ ਪੈਦਾ ਹੋ ਚੁੱਕੀਆਂ ਹਨ ਜਿਨ੍ਹਾਂ ਦੀ ਵਰਤੋਂ ਬੰਦੇ ਨੂੰ ਕਈ ਕਿਸਮਾਂ ਦੇ ਨੁਕਸਾਨ ਪਹੁੰਚਾ ਰਹੀ ਹੁੰਦੀ ਹੈ; ਪਰ ਅਮੀਰ ਬੰਦੇ ਜਿਨ੍ਹਾਂ ਪਾਸ ਅੰਨ੍ਹੇਵਾਹ ਧਨ ਆ ਰਿਹਾ ਹੁੰਦਾ ਹੈ ਉਹ ਆਪਣੇ ਵਡੱਪਣ ਨੂੰ ਪ੍ਰਗਟ ਕਰਨ ਜਾਂ ਸੁਖ-ਰਹਿਣਾ ਜੀਵਨ ਬਿਤਾਉਣ ਲਈ ਨਵੀਂ ਤੋਂ ਨਵੀਂ ਚੀਜ਼ ਵਰਤਣ ਲੱਗ ਪੈਂਦੇ ਹਨ । ਉਨ੍ਹਾਂ ਨੇ ਆਪਣੀ ਅਮੀਰੀ ਦਾ ਵਿਖਾਵਾ ਕਰ ਡੁੱਬਣਾ ਹੁੰਦਾ ਹੈ ਤੇ ਆਪਣੇ ਨਾਲ ਉਹ ਹੋਰਨਾਂ ਨੂੰ ਡੁੱਬਣ ਦੇ ਰਾਹ 'ਤੇ ਤੋਰਦੇ ਹਨ । ਅਮਰੀਕਾ ਦੇ ਮਾਸਿਕ-ਪੱਤਰ 'ਰੀਡਰਜ਼ ਡਾਈਜੈਸਟ' ਵਿੱਚ ਇਕ ਲੇਖ ਨਿਕਲਿਆ ਸੀ ਕਿ ਅਸੀਂ ਬਹੁਤੇ ਗ਼ਰੀਬ ਨਹੀਂ ਹਾਂ ਬਲਕਿ ਆਪਣੀ ਬੇਅਕਲੀ ਨਾਲ ਉਨ੍ਹਾਂ

ਚੀਜ਼ਾਂ ਦੀ ਅਣਹੋਂਦ ਕਾਰਨ ਆਪਣੇ ਆਪ ਨੂੰ ਗ਼ਰੀਬ ਸਮਝਣ ਲੱਗ ਪੈਂਦੇ ਹਾਂ ਜਿਨ੍ਹਾਂ ਚੀਜ਼ਾਂ ਬਿਨਾਂ ਸਾਡਾ ਕੰਮ ਸਰ ਸਕਦਾ ਹੋਵੇ ਅਤੇ ਉਹਨਾਂ ਨੂੰ ਵਰਤਣਾ ਜ਼ਰੂਰੀ ਨਾ ਹੋਵੇ ।

ਅਰਾਮ ਤਲਬੀ ਜਾਂ ਵਡੱਪਣ ਦੇ ਪ੍ਰਗਟਾਵੇ ਲਈ ਲੇਖਕ ਨੇ ਇਕ ਮਿਸਾਲ ਦਿੱਤੀ ਸੀ ਕਿ ਮੇਰੇ ਗੁਆਂਢ ਇਕ ਜੋੜਾ ਪਤੀ-ਪਤਨੀ ਰਹਿੰਦੇ ਹਨ, ਉਹ ਗਰਮੀਆਂ ਦੇ ਹਰ ਮੌਸਮ ਵਿੱਚ ਆਪਣੀ ਮੋਟਰਕਾਰ ਰਾਹੀਂ ਪਹਾੜਾਂ ਨੂੰ ਜਾਂਦੇ ਹਨ । ਉਨ੍ਹਾਂ ਨੇ ਮੋਟਰਕਾਰ ਲੈ ਕੇ ਆਪਣਾ ਖ਼ਰਚ ਵਧਾ ਲਿਆ ਹੈ । ਸੰਨ ੧੯੬੯ ਦੇ ਦਸੰਬਰ ਮਹੀਨੇ ਦੀ ੨੯ ਤਾਰੀਖ਼ ਦਿੱਲੀ ਦੇ 'ਹਿੰਦੁਸਤਾਨ ਟਾਈਮਜ਼' ਅਖ਼ਬਾਰ ਵਿੱਚ ਇਕ ਲੇਖ ਆਇਆ ਹੈ ਜਿਸ ਵਿੱਚ ਦੱਸਿਆ ਗਿਆ ਸੀ ਕਿ ਅਮਰੀਕਾ ਦੇ ਹਰ ਪਰਿਵਾਰ ਦੀ ਆਮਦਨ ਦਾ ਚੌਥਾ ਹਿੱਸਾ ਮੋਟਰਕਾਰਾਂ ਦੇ ਰੱਖ ਰਖਾਉ 'ਤੇ ਖ਼ਰਚ ਹੋ ਰਿਹਾ ਹੈ । ਮੋਟਰਕਾਰਾਂ 'ਤੇ ਹੋ ਰਹੇ ਅਮਰੀਕਾ ਦੇਸ਼ ਦੇ ਧਨ ਦੇ ਉਜਾੜੇ ਦੀ ਉਸਨੇ ਇਕ ਹੋਰ ਮਿਸਾਲ ਦਿੱਤੀ ਹੈ ਕਿ ੧੦੦ ਹਾਰਸ ਪਾਵਰ ਦਾ ਇੰਵਣ ਜਿਸ ਕਾਰ ਦਾ ਹੁੰਦਾ ਹੈ ਉਸ ਵਿੱਚ ਇਕ ਸਵਾਰ ਬੈਠਾ ਹੁੰਦਾ ਹੈ ਤੇ ੧੦੦ ਵਿੱਚੋਂ ੮੦ ਕਾਰਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਇਕ ਆਦਮੀ ਬੈਠਾ ਹੁੰਦਾ ਹੈ । ਸੌ ਹਾਰਸ ਪਾਵਰ ਦਾ ਇੰਵਣ ਸ਼ਾਇਦ ਬੱਸ ਜਾਂ ਟਰੱਕ ਦਾ ਇੰਵਣ ਹੁੰਦਾ ਹੋਵੇਗਾ । ਉਸ ਨੇ ਲਿਖਿਆ ਸੀ ਕਿ ਬੱਸਾਂ ਚਲਾਈਆਂ ਜਾ ਸਕਦੀਆਂ ਹਨ; ਪਰ ਅਮਰੀਕਾ ਦਾ ਹਰ ਇਕ ਆਦਮੀ ਆਪਣੀ ਕਾਰ ਰੱਖ ਰਿਹਾ ਹੈ । ਅਮਰੀਕਾ ਦੇ ਬੰਦੇ ਬੱਸਾਂ ਵਿੱਚ ਸਫ਼ਰ ਕਰਕੇ ਮੋਟਰਕਾਰਾਂ ਵੱਲੋਂ ਹੋ ਰਹੇ ਧਨ ਦੇ ਉਜਾੜੇ ਤੋਂ ਬਚ ਸਕਦੇ ਹਨ, ਪਰ ਨਹੀਂ ਬਚਦੇ । ਪੈਟਰੋਲ ਦੇ ਸੜਨ ਨਾਲ ਸਮੁੰਦਰ ਦੇ ਬਰਫ਼ ਦੇ ਪਹਾੜ ਪਿਘਲ ਜਾਣਗੇ ਅਤੇ ਉਨ੍ਹਾਂ ਦੇ ਪਿਘਲਣ ਨਾਲ ਸਮੁੰਦਰ ਦੇ ਕਿਨਾਰੇ ਦੇ ਕਰੋੜਾਂ ਬੰਦੇ ਪਾਣੀ ਵਿੱਚ ਡੁੱਬ ਕੇ ਮਰ ਜਾਣਗੇ । ਹਵਾ ਵਿੱਚ ਖਿਲਾਰੀਆਂ ਹੋਈਆਂ ਕਾਰਾਂ ਦੀਆਂ ਜ਼ਹਿਰਾਂ ਬੁੱਢਿਆਂ ਤੇ ਕਮਜ਼ੋਰ ਬੰਦਿਆਂ ਨੂੰ ਛਾਤੀ ਦੇ ਰੋਗ ਪੈਦਾ ਕਰਕੇ ਉਹਨਾਂ ਦਾ ਜਿਉਣਾ ਦੁਭਰ ਕਰ ਦੇਣਗੀਆਂ । ਐਕਸੀਡੈਂਟਾਂ ਨਾਲ ਬਿਨ ਆਈਆਂ ਮੌਤਾਂ ਨਾਲ ਹਜ਼ਾਰਾਂ ਬੰਦੇ ਮਰ ਜਾਣਗੇ, ਮੋਟਰਕਾਰਾਂ ਦੀ ਹਵਾ ਵਿੱਚ ਫੈਲਾਈ ਜ਼ਹਿਰ ਨੇ ਲੋਕਾਂ ਨੂੰ ਵੱਡੇ-ਵੱਡੇ ਸ਼ਹਿਰਾਂ ਤੋਂ ਬਾਹਰ ਕੱਢ ਕੇ ਬਾਹਰਲੀਆਂ ਅਬਾਦੀਆਂ ਨੂੰ ਤੋਰ ਦਿੱਤਾ ਹੈ ਤਾਂ ਜੋ ਉਹਨਾਂ ਨੂੰ ਚੰਗੀ ਹਵਾ ਮਿਲ ਸਕੇ । ਇਹ ਸਭ ਤਬਾਹੀਆਂ ਪੈਦਲ ਤੁਰਨਾ ਛੱਡਣ ਤੇ ਹੰਕਾਰ ਦੇ ਪ੍ਰਗਟਾਵਿਆਂ ਤੇ ਅਰਾਮ-ਤਲਬੀ ਲਈ ਵਰਤੀਆਂ ਜਾ ਰਹੀਆਂ ਕਾਰਾਂ ਤੇ ਸਕੂਟਰਾਂ ਦੀ ਵਰਤੋਂ ਨਾਲ ਪੈਦਾ ਹੋ ਰਹੀਆਂ ਹਨ । ਫ਼ਾਰਸੀ ਭਾਸ਼ਾ ਦਾ ਅਖਾਣ ਹੈ 'ਗ਼ਲਤ-ਉਲ ਆਮ ਸਹੀ' ਅਰਥਾਤ ਜਿਸ ਗ਼ਲਤ ਕੰਮ ਨੂੰ ਆਮ ਬੰਦੇ ਕਰ ਰਹੇ ਹੋਣ ਉਹ ਗ਼ਲਤ ਹੁੰਦਿਆਂ ਵੀ ਸਹੀ ਕੰਮ ਸਮਝਿਆ ਜਾਣ ਲੱਗ



ਪੈਂਦਾ ਹੈ । ਜਦ ਇਕ ਹੋਸ਼ ਸੰਭਾਲਣ ਵਾਲਾ ਨੌਜਵਾਨ ਹਰ ਸਰਕਾਰੀ ਦਫ਼ਤਰ ਵਿੱਚ ਰਿਸ਼ਵਤ ਲਈ ਜਾਂਦੀ ਵੇਖਦਾ ਹੈ, ਹਰ ਦੁਕਾਨ ਵਿੱਚ ਚੋਰ-ਬਜ਼ਾਰੀ ਹੋ ਰਹੀ ਵੇਖਦਾ ਹੈ, ਉਹ ਵੇਖਦਾ ਹੈ ਕਿ ਦੁਕਾਨਦਾਰ ਵੱਧ ਪੈਸੇ ਲੈ ਕੇ ਘੱਟ ਪੈਸਿਆਂ ਦੀ ਰਸੀਦ ਦੇ ਕੇ ਚੋਰ-ਬਜ਼ਾਰੀ ਕਰਦਾ ਹੈ, ਤਾਂ ਉਹ ਸਮਝਣ ਲੱਗ ਪੈਂਦਾ ਹੈ ਕਿ ਨਾ ਰਿਸ਼ਵਤ ਲੈਣੀ ਮਾੜਾ ਕੰਮ ਹੈ ਤੇ ਨਾ ਚੋਰ-ਬਜ਼ਾਰੀ ਕਰਨਾ ਮਾੜਾ ਕੰਮ ਹੈ । ਸਾਡੇ ਦੇਸ਼ ਵਿੱਚ ਸਕੂਟਰਾਂ, ਕਾਰਾਂ ਦੀ ਜਿਹੜੀ ਹਨੇਰੀ ਵਗ ਰਹੀ ਹੈ ਇਨ੍ਹਾਂ ਦੀ ਵਰਤੋਂ ਵਿੱਚ ਰਿਸ਼ਵਤ, ਚੋਰ-ਬਜ਼ਾਰੀ ਤੇ ਮਿਲਾਵਟ ਦਾ ਬਹੁਤਾ ਹਿੱਸਾ ਹੈ । ਅਮਰੀਕਾ ਦੇ ਰਸਾਲੇ 'ਰੀਡਰਜ਼ ਡਾਈਜੈਸਟ' ਨੇ ਇਹ ਵੀ ਲਿਖਿਆ ਸੀ ਕਿ ਜਿਹੜਾ ਆਦਮੀ ਨਿਗੂਣੇ ਖ਼ਰਚ ਵਧਾ ਲਵੇ, ਉਹ ਦਾਨ-ਪੁੰਨ ਨਹੀਂ ਕਰ ਸਕਦਾ । ਉਹ ਬਾਲ-ਬੱਚੇ ਵਾਲੀ ਵਿਧਵਾ ਜਾਂ ਗ਼ਰੀਬ ਭੈਣ ਨੂੰ ਪੈਸੇ ਨਹੀਂ ਦੇਵੇਗਾ । ਜਿਹੜੇ ਬੰਦੇ ਸਕੂਟਰਾਂ ਤੇ ਕਾਰਾਂ 'ਤੇ ਪੈਸੇ ਖ਼ਰਚ ਕਰ ਰਹੇ ਹਨ ਉਨ੍ਹਾਂ ਵਿੱਚੋਂ ਸੌ ਵਿੱਚੋਂ ਦੋ ਵੀ ਅਜਿਹੇ ਨਹੀਂ ਹੋਣਗੇ ਜਿਹੜੇ ਰੱਬ ਅਤੇ ਗੁਰੂ ਦੇ ਲੇਖੇ ਦਸਵੰਧ ਕੱਢਦੇ ਹੋਣ । ਉੱਚੇ ਦਰਜੇ ਦੇ ਬੰਦਿਆਂ ਦੇ ਚੰਗੇ-ਮੰਦੇ ਜੀਵਨ ਦੀ ਮਿਸਾਲ ਹੀ ਹੇਠਲੇ ਦਰਜੇ ਦੇ ਲੋਕਾਂ ਨੂੰ ਚੰਗਾ ਜਾਂ ਮਾੜਾ ਜੀਵਨ ਬਤੀਤ ਕਰਨ ਦੇ ਪਾਸੇ ਤੋਰਨ ਵਾਲੀ ਹੁੰਦੀ ਹੈ । ਸਾਢੇ ਅੱਠ ਮੀਲ ਸਾਢੇ ਤੇਰਾਂ ਕਿਲੋਮੀਟਰ ਤੋਂ ਵੱਧ ਵਾਟ ਹੁੰਦੀ ਹੈ । ਮੋਟਰਕਾਰਾਂ ਦੀ ਅਵਾਜ਼ ਲੋਕਾਂ ਨੂੰ ਬੋਲੇ ਬਣਾ ਰਹੀ ਹੈ ਤੇ ਡਰਾ-ਡਰਾ ਕੇ ਭਾਜੜਾਂ ਪਾਉਂਦੀ ਹੈ । ਲੋਕਾਂ ਨੂੰ ਰੋਗਾਂ ਭਰੀ ਗਰਦ ਵਾਲੀ ਹਵਾ ਵਿੱਚੋਂ ਸਾਹਾਂ ਰਾਹੀਂ ਫੇਫੜਿਆਂ ਦਾ ਰੋਗ ਕਰਦੀ ਹੈ । ਰੋਗਾਂ ਭਰੀ ਗਰਦ ਤੰਦੂਰਾਂ ਦੀਆਂ ਦਾਲਾਂ, ਰੋਟੀਆਂ, ਦੁੱਧ, ਦਹੀਂ ਤੇ ਹੋਰ ਵਸਤੂਆਂ 'ਤੇ ਪੈ ਕੇ ਸਾਹਾਂ ਰਾਹੀਂ ਫੇਫੜਿਆਂ ਵਿੱਚ ਜਾਂਦੀ ਹੈ ।

ਸਿਹਤ ਨੂੰ ਠੀਕ ਰੱਖਣ ਲਈ ਸਰੀਰ ਦੀ ਕਸਰਤ ਜ਼ਰੂਰੀ ਹੈ, ਨਹੀਂ ਤਾਂ ਗੰਠੀਆ, ਦਿਲ ਦਾ ਰੋਗ ਅਤੇ ਸ਼ੱਕਰ ਦਾ ਰੋਗ ਲੱਗ ਜਾਂਦੇ ਹਨ । ਬੈਠਕ ਵਾਲਾ ਜੀਵਨ ਬਤੀਤ ਕਰਨ ਵਾਲਾ ਬੰਦਾ ਤਾਂ ਹੀ ਤੰਦਰੁਸਤ ਰਹਿ ਸਕਦਾ ਹੈ ਜੇਕਰ ਉਹ ਦਿਨ ਵਿੱਚ ਘੱਟੋ-ਘੱਟ ਸਾਢੇ ਅੱਠ ਮੀਲ ਅਰਥਾਤ ਸਾਢੇ ਤੇਰਾਂ ਕਿਲੋਮੀਟਰ ਪੈਂਡਾ ਪੈਦਲ ਤੁਰੇ

-ਭਗਤ ਪੂਰਨ ਸਿੰਘ

# ਭਾਰੀਆਂ ਚਿੰਤਾਵਾਂ

ਨਾਲ ਜਿਊਣ ਦੇ ਹਾਲਾਤ ਸੰਸਾਰ ਵਿੱਚ ਪੈਦਾ ਚੁੱਕੇ ਹਨ, ਦੁਨੀਆਂ ਦੇ ਬੰਦਿਓ! ਤੁਸੀਂ ਆਪਣੀ ਅਗਿਆਨਤਾ ਨਾਲ ਉਹਨਾਂ ਹਾਲਾਤਾਂ ਨੂੰ ਹਰ ਪਲ ਅਗਾਂਹ ਹੋਰ ਵਧੇਰੇ ਵਿਗਾੜਦੇ ਜਾ ਰਹੇ ਹੋ । ਆਪਣੇ ਜੀਵਨ ਦੀ ਰੱਖਿਆ ਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਬਚਾਓ ਲਈ, ਇਹ ਜ਼ਰੂਰੀ ਹੈ ਕਿ ਤੁਸੀਂ ਜੋ ਕਿਰਿਆ ਵੀ ਕਰੋ ਤੇ ਜਿਸ ਵਸਤ ਨੂੰ ਵੀ ਵਰਤੋ ਉਸ ਕਿਰਿਆ ਨੂੰ ਕਰਨ ਤੇ ਉਸ ਵਸਤ ਨੂੰ ਵਰਤਣ ਤੋਂ ਪਹਿਲਾਂ ਇਹ ਸੋਚੋ ਕਿ ਉਹ ਸੰਸਾਰ ਵਿੱਚ ਅਨੇਕ ਪ੍ਰਕਾਰ ਦੇ ਖ਼ਤਰਿਆਂ ਨੂੰ ਵਧਾਉਣ ਵਾਲੀਆਂ ਤਾਂ ਨਹੀਂ ਹਨ ।

ਮੈਂ ਆਪਣੇ ਜੀਵਨ ਵਿੱਚ ਇਕ ਮਹਾਨ ਗੁਰਦੁਆਰੇ ਦੇ ਲੰਗਰ ਦੇ ਆਸਰੇ ਪੁਸਤਕਾਂ, ਮਾਸਿਕ-ਪੱਤਰਾਂ ਤੇ ਅਖ਼ਬਾਰਾਂ ਦੀ ਆਪਣੀ ੭੬ ਸਾਲਾਂ ਦੀ ਸਾਰੀ ਉਮਰ ਦੀ ਪੜ੍ਹਾਈ ਦੁਆਰਾ ਇਹੋ ਪਤਾ ਕਰਦਾ ਰਿਹਾ ਹਾਂ ਕਿ ਮਨੁੱਖ ਜਾਤੀ ਦੀ ਕਿਹੜੀ ਕਿਰਿਆ ਤੇ ਕਿਹੜੀ ਵਸਤ ਸਾਡੇ ਲਈ ਅਨੇਕ ਪ੍ਰਕਾਰ ਦੇ ਖ਼ਤਰੇ ਪੈਦਾ ਕਰਨ ਵਾਲੀ ਹੈ ਜਾਂ ਖ਼ਤਰਿਆਂ ਨੂੰ ਦੂਰ ਕਰਨ ਵਾਲੀ ਹੈ । "ਜੇ ਧਨ ਜਾਂਦਾ ਵੇਖੀਏ ਅੱਧਾ ਦੇਈਏ ਵੰਡ" ਦੇ ਅਖਾਣ ਅਨੁਸਾਰ ਆਪਣੇ ਪੁੱਤਰਾਂ ਨੂੰ ਦੱਸੋ ਕਿ ਉਹਨਾਂ ਦਾ ਜਨਮ ਇਕ ਚਿੰਤਾ ਤੇ ਭੈ ਭਰੇ ਸਮੇਂ ਵਿੱਚ ਹੋਇਆ ਹੈ ਅਤੇ ਉਹ ਜੇਕਰ ਜੀਅ ਸਕਦੇ ਹਨ ਤਾਂ ਆਪਣਾ ਜੀਵਨ ਅਨੇਕ ਪ੍ਰਕਾਰ ਦੇ ਗਿਆਨ ਦੀ ਖੋਜ ਲਈ ਸਾਧ ਦੇ ਤੌਰ 'ਤੇ ਦੁਨੀਆਂ ਦੇ ਬੰਦਿਆਂ ਨੂੰ ਖ਼ਤਰਿਆਂ ਤੋਂ ਖ਼ਬਰਦਾਰ ਕਰਨ ਲਈ ਹਰ ਪ੍ਰਕਾਰ ਦਾ ਯਤਨ ਕਰਕੇ ਹੀ; ਭਾਵੇਂ ਅਜਿਹਾ ਕਰਨ ਲਈ ਉਨ੍ਹਾਂ ਨੂੰ ਸਾਰੀ ਉਮਰ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਙ ਰੋੜਿਆਂ ਦੀ ਵਿਛਾਈ ਕਰਕੇ ਦੇਸ਼ ਤੇ ਦੁਨੀਆਂ ਦੇ ਬੰਦਿਆਂ ਲਈ ਪੈਦਾ ਹੋ ਚੁੱਕੇ ਤੇ ਪੈਦਾ ਹੁੰਦੇ ਜਾ ਰਹੇ ਖ਼ਤਰਿਆਂ ਦਾ ਢੰਡੋਰਾ ਦੇਣਾ ਪਵੇ । ਗੁਰਦੁਆਰਾ ਡੇਹਰਾ ਸਾਹਿਬ ਨਾਲ ਮੇਰਾ ਦਿਨ ਰਾਤ ਦਾ ਸੰਬੰਧ ਸੰਨ ੧੯੨੪ ਵਿੱਚ ਹੋਇਆ ਤੇ ੧੯੪੭ ਤਕ ਰਿਹਾ ।



# ਸੜਕਾਂ ਵੱਲ ਤੁਹਾਡਾ ਕਰਤੱਵ

ਕਿਸੇ ਸਿਆਣੇ ਦਾ ਕਥਨ ਹੈ ਕਿ ਮਨੁੱਖ ਲਈ ਕੋਈ ਪਲ ਅਜਿਹਾ ਨਹੀਂ ਹੁੰਦਾ ਜਦੋਂ ਕੋਈ ਨਾ ਕੋਈ ਕਰਤੱਵ ਉਸ ਪਾਸੋਂ ਆਪਣੀ ਪੂਰਤੀ ਦੀ ਮੰਗ ਨਾ ਕਰਦਾ ਹੋਵੇ । ਕਿਸੇ ਬੰਦੇ ਦੇ ਕਰਤੱਵਾਂ ਦਾ ਘੇਰਾ ਉਤਨਾ ਹੀ ਲੰਬਾ ਚੌੜਾ ਹੁੰਦਾ ਹੈ ਜਿੰਨਾ ਉਸ ਦੀ ਬੁੱਧੀ ਦਾ ਵਿਕਾਸ ਹੋ ਚੁੱਕਿਆ ਹੁੰਦਾ ਹੈ ।

**ਅਨਿਕ ਭਾਂਤਿ ਕਰਿ ਸੇਵਾ ਕਰੀਐ ॥**
**ਜੀਉ ਪ੍ਰਾਨ ਧਨੁ ਆਗੈ ਧਰੀਐ ॥** **(ਅੰ: ੩੯੧)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ । ਕਬੀਰ ਜੀ ਨੇ ਠੀਕ ਹੀ ਕਿਹਾ ਹੈ :

**ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥**
**ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥**
**(ਅੰਗ ੧੩੭੪)**

ਫ਼ਾਰਸੀ ਦੇ ਕਵੀ ਸ਼ੇਖ ਸਾਅਦੀ ਦਾ ਵੀ ਕਥਨ ਹੈ ਕਿ ਹੇ ਮੇਰੇ ਹਿਰਦੇ ਦੇ ਚਾਨਣ ! ਤੂੰ ਮੇਰੇ ਵਾਸਤੇ ਇਕ ਬਲਾਅ ਹੀ ਬਣ ਗਿਆ ਹੈਂ । ਮਸਲਨ, ਪ੍ਰਾਣੀ-ਮਾਤਰ ਦੀ ਭਲਾਈ ਨਾਲ ਸੰਬੰਧ ਰੱਖਣ ਵਾਲੇ ਕੰਮਾਂ ਦਾ ਗਿਆਨ ਜਿਸ ਬੰਦੇ ਦਾ ਬਹੁਤ ਵਧ ਚੁੱਕਿਆ ਹੋਵੇ, ਉਹ ਜਦੋਂ ਵੀ ਸੜਕ ਉੱਤੇ ਤੁਰਦਾ ਹੋਵੇ ਤਾਂ ਉਸ ਨੂੰ ਇਤਨੀਆਂ ਵਸਤਾਂ ਸੜਕ ਉੱਤੇ ਚੁੱਕਣ ਲਈ ਦਿੱਸ ਸਕਦੀਆਂ ਹਨ ਜਿਨ੍ਹਾਂ ਦੇ ਚੁੱਕਣ ਵੱਲੋਂ ਉਹ ਇਕ ਪਲ ਲਈ ਵੀ ਵਿਹਲਾ ਨਾ ਹੋਵੇ । ਜਦੋਂ ਉਹ ਖੁਰੀ, ਮੇਖ, ਰੋੜਾ, ਸ਼ੀਸ਼ਾ, ਗੋਬਰ, ਇੱਟ, ਟੱਟੀ, ਕੇਲੇ, ਖ਼ਰਬੂਜ਼ੇ ਦੇ ਛਿੱਲੜ, ਕੱਪੜਾ ਆਦਿ ਅਨੇਕਾਂ ਵਸਤਾਂ ਨੂੰ ਸੜਕ ਉੱਤੇ ਪਿਆ ਵੇਖੇਗਾ ਤਾਂ ਉਹ ਉਨ੍ਹਾਂ ਨੂੰ ਉੱਥੇ ਪਈਆਂ ਨਹੀਂ ਰਹਿਣ ਦੇਵੇਗਾ, ਬਲਕਿ ਉਸ ਦੇ ਸਾਹਮਣੇ ਹੇਠ ਲਿਖੇ ਵਿਚਾਰ ਆ ਜਾਣਗੇ:

"ਹਰ ਇਕ ਵਸਤ ਆਪਣੀ ਥਾਂ ਉੱਤੇ ਹੋਣੀ ਚਾਹੀਦੀ ਹੈ । ਗ਼ੰਦਗੀ ਗ਼ਲਤ ਥਾਂ 'ਤੇ ਪਿਆ ਹੋਇਆ ਧਨ ਹੁੰਦਾ ਹੈ । ਗ਼ੰਦਗੀ ਓਨਾ ਚਿਰ ਹੀ ਗ਼ੰਦਗੀ ਹੈ ਜੇ ਇਹ ਕੁਥਾਂਇ ਪਈ ਹੋਵੇ । ਪਰ ਇਹੋ ਗ਼ੰਦਗੀ ਖੇਤਾਂ ਵਿੱਚ ਪੈ ਕੇ ਬੜੀ ਲਾਭਦਾਇਕ ਹੋ ਜਾਂਦੀ ਹੈ । ਜਿਸ ਨੂੰ ਇਸ ਗੱਲ ਦਾ ਪਤਾ ਹੈ ਉਹ ਬੰਦਾ ਆਪਣੇ ਹੱਥ ਵਿੱਚ ਵੱਡਾ ਸਾਰਾ ਲੋਹੇ ਦਾ ਬਾਟਾ ਜਾਂ ਬਾਲਟੀ ਰੱਖੇਗਾ । ਉਹ ਸਭ ਤੋਂ ਪਹਿਲਾਂ ਗੋਬਰ, ਟੱਟੀ, ਕੇਲੇ, ਖ਼ਰਬੂਜ਼ੇ ਦੇ ਛਿੱਲੜ, ਕੱਪੜੇ ਦੀਆਂ

ਟਾਕੀਆਂ ਤੇ ਹੱਡੀ ਨੂੰ ਚੁੱਕ ਕੇ ਬਾਲਟੀ ਵਿੱਚ ਪਾ ਲਵੇਗਾ । ਜੇ ਕੋਈ ਕੇਲੇ ਦਾ ਤਾਜ਼ਾ ਹਰਾ ਛਿੱਲੜ ਲੱਭੇਗਾ ਤਾਂ ਉਸ ਨੂੰ ਉਹ ਕਿਸੇ ਗਊ ਦੇ ਮੂੰਹ ਵਿੱਚ ਪਾ ਦੇਵੇਗਾ । ਅਗਾਂਹ ਤੁਰੇ ਜਾਂਦਿਆਂ ਜਦੋਂ ਉਹ ਉਸ ਜਗ੍ਹਾ ਪੁੱਜੇਗਾ ਜਿੱਥੇ ਗਲੀ, ਮੁਹੱਲੇ ਜਾਂ ਸੜਕ ਦਾ ਇਕੱਠਾ ਹੋਇਆ ਕੂੜਾ ਰੱਖਿਆ ਜਾਂਦਾ ਹੋਵੇ ਉੱਥੇ ਉਹ ਆਪਣੀ ਬਾਲਟੀ ਦਾ ਗੋਬਰ ਤੇ ਟੱਟੀ ਆਦਿ ਵਸਤਾਂ ਸੁੱਟ ਦੇਵੇਗਾ, ਤਾਂ ਜੋ ਉਹ ਧਰਤੀ ਦੀ ਉਪਜਾਊ-ਸ਼ਕਤੀ ਵਧਾਉਣ ਵਾਲੀ ਰੂੜੀ ਦੀ ਵੱਡਮੁੱਲੀ ਖਾਦ ਖੇਤਾਂ ਨੂੰ ਜਾ ਸਕੇ ਤੇ ਸੜਕਾਂ 'ਤੇ ਪਈ ਹੋਈ ਹੀ ਬਰਬਾਦ ਨਾ ਹੋ ਸਕੇ । ਰੂੜੀ ਦੀ ਖਾਦ ਨਾਲ ਧਰਤੀ ਦੀ ਅੰਨ ਉਪਜਾਊ-ਸ਼ਕਤੀ ਵਧਦੀ ਹੈ । ਜੇਕਰ ਇਹ ਖਾਦ ਖੇਤਾਂ ਨੂੰ ਨਾ ਪਵੇ ਬਲਕਿ ਬਣਾਉਟੀ ਰਸਾਇਣਿਕ ਖਾਦ ਹੀ ਪਵੇ ਤਾਂ ਧਰਤੀ ਆਪਣੇ ਜ਼ਰੂਰੀ ਤੱਤਾਂ ਨੂੰ ਗਵਾਉਂਦੀ ਹੋਈ ਹੌਲੀ-ਹੌਲੀ ਬਰਬਾਦ ਹੋ ਜਾਂਦੀ ਹੈ ਤੇ ਖੇਤੀ ਦੇ ਯੋਗ ਨਹੀਂ ਰਹਿ ਜਾਂਦੀ ।"

-ਭਗਤ ਪੂਰਨ ਸਿੰਘ

> ਦੁਨੀਆਂ ਦੇ ਬੰਦਿਓ!
>
> ਹੜ੍ਹਾਂ, ਸੋਕਿਆਂ, ਤੇਜ਼ਾਬ ਦੀ ਵਰਖਾ, ਹਨੇਰੀਆਂ ਅੰਨ ਤੇ ਪਾਣੀ ਦੇ ਕਾਲਾਂ ਨਾਲ ਉੱਜੜ-ਉੱਜੜ ਕੇ ਸੈਂਕੜੇ ਮੀਲ ਪਾਣੀ ਨੂੰ ਜਾ ਕੇ ਲੱਭਣ, ਜਿੱਥੇ ਲੱਭੇ ਉੱਥੇ ਰਫ਼ਿਊਜੀ ਬਣ ਕੇ ਬੈਠਣ। ਧਰਤੀ ਦਾ, ਰੇਤ ਦਾ ਮਾਰੂਥਲ ਬਣ ਜਾਣ ਦੀਆਂ ਤਬਾਹੀਆਂ ਤੋਂ ਬਚਣ ਦਾ ਗਿਆਨ ਦੇਣ ਵਾਲੇ ਪਿੰਗਲਵਾੜੇ ਦੇ ਮੁਫ਼ਤ ਵੰਡੇ ਜਾਣ ਵਾਲੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੇ ਰੂਪ ਵਿੱਚ ਖ਼ਤਰੇ ਦੀ ਘੰਟੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬੂਹੇ ਅੱਗੇ ਵੱਜ ਰਹੀ ਹੈ । ਉਸ ਘੰਟੀ ਨੂੰ ਸੁਣੋ ਤੇ ਵਾਹਿਗੁਰੂ ਦਾ ਧੰਨਵਾਦ ਕਰੋ, ਜਿਸ ਨੇ ਦੁਨੀਆਂ ਦੇ ਬੰਦਿਆਂ ਨੂੰ ਆਪਣੇ ਬਚਾਉ ਅਤੇ ਸਫਲ ਜੀਵਨ ਬਿਤਾਉਣ ਦਾ ਗਿਆਨ ਦੇਣ ਲਈ ਸ੍ਰੀ ਦਰਬਾਰ ਸਾਹਿਬ ਨੂੰ ਹੋਂਦ ਵਿੱਚ ਲਿਆਂਦਾ । -ਭਗਤ ਪੂਰਨ ਸਿੰਘ



# ਰੁੱਖ ਤੇ ਹਵਾ

ਇਕ ਦਿਨ ਵਿੱਚ ਚਾਲੀ ਸਿਗਰਟਾਂ ਪੀਣ ਵਾਲੇ ਮਨੁੱਖ ਨੂੰ ਜੋ ਨੁਕਸਾਨ ਹੁੰਦਾ ਹੈ ਓਨਾ ਹੀ ਨੁਕਸਾਨ ਸਾਧਾਰਨ ਮਨੁੱਖ ਨੂੰ ਵੱਡੇ-ਵੱਡੇ ਸ਼ਹਿਰਾਂ ਵਿੱਚ ਸਾਹ ਲੈਣ ਨਾਲ ਹੁੰਦਾ ਹੈ। ਅੱਜ ਦਾ ਮਨੁੱਖ ਰੁੱਖਾਂ ਦਾ ਵੈਰੀ ਬਣਿਆ ਹੋਇਆ ਹੈ, ਥਾਂ ਥਾਂ ਆਪਣੀ ਵਰਤੋਂ ਲਈ ਇਹਨਾਂ ਨੂੰ ਕੱਟੀ ਜਾ ਰਿਹਾ ਹੈ। ਇਹ ਬਹੁਤ ਹਾਨੀਕਾਰਕ ਸਿੱਧ ਹੋ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਕ ਸੌ ਤੀਹ ਲਿਟਰ ਪੈਟਰੋਲ ਤੋਂ ਪੈਦਾ ਹੋਣ ਵਾਲੀ ਗੰਦੀ ਹਵਾ ਵਿੱਚ ਫੈਲੇ ਜ਼ਹਿਰੀਲੇ ਤੱਤਾਂ ਨੂੰ ਸਮਾਪਤ ਕਰਨ ਦੀ ਸਮਰੱਥਾ ਇਕ ਰੁੱਖ ਵਿੱਚ ਹੁੰਦੀ ਹੈ।ਜੇ ਰੁੱਖ ਅਜਿਹਾ ਨਾ ਕਰਨ ਤਾਂ ਪੈਟਰੋਲ ਦੀ ਖਪਤ ਤੋਂ ਪ੍ਰਦੂਸ਼ਿਤ ਵਾਤਾਵਰਨ ਨਾਲ ਮਨੁੱਖੀ ਸਿਹਤ 'ਤੇ ਬਹੁਤ ਅਸਰ ਪੈਂਦਾ ਹੈ। ਇਸ ਨਾਲ ਮਨੁੱਖਾਂ ਵਿੱਚ ਬਲੱਡ-ਪ੍ਰੈਸ਼ਰ (ਖ਼ੂਨ ਦੇ ਦਬਾਓ ਦਾ ਰੋਗ) ਵਧ ਰਿਹਾ ਹੈ ਤੇ ਦਿਮਾਗ਼ੀ ਨੁਕਸ ਵੀ ਪੈਦਾ ਹੋਣ ਦੀ ਸੰਭਾਵਨਾ ਵਧ ਰਹੀ ਹੈ। ਕਾਰਖ਼ਾਨਿਆਂ ਰਾਹੀਂ ਹਵਾ ਵਿੱਚ ਸਲਫ਼ਰ-ਡਾਇਆਕਸਾਈਡ ਵਧ ਰਹੀ ਹੈ। ਰੁੱਖ ਕੁਝ ਕੁ ਹੱਦ ਤਕ ਇਸਨੂੰ ਸਮਾਪਤ ਕਰ ਸਕਦੇ ਹਨ, ਪਰ ਇਸਦੀ ਬਹੁਤੀ ਮਾਤਰਾ ਵਿੱਚ ਵਧਣ ਨਾਲ ਰੁੱਖਾਂ 'ਤੇ ਵੀ ਭੈੜਾ ਅਸਰ ਪੈਣ ਦੇ ਕਾਰਨ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ। ਮਨੁੱਖ ਕਈ ਪ੍ਰਕਾਰ ਦੇ ਯੰਤਰਾਂ ਤੇ ਕਾਰਖ਼ਾਨਿਆਂ ਰਾਹੀਂ ਹਵਾ ਦਾ ਤਾਪਮਾਨ ਵਧਾ ਰਿਹਾ ਹੈ।

ਇੱਕ ਰੁੱਖ ਤੋਂ ਪੰਜਾਹ ਸਾਲਾਂ ਦੇ ਸਮੇਂ ਵਿੱਚ ਜਿੰਨਾ ਲਾਭ ਪੁੱਜਦਾ ਹੈ ਉਹ ਪੌਣੇ ਸੋਲਾਂ ਲੱਖ ਰੁਪਏ ਦਾ ਹੁੰਦਾ ਹੈ। ਉਸਦਾ ਹਿਸਾਬ ਹੇਠ ਲਿਖਿਆ ਹੈ—ਤੇ ਇਹ ਖੋਜ ਕਲਕੱਤਾ ਸ਼ਹਿਰ ਦੀ ਯੂਨੀਵਰਸਿਟੀ ਦੇ ਇੱਕ ਪ੍ਰੋਫ਼ੈਸਰ ਟੀ. ਐਨ. ਦਾਸ ਨੇ ਕੀਤੀ ਹੈ। ਉਸਨੇ ਲਿਖਿਆ ਹੈ:

**"ਮਕਾਨਾਂ ਵਿੱਚ ਵਰਤੀ ਜਾਣ ਵਾਲੀ ਇਮਾਰਤੀ ਲੱਕੜੀ ਤੇ ਖਾਣਾ ਬਣਾਉਣ ਲਈ ਵਰਤੀ ਜਾਣ ਵਾਲੀ ਲੱਕੜੀ ਪੰਜ ਹਜ਼ਾਰ ਰੁਪਏ। ਧਰਤੀ ਨੂੰ ਹਵਾ ਦੀਆਂ ਹਨ੍ਹੇਰੀਆਂ, ਹੜ੍ਹਾਂ ਤੇ ਮੀਂਹ ਦੀਆਂ ਕਣੀਆਂ ਨਾਲ ਖੁਰਨ ਤੋਂ ਬਚਾਉਣ ਤੇ ਧਰਤੀ ਦੀ ਉਪਜਾਊ-ਸ਼ਕਤੀ ਨੂੰ ਵਧਾਉਣ ਦੇ ਕਾਰਜ ਤੇ ਦੋ ਲੱਖ ਪੰਜਾਹ ਹਜ਼ਾਰ ਰੁਪਏ। ਆਕਸੀਜਨ ਗੈਸ ਜਿਹੜੀ ਮਨੁੱਖਾਂ ਅਤੇ ਪਸ਼ੂਆਂ ਦੇ ਅੰਦਰ ਸਾਹ ਨਾਲ ਜਾਂਦੀ ਹੈ ਤੇ ਉਨ੍ਹਾਂ ਨੂੰ ਜਿਉਂਦਿਆਂ ਰੱਖਦੀ ਹੈ ਦੋ ਲੱਖ ਪੰਜਾਹ ਹਜ਼ਾਰ ਰੁਪਏ। ਹਵਾ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਪੰਜ ਲੱਖ**

**ਰੁਪਏ। ਧਰਤੀ ਦੇ ਪਾਣੀ ਨੂੰ ਸੁੱਕਣ ਤੋਂ ਬਚਾਉਣ ਤੇ ਕਾਇਮ ਰੱਖਣ ਲਈ ਤਿੰਨ ਲੱਖ ਰੁਪਏ। ਜੰਗਲੀ ਜਾਨਵਰਾਂ, ਸ਼ੇਰਾਂ, ਚੀਤਿਆਂ, ਹਾਥੀਆਂ ਆਦਿ ਨੂੰ ਜੀਵਤ ਤੇ ਤੰਦਰੁਸਤ ਰੱਖਣ ਲਈ ਦੋ ਲੱਖ ਪੰਜਾਹ ਹਜ਼ਾਰ ਰੁਪਿਆ। ਨਾਈਟਰੋਜਨ ਗੈਸ ਨੂੰ ਨਿਯਮ ਵਿੱਚ ਲਿਆਉਣ ਲਈ ਵੀਹ ਹਜ਼ਾਰ ਰੁਪਏ । ਕੁੱਲ ਜੋੜ ਪੰਦਰਾਂ ਲੱਖ ਪੰਝੱਤਰ ਹਜ਼ਾਰ ਰੁਪਏ।"**

ਧਰਤੀ ਦੇ ਜਿਸ ਹਿੱਸੇ ਵਿੱਚ ਫ਼ਸਲਾਂ ਪੈਦਾ ਹੁੰਦੀਆਂ ਹਨ ਉਹ ਹਿੱਸਾ ੯ ਇੰਚ ਬਰੀਕ ਮਿੱਟੀ ਦਾ ਹਿੱਸਾ ਹੁੰਦਾ ਹੈ ਤੇ ਇਹ ਬਰੀਕ ਮਿੱਟੀ ਹਜ਼ਾਰਾਂ ਸਾਲਾਂ ਵਿੱਚ ਪੱਥਰਾਂ ਤੋਂ ਬਣੀ ਹੁੰਦੀ ਹੈ। ਜੇਕਰ ਮੈਦਾਨਾਂ ਵਿੱਚ ਇੱਕੀ ਹਿੱਸੇ ਦੇ ਹਿਸਾਬ ਨਾਲ ਰੁੱਖ ਲੱਗੇ ਹੋਏ ਨਾ ਹੋਣ ਤਾਂ ਹਵਾ ਦੀਆਂ ਹਨੇਰੀਆਂ ਉਸ ਬਰੀਕ ਮਿੱਟੀ ਨੂੰ ਉਡਾ ਕੇ ਹਜ਼ਾਰਾਂ ਮੀਲਾਂ 'ਤੇ ਲੈ ਜਾਂਦੀਆਂ ਹੁੰਦੀਆਂ ਹਨ। ਜੇ ਪਹਾੜਾਂ ਵਿੱਚ ੬੦ ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਏ ਹੋਣ ਤਾਂ ਮੀਂਹ ਦੀਆਂ ਕਣੀਆਂ ਪਹਾੜਾਂ ਦੀ ਉਸ ਬਰੀਕ ਮਿੱਟੀ ਨੂੰ ਖੋਰਦੀਆਂ ਹੁੰਦੀਆਂ ਹਨ। ਭਾਰਤ ਨੂੰ ਸਭ ਤੋਂ ਵੱਡਾ ਖ਼ਤਰਾ ਉਸ ੯ ਇੰਚ ਬਰੀਕ ਮਿੱਟੀ ਦੇ ਖੁਰਨ ਦਾ ਹੈ। ਭਾਰਤ ਦੀ ਬੰਜਰ ਧਰਤੀ ਦਾ ਰਕਬਾ ਦਿਨ-ਪ੍ਰਤੀ-ਦਿਨ ਵਧਦਾ ਜਾ ਰਿਹਾ ਹੈ ਤੇ ਧਰਤੀ ਦੀ ਉੱਪਰਲੀ ਬਰੀਕ ਮਿੱਟੀ ਹਰ ਸਾਲ ੬ ਕਰੋੜ ਟਨ ਦੇ ਹਿਸਾਬ ਨਾਲ ਹਨੇਰੀਆਂ ਤੇ ਮੀਂਹਾਂ ਨਾਲ ਖੁਰ-ਖੁਰ ਕੇ ਸਮੁੰਦਰ ਨੂੰ ਜਾ ਰਹੀ ਹੈ ਜਿਹੜੀ ਮੁੜ ਕੇ ਵਾਪਸ ਨਹੀਂ ਆਵੇਗੀ।

ਪਹਾੜਾਂ ਵਿੱਚ ਰੁੱਖਾਂ ਦੀ ਘਾਟ ਕਾਰਨ ਜਿਹੜੀ ਮਿੱਟੀ ਮੀਂਹ ਦੀਆਂ ਕਣੀਆਂ ਨਾਲ ਖੁਰ ਰਹੀ ਹੈ ਉਹ ਦਰਿਆਵਾਂ ਦੇ ਤੱਟ ਨੂੰ ਉੱਚਾ ਕਰ ਰਹੀ ਹੈ ਤੇ ਉਸ ਤੱਟ ਦੇ ਉੱਚਾ ਹੋਣ ਨਾਲ ਦਰਿਆਵਾਂ ਦੇ ਹੜ੍ਹ ਆ ਰਹੇ ਹਨ। ਮੇਰੀ ਮਾਂ ਪਿੰਡ ਵਿੱਚ ਰਹਿੰਦੀ ਸੀ। ਉਸ ਨੂੰ ਪਿੰਡ ਵਿੱਚ ਰੁੱਖਾਂ ਨੂੰ ਲਾਉਣ ਲਈ ਥਾਂ ਮਿਲ ਗਈ ਸੀ। ਪਰ ਵੱਡੇ-ਵੱਡੇ ਸ਼ਹਿਰਾਂ ਦੀਆਂ ਇਸਤਰੀਆਂ ਰੁੱਖ ਕਿੱਥੇ ਲਾਉਣ। ਉਹ ਪਿੰਗਲਵਾੜੇ ਨੂੰ ਦਾਨ ਭੇਜਣ ਤਾਂ ਜੋ ਮੈਂ ਇਸ਼ਤਿਹਾਰਾਂ, ਕਿਤਾਬਚਿਆਂ ਤੇ ਬੋਰਡਾਂ ਰਾਹੀਂ ਰੁੱਖਾਂ ਨੂੰ ਲਾਉਣ ਦਾ ਤੇ ਲੱਕੜ ਦੀ ਘੱਟ ਵਰਤੋਂ ਕਰਨ ਦਾ ਪ੍ਰਚਾਰ ਕਰ ਸਕਾਂ। -ਭਗਤ ਪੂਰਨ ਸਿੰਘ



# ਰੁੱਖ ਲਾਉਣੇ ਨਾ ਭੁੱਲੋ

ਰੁੱਖਾਂ ਨੂੰ ਲਾਉਣ ਲਈ ਬਰਸਾਤ ਦੇ ਮੌਸਮ ਨੂੰ ਉਡੀਕਦੇ ਰਿਹਾ ਕਰੋ । ਭਾਰਤ ਵਿੱਚ ਰੁੱਖਾਂ ਦੀ ਭਾਰੀ ਘਾਟ ਪੈਦਾ ਹੋ ਚੁੱਕੀ ਹੋਈ ਹੈ, ਜਿਸਦੇ ਕਾਰਨ ਅਨੇਕ ਪ੍ਰਕਾਰ ਦੇ ਖ਼ਤਰੇ ਭਾਰਤ ਲਈ ਪੈਦਾ ਹੋ ਚੁੱਕੇ ਹੋਏ ਹਨ ਤੇ ਦਿਨ ਪ੍ਰਤੀ-ਦਿਨ ਵਧਦੀ ਜਾ ਰਹੀ ਰੁੱਖਾਂ ਦੀ ਕਟਾਈ ਦੇ ਕਾਰਨ ਉਹ ਖ਼ਤਰੇ ਵਧਦੇ ਵੀ ਜਾ ਰਹੇ ਹਨ । ਇਨ੍ਹਾਂ ਖ਼ਤਰਿਆਂ ਵਿੱਚੋਂ ਸਭ ਤੋਂ ਵੱਡਾ ਖ਼ਤਰਾ ਧਰਤੀ ਦਾ ਖੁਰਨਾ ਤੇ ਦਰਿਆਵਾਂ ਦੇ ਹੜ੍ਹਾਂ ਦਾ ਹੈ । ਜੇਕਰ ਤੁਸੀਂ ਇਸ ਰੁੱਤ ਵਿੱਚ ਕੋਈ ਰੁੱਖ ਨਹੀਂ ਲਾਇਆ ਤਾਂ ਜ਼ਰੂਰ ਲਾ ਦਿਓ ।

ਧਰਤੀ ਨੂੰ ਰੁੱਖਾਂ ਤੋਂ ਖ਼ਾਲੀ ਕਰ ਕੇ ਦੁਨੀਆਂ ਦੇ ਅਨੇਕ ਦੇਸ਼ ਆਪਣੀ ਅੰਨ-ਉਪਜਾਊ ਧਰਤੀ ਨੂੰ ਰੇਤ ਦੇ ਮਾਰੂਥਲਾਂ ਵਿੱਚ ਬਦਲ ਕੇ ਬਰਬਾਦ ਕਰ ਚੁੱਕੇ ਹਨ । ਅਜਿਹੀਆਂ ਬਰਬਾਦੀਆਂ ਤੋਂ ਬਚਣ ਲਈ ਹਰ ਇਕ ਬੰਦੇ ਨੇ ਸੋਚਣਾ ਹੈ ਤੇ ਧਰਤੀ ਦੀ ਰੱਖਿਆ ਦਾ ਲੋੜੀਂਦਾ ਗਿਆਨ ਪ੍ਰਾਪਤ ਕਰਕੇ ਉਸ ਦੀ ਰੱਖਿਆ ਲਈ ਪੂਰਾ-ਪੂਰਾ ਉੱਦਮ ਕਰਨਾ ਹੈ । ਰੁੱਖ ਲਾਉਣਾ ਹੀ ਉਹ ਉੱਦਮ ਹੈ ਜਿਸ ਨਾਲ ਧਰਤੀ ਰੇਤ ਦਾ ਮਾਰੂਥਲ ਬਣਨ ਤੋਂ ਬਚ ਸਕਦੀ ਹੈ । ਇਸ ਛੋਟੇ ਜਿਹੇ ਇਸ਼ਤਿਹਾਰ ਰਾਹੀਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਲ ਵਿੱਚ ਦੋ ਵਾਰੀ ਰੁੱਖਾਂ ਨੂੰ ਲਾਉਣ ਦਾ ਮੌਸਮ ਆਉਂਦਾ ਹੈ । ਭਾਰਤ ਦੇ ਹਰ ਬੰਦੇ ਨੂੰ ਇਹਨਾਂ ਦੋਹਾਂ ਸਮਿਆਂ ਦੀ ਉਡੀਕ ਵਿੱਚ ਰਹਿਣਾ ਚਾਹੀਦਾ ਹੈ । ਜਦੋਂ ਉਹ ਸਮਾਂ ਆ ਜਾਵੇ ਤਾਂ ਸਕੂਲਾਂ, ਪੰਚਾਇਤ-ਘਰਾਂ, ਪਿੰਡ ਨੂੰ ਜਾਣ ਵਾਲੀਆਂ ਸੜਕਾਂ, ਪਿੰਡ ਦੇ ਸਾਂਝੇ ਮੈਦਾਨਾਂ ਵਿੱਚ ਰੁੱਖ ਲਾਉਣੇ ਚਾਹੀਦੇ ਹਨ । ਰੁੱਖ ਲਾਉਣ ਵਿੱਚ ਜ਼ਿੰਦਗੀ ਮੌਤ ਦਾ ਭੇਤ ਛੁਪਿਆ ਪਿਆ ਹੈ । ਇਸ ਵਿਸ਼ੇ 'ਤੇ ਵਧੇਰੇ ਗਿਆਨ ਲਈ ਪਿੰਗਲਵਾੜੇ ਦੇ ਛਪੇ ਹੋਏ ਹੋਰ ਇਸ਼ਤਿਹਾਰ ਤੇ ਕਿਤਾਬਚੇ ਮੁਫ਼ਤ ਮੰਗਾਓ । ਭਾਰਤ ਦੇ ਰੇਤ ਦੇ ਮਾਰੂਥਲ ਦੀ ਲੰਬਾਈ ਚੌੜਾਈ ਵਿੱਚ ਇਕ ਮੀਲ ਦਾ ਵਾਧਾ ਹਰ ਸਾਲ ਹੋ ਜਾਂਦਾ ਹੈ ਤੇ ੧੦੦ ਵਿੱਚੋਂ ਇਕ ਹਿੱਸਾ ਧਰਤੀ ਦੀ ਉੱਤਲੀ ਅੱਠ ਇੰਚ ਅੰਨ-ਉਪਜਾਊ ਬਰੀਕ ਮਿੱਟੀ ਹਰ ਸਾਲ ਹੜ੍ਹਾਂ ਦੇ ਪਾਣੀ ਤੇ ਹਵਾ ਦੀਆਂ ਹਨੇਰੀਆਂ ਨਾਲ ਖੁਰ ਜਾਂਦੀ ਹੈ । ਉਹੋ ਅੱਠ ਇੰਚ ਬਰੀਕ ਮਿੱਟੀ ਹੀ ਉਹ ਮਿੱਟੀ ਹੁੰਦੀ ਹੈ ਜਿਸ ਵਿੱਚ ਅੰਨ ਪੈਦਾ ਹੁੰਦਾ ਹੈ ਤੇ ਜੇ ਉਹ ਅੱਠ ਇੰਚ ਬਰੀਕ ਮਿੱਟੀ ਹੜ੍ਹਾਂ ਦੇ ਪਾਣੀ ਜਾਂ ਹਵਾ ਦੀਆਂ ਹਨੇਰੀਆਂ ਨਾਲ ਖੁਰ ਜਾਵੇ ਤਾਂ ਹੇਠਲੀ ਨਕਾਰਾ ਮਿੱਟੀ ਹੀ ਪਿੱਛੇ ਰਹਿ ਜਾਂਦੀ ਹੈ, ਜਿਸ ਵਿੱਚ ਕੁਝ ਪੈਦਾ ਨਹੀਂ ਹੁੰਦਾ । ਦੇਸ਼ ਦੀ ਜੇ ਭਿਆਨਕ ਤਬਾਹੀ ਤੋਂ ਬਚਣਾ ਚਾਹੁੰਦੇ ਹੋ ਤਾਂ ਰੁੱਖ ਲਾਉਣ ਲਈ ਕਮਰਕੱਸੇ ਕੱਸ ਲਓ ।

—0—

# ਖੇਤੀਬਾੜੀ

—ਸੁਰੇਸ਼ ਚੰਦਰ

**ਪੂੰਜੀ ਦੀ ਵੰਡ—**

ਭਾਰਤ ਦੀ ਯੋਜਨਾਬੰਦੀ ਵਿੱਚ ਵਿਕਾਸ ਲਈ ਰਾਖਵੀਂ ਕੀਤੀ ਜਾਣ ਵਾਲੀ ਪੂੰਜੀ ਦੀ ਵੰਡ ਠੀਕ ਨਹੀਂ ਹੁੰਦੀ । ਇਸ ਦੇ ਨਾਲ ਭੂਮੀ ਸੁਧਾਰ ਕਰਨ ਦਾ ਚਰਚਾ ਵੀ ਸਾਰੀਆਂ ਪਾਰਟੀਆਂ ਨੇ ਬੰਦ ਕਰ ਦਿੱਤਾ ਹੈ । ਇਹਨਾਂ ਵਿੱਚ ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਵੀ ਸ਼ਾਮਲ ਹਨ । ਆਜ਼ਾਦੀ ਦੇ ਤੁਰੰਤ ਪਿੱਛੋਂ ਹਰ ਕਿਸਾਨ ਪਰਿਵਾਰ ਨੂੰ ਘੱਟੋ-ਘੱਟ ੮ ਏਕੜ ਜ਼ਮੀਨ ਦਿੱਤੀ ਜਾਣੀ ਚਾਹੀਦੀ ਸੀ ਜੋ ਕਿ ਵੱਡੇ ਜ਼ਿਮੀਂਦਾਰਾਂ ਅਤੇ ਜੱਦੀ ਪੁਸ਼ਤੀ ਮੁਜ਼ਾਰਿਆਂ ਕੋਲੋਂ ਵਾਧੂ ਜ਼ਮੀਨ ਲੈਣੀ ਚਾਹੀਦੀ ਸੀ । ਇਸ ਸੰਬੰਧ ਵਿੱਚ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਜਾਪਾਨ ਵਿੱਚ ਹਰ ਕਿਸਾਨ ਪਰਿਵਾਰ ਕੋਲ ਔਸਤਨ ਦੋ ਏਕੜ ਜ਼ਮੀਨ ਹੈ, ਪਰ ਇਹ ਸਾਰੇ ਸੁਫ਼ਨੇ ਮਾਲੀ ਤੌਰ ’ਤੇ ਆਤਮ-ਨਿਰਭਰ ਹੋਣ ਦੇ ਹਨ; ਪਰ ਹੁਣ ਉਹ ਮੌਕਾ ਲੰਘ ਗਿਆ ਹੈ । ਹੁਣ ਖੇਤੀਬਾੜੀ ਦੇ ਆਧੁਨਿਕ ਢੰਗਾਂ ਰਾਹੀਂ ਭਾਰਤ ਨੂੰ ਰਸਾਇਣਿਕ ਖਾਦਾਂ ਅਤੇ ਖੇਤੀ ਮਸ਼ੀਨਰੀ ਵੇਚਣ ਲਈ ਇੰਨੀ ਵੱਡੀ ਮੰਡੀ ਬਣਾਇਆ ਜਾ ਰਿਹਾ ਹੈ । ਹੁਣ ਵੱਡੇ ਜ਼ਿਮੀਂਦਾਰ ਵਿਦੇਸ਼ੀ ਕਰਜ਼ਿਆਂ ਦੀ ਸਹਾਇਤਾ ਨਾਲ ਕਿਸਾਨਾਂ ਨੂੰ ਖੇਤੀ ਮਜ਼ਦੂਰ ਜਾਂ ਮੁਜ਼ਾਰੇ ਬਣਾ ਰਹੇ ਹਨ । ਪੱਛਮੀ ਦੇਸ਼, ਰਾਜਸੀ ਸੱਤਾ ਵੀ ਵੱਡੇ ਜ਼ਿਮੀਂਦਾਰਾਂ ਦੇ ਹੱਥਾਂ ਵਿੱਚ ਕੇਂਦਰਤ ਕਰਨਾ ਚਾਹੁੰਦੇ ਹਨ । ਵੱਡੇ ਕਿਸਾਨਾਂ ਦਾ ਪੰਚਾਇਤਾਂ ਅਤੇ ਹੋਰ ਵਿੱਦਿਅਕ ਸੰਸਥਾਵਾਂ ਅਤੇ ਸਰਕਾਰਾਂ ਉੱਤੇ ਪੂਰਾ ਗਲਬਾ ਹੈ ਅਤੇ ਸਮਾਜਵਾਦ ਦੇ ਨਾਂ ਤੇ ਸਾਰੇ ਲਾਭ ਉਹੀ ਪ੍ਰਾਪਤ ਕਰ ਰਹੇ ਹਨ ।



# ਗਊਆਂ ਦੇ ਕਤਲ ਵਿੱਚ ਹੁੰਦਾ ਜਾ ਰਿਹਾ ਵਾਧਾ

ਬੰਬਈ ਵਿੱਚ, ਵਰਤਮਾਨ ਸਮੇਂ ਵਿੱਚ ਬੁੱਚੜਖ਼ਾਨਾ ਬਣਿਆ ਹੈ, ਜਿਹੜਾ ਏਸ਼ੀਆ ਮਹਾਂਦੀਪ ਵਿੱਚ ਸਭ ਤੋਂ ਵੱਡਾ ਕਤਲਖ਼ਾਨਾ ਹੈ । ਉਸ ਵਿੱਚ ਕੱਟੇ ਗਏ ਬੈਲਾਂ ਦੇ ਅੰਕੜੇ ਇੱਥੇ ਦਿੱਤੇ ਜਾਂਦੇ ਹਨ—੧੯੭੩-੭੪ ਸਾਲ ਵਿੱਚ ਕੱਟੇ ਹੋਏ ਬੈਲਾਂ ਦੀ ਸੰਖਿਆ ੬੬੭੯੬ ਸੀ । ਸਾਲ ੧੯੭੪-੭੫ ਵਿੱਚ ਕੱਟੇ ਗਏ ਬੈਲਾਂ ਦੀ ਸੰਖਿਆ ੭੨੫੦੯ ਤੇ ੧੯੭੫-੭੬ ਵਿੱਚ ੮੩੭੯੪ ਬੈਲ ਕੱਟੇ ਗਏ ਤੇ ੧੯੭੬-੭੭ ਵਿੱਚ ੯੧੧੯੦ ਬੈਲ ਕੱਟੇ ਗਏ । ਜੇਕਰ ਗੌਰ ਨਾਲ ਤੱਕਿਆ ਜਾਵੇ ਤਾਂ ਪਤਾ ਲੱਗੇਗਾ ਕਿ ਕੱਟੇ ਜਾਣ ਵਾਲੇ ਬੈਲਾਂ ਦੀ ਗਿਣਤੀ ਹਰ ਸਾਲ ਵਧਦੀ ਹੀ ਜਾ ਰਹੀ ਹੈ । ੬੬੦੦੦ ਤੋਂ ਲੈ ਕੇ ਅੰਕੜਾ ਇਕ ਲੱਖ ਇੱਕੀ ਹਜ਼ਾਰ ਤਕ ਪੁੱਜ ਗਿਆ ਹੈ ਤੇ ਉਹ ਵੀ ਉਸ ਕਾਨੂੰਨ ਦੇ ਹੁੰਦਿਆਂ ਜਿਹੜਾ ੧੦ ਸਾਲ ਦੀ ਘੱਟ ਉਮਰ ਦੀ ਗਊ ਤੇ ੧੫ ਸਾਲ ਤੋਂ ਘੱਟ ਉਮਰ ਦੇ ਕੰਮ ਕਰਨ ਵਾਲੇ ਬੈਲ ਦੇ ਕਤਲ ਨੂੰ ਰੋਕ ਪਾਉਂਦਾ ਹੈ । ਹੁਣ ਦੇਖੋ ਕਿ ਭਾਰਤ ਵਿੱਚੋਂ ਕਿੰਨਾ ਮਾਸ ਦੂਜੇ ਦੇਸ਼ਾਂ ਨੂੰ ਜਾਂਦਾ ਹੈ । ੧੯੭੩-੭੪ ਵਿੱਚ ੨੦੦੦ ਮੀਟਰ ਟਨ, ੧੯੭੫-੭੬ ਵਿੱਚ ੫੩੭੪ ਮੀਟਰ ਹਨ, ੧੯੭੬-੭੭ ਵਿੱਚ ੧੧੪੧੦ ਮੀਟਰ ਟਨ, ੧੯੭੭-੭੮ ਵਿੱਚ ੩੬੪੦੦ ਮੀਟਰਿਕ ਟਨ ਮਾਸ ਭਾਰਤ ਵਿੱਚੋਂ ਦੂਜੇ ਦੇਸ਼ਾਂ ਨੂੰ ਗਿਆ । ਫੇਰ ਦੇਖੋ ਕਿ ਕੇਵਲ ੬ ਸਾਲਾਂ ਵਿੱਚ ਹੀ ਉਸ ਮਾਸ ਦਾ ਅੰਕੜਾ ਚਾਲੀ ਗੁਣਾਂ ਹੋ ਗਿਆ ਜਿਹੜਾ ਦੂਜੇ ਦੇਸ਼ਾਂ ਨੂੰ ਜਾਂਦਾ ਹੈ । ਜਿੱਥੇ ਇਕ ਪਸ਼ੂ ਕੱਟਦਾ ਸੀ ਉੱਥੇ ਚਾਲੀ ਪਸ਼ੂ ਕੱਟਣ ਲੱਗੇ ਹਨ । ਮਾਸ ਦਾ ਵਪਾਰ ਇਤਨਾ ਤੇਜ਼ੀ ਨਾਲ ਕਿਉਂ ਵਧਿਆ, ਇਸ ਦਾ ਕਾਰਨ ਇਹੋ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਪੈਟਰੋਲ ਵੇਚਣ ਵਾਲੇ ਅਰਬ ਦੇਸ਼ਾਂ ਵਿੱਚ ਬਹੁਤ ਧਨ ਜਮ੍ਹਾਂ ਹੋ ਗਿਆ । ਉਨ੍ਹਾਂ ਅਰਬ ਦੇਸ਼ਾਂ ਦੇ ਲੋਕਾਂ ਨੇ ਮਾਸ ਖ਼ੀਦਣਾ ਹੈ । ਇਸ ਲਈ ਅਸੀਂ ਆਪਣੇ ਪਸ਼ੂਆਂ ਨੂੰ ਕੱਟ ਰਹੇ ਹਾਂ।—੨੩ ਮਾਰਚ ੧੯੮੨ ਵਿੱਚ ਰਾਜ ਸਭਾ ਵਿੱਚ ਪੁੱਛੇ ਗਏ ਇਕ ਪ੍ਰਸ਼ਨ ਦੇ ਉੱਤਰ ਵਿੱਚ ਹੇਠ ਲਿਖੇ ਅੰਕੜੇ

ਸਰਕਾਰ ਵੱਲੋਂ ਦਿੱਤੇ ਗਏ ਹਨ। ਸੰਨ ੧੯੭੯-੮੦-੮੧ ਵਿੱਚ ਜਿੰਨੀ ਮਾਤਰਾ ਵਿੱਚ ਮਾਸ ਦੂਜੇ ਦੇਸ਼ਾਂ ਨੂੰ ਭੇਜਿਆ ਗਿਆ ਉਸ ਦੇ ਅੰਕੜੇ ਹੇਠ ਲਿਖੇ ਹਨ:

੧੯੭੯ ਵਿੱਚ ੨੫੨੦੦ ਮੀਟਰਿਕ ਟਨ, ੧੯੮੦ ਵਿੱਚ ੩੫੨੩੧ ਮੀਟਰਿਕ ਟਨ, ੧੯੮੧ ਵਿੱਚ ੩੯੬੦੮ ਮੀਟਰਿਕ ਟਨ। ਇਸ ਵਿੱਚ ਦੇਖੋ ਕਿ ਤਿੰਨਾਂ ਸਾਲਾਂ ਵਿੱਚ ਹੀ ਦੂਜੇ ਦੇਸ਼ਾਂ ਨੂੰ ਭੇਜੇ ਜਾਣ ਵਾਲੇ ਮਾਸ ਦੀ ਮਾਤਰਾ ਡਿਓੜ੍ਹੀ ਤੋਂ ਵੀ ਵੱਧ ਹੋ ਗਈ। ਇਹ ਸਾਰੇ ਅੰਕੜੇ ਸਰਕਾਰ ਦੇ ਦਿੱਤੇ ਹੋਏ ਹਨ। ਸਭ ਜਾਣਦੇ ਹਨ ਕਿ ਵਪਾਰ ਵਿੱਚ ਬੇਈਮਾਨੀ ਵੀ ਹੁੰਦੀ ਹੈ ਤੇ ਜਿੰਨੇ ਬੈਲ ਤੇ ਗਊਆਂ ਚੋਰੀ ਕੱਟੇ ਜਾਂਦੇ ਹਨ ਉਨ੍ਹਾਂ ਦੀ ਗਿਣਤੀ ਸਰਕਾਰ ਪਾਸ ਨਹੀਂ ਜਾਂਦੀ। ਇਸ ਲਈ ਕੌਣ ਜਾਣਦਾ ਹੈ ਕਿ ਅਸਲ ਵਿੱਚ ਕਿੰਨੇ ਬੈਲ ਤੇ ਗਊਆਂ ਭਾਰਤ ਵਿੱਚ ਕਤਲ ਕੀਤੇ ਜਾਂਦੇ ਹਨ।

---

## ਕੋਈ ਅੱਥਰੂ ਬਚਿਆ ਜੇ ਤਾਂ ਵਗਾ ਲਉ

ਨਵੀਂ ਦਿੱਲੀ—੧੬ ਦਸੰਬਰ (ਯੂ. ਐਨ. ਆਈ.) "**ਜੇ ਕੋਈ ਹੰਝੂ ਬਚਿਆ ਜੇ ਤਾਂ ਵਗਾ ਲਉ, ਕਿਉਂਕਿ ਅੱਜ ਸਾਡੀ ਇੱਜ਼ਤ ਮਿੱਟੀ ਵਿੱਚ ਮਿਲ ਗਈ ਹੈ। ਲੋਕ ਇਹ ਨਹੀਂ ਆਖਣਗੇ ਕਿ ਅੰਨ੍ਹੇ ਕਰਨ ਦਾ ਕਾਂਡ ਭਾਗਲਪੁਰ ਵਿੱਚ ਜਾਂ ਬਿਹਾਰ ਵਿੱਚ ਹੋਇਆ, ਸਗੋਂ ਉਹ ਕਹਿਣਗੇ ਕਿ ਇਹ ਸਭ ਕੁਝ ਭਾਰਤ ਵਿੱਚ ਹੋਇਆ।**" ਇਹ ਸ਼ਬਦ ਅੱਜ ਬਜ਼ੁਰਗ ਰਾਜਸੀ ਨੇਤਾ ਆਚਾਰੀਆ ਕ੍ਰਿਪਲਾਨੀ ਨੇ ਭਾਗਲਪੁਰ ਕੇਂਦਰੀ ਜੇਲ੍ਹ ਵਿੱਚ ਪੈਂਤੀ ਹਵਾਲਾਤੀ ਕੈਦੀਆਂ ਦੀਆਂ ਅੱਖਾਂ ਵਿੰਨ੍ਹ ਕੇ ਉਹਨਾਂ ਨੂੰ ਅੰਨ੍ਹਾ ਕਰਨ ਵਾਲੀ ਘਟਨਾ ਦੇ ਸੰਬੰਧ ਵਿੱਚ ਆਖੇ। ਉਹ ਇੱਥੇ ਗਾਂਧੀ ਸ਼ਾਂਤੀ ਫਾਊਂਡੇਸ਼ਨ ਅਧੀਨ ਹੋਏ ਇਕ ਆਮ ਜਲਸੇ ਵਿੱਚ ਭਾਸ਼ਨ ਦੇ ਰਹੇ ਸਨ। **ਉਹਨਾਂ ਨੇ ਆਖਿਆ ਕਿ ਜਦੋਂ ਅੰਗਰੇਜ਼ ਸਾਡੇ ਉੱਤੇ ਰਾਜ ਕਰਦੇ ਸਨ ਤਾਂ ਮੈਂ ਕਿਹਾ ਕਰਦਾ ਸਾਂ ਕਿ ਉਹ ਫਰੇਬੀ ਹਨ; ਪਰ ਫਰੇਬੀ ਅਸੀਂ ਹਾਂ ਅੰਗਰੇਜ਼ ਨਹੀਂ ਸਨ।**

(ਰੋਜ਼ਾਨਾ ਹਿੰਦ ਸਮਾਚਾਰ ੧੭-੧੨-੮੧ 'ਚੋਂ ਧੰਨਵਾਦ ਸਹਿਤ !)



## ਤੁਰਦੀਆਂ ਫਿਰਦੀਆਂ ਲੱਤਾਂ

ਮੈਨੂੰ ਲੱਗਦਾ ਹੈ ਕਿ ਮੈਂ ਉਦੋਂ ਤਕ ਆਪਣੀ ਸਿਹਤ ਅਤੇ ਫੁਰਤੀ ਕਾਇਮ ਨਹੀਂ ਰੱਖ ਸਕਦਾ ਜਦ ਤਕ ਕਿ ਪ੍ਰਤੀ-ਦਿਨ ਘੱਟੋ-ਘੱਟ ਚਾਰ ਘੰਟੇ ਪੈਦਲ ਨਾ ਚੱਲ ਲਵਾਂ। ਜੰਗਲਾਂ ਪਹਾੜਾਂ, ਖੇਤਾਂ ਵਿੱਚ ਆਪਣੇ ਸੰਸਾਰਕ ਕੰਮ-ਕਾਜ ਨੂੰ ਬਿਲਕੁਲ ਭੁਲਾ ਕੇ, ਜਦ ਮੈਨੂੰ ਇਸਦਾ ਧਿਆਨ ਆਉਂਦਾ ਹੈ ਕਿ ਕਾਰੀਗਰ ਤੇ ਦੁਕਾਨਦਾਰ ਆਪਣੇ ਕਾਰਖ਼ਾਨਿਆਂ ਅਤੇ ਦੁਕਾਨਾਂ ਵਿੱਚ ਕੇਵਲ ਦੁਪਹਿਰ ਤਕ ਹੀ ਨਹੀਂ ਬਲਕਿ ਦੁਪਹਿਰ ਦੇ ਪਿੱਛੋਂ ਵੀ ਪਲੱਥਾ ਮਾਰੀ ਬੈਠੇ ਰਹਿੰਦੇ ਹਨ; ਜਿਵੇਂ ਲੱਤਾਂ ਖੜ੍ਹੀਆਂ ਹੋਣ ਜਾਂ ਚੱਲਣ ਦੀ ਥਾਂ ਬੈਠਣ ਲਈ ਬਣਾਈਆਂ ਗਈਆਂ ਹੋਣ। ਮੈਂ ਸੋਚਦਾ ਹਾਂ ਕਿ ਉਹਨਾਂ ਨੂੰ ਇਸ ਦਾ ਸਿਹਰਾ ਮਿਲਣਾ ਚਾਹੀਦਾ ਹੈ ਕਿ ਉਹਨਾਂ ਨੇ ਤੁਰਨਾ ਫਿਰਨਾ ਛੱਡ ਕੇ ਬੈਠਿਆਂ ਰਹਿਣ ਦੇ ਇੰਨੇ ਲੰਬੇ ਸਮੇਂ ਤੋਂ ਹੁਣ ਤਕ ਆਤਮਘਾਤ ਨਹੀਂ ਕੀਤਾ ਹੈ। ਆਦਮੀ ਤਾਂ ਊਠ ਵਾਂਙ ਚੱਲਣਾ ਚਾਹੀਦਾ ਹੈ ਜੋ ਕਿ ਇਕ ਮਾਤਰ ਅਜਿਹਾ ਜਾਨਵਰ ਹੈ ਜਿਹੜਾ ਚੱਲਦਾ ਹੋਇਆ ਹੀ ਸੋਚਦਾ ਹੈ। ਇਕ ਵਾਰੀ ਕਿਸੇ ਨੇ ਪ੍ਰਸਿੱਧ ਕਵੀ ਵਰਡਸਵਰਥ ਦੀ ਨੌਕਰਾਣੀ ਨੂੰ ਕਿਹਾ ਕਿ ਉਹਨਾਂ ਦਾ ਉਹ ਕਮਰਾ ਦਿਖਾਓ ਜਿੱਥੇ ਉਹ ਅਧਿਐਨ ਕਰਦੇ ਹਨ। ਨੌਕਰਾਣੀ ਨੇ ਇਕ ਕਮਰਾ ਵਿਖਾਇਆ ਅਤੇ ਕਹਿਣ ਲੱਗੀ, ਇੱਥੇ ਉਹਨਾਂ ਦੀਆਂ ਪੁਸਤਕਾਂ ਪਈਆਂ ਹਨ ਪਰ ਅਧਿਐਨ ਉਹ ਘਰ ਤੋਂ ਬਾਹਰ ਹੀ ਕਰਦੇ ਹਨ।

—ਹੈਨਰੀ ਥੋਰੋ

(ਰੋਜ਼ਾਨਾ ਅਕਾਲੀ ਪੱਤ੍ਰਕਾ ਜਲੰਧਰ ੧੩ ਮਈ, ੧੯੭੭ ਦੇ ਧੰਨਵਾਦ ਸਹਿਤ!)

# ਤੰਬਾਕੂ

ਤੰਬਾਕੂ ਵਿੱਚ ਇੱਕੀ ਪ੍ਰਕਾਰ ਦੇ ਜ਼ਹਿਰ ਛੁਪੇ ਹੋਏ ਹਨ । ਨਿਕੋਟੀਨ ਉਸ ਵਿੱਚ ਤੇਜ਼ ਹੈ । ਉਸ ਦੀ ਇਕ ਬੂੰਦ ਤੋਂ ਛੇ ਬਿੱਲੀਆਂ ਜਾਂ ਦੋ ਕੁੱਤੇ ਮਰ ਸਕਦੇ ਹਨ ਤੇ ਅੱਠ ਬੂੰਦਾਂ ਨਾਲ ਇਕ ਤਾਕਤਵਰ ਘੋੜਾ । ਤੰਬਾਕੂ ਨੇ ਬੰਦੇ ਨੂੰ ਚਿਤਾਵਨੀ ਦਿੱਤੀ ਹੈ—'ਖਾਂਸੀ ਕਰਾਂ, ਖੰਘ ਕਰਾਂ, ਫੇਰ ਵੀ ਨਾ ਮਰੇ ਤਾਂ ਮੈਂ ਕੀ ਕਰਾਂ । ਬੀੜੀ, ਸਿਗਰਟ, ਹੁੱਕਾ ਜਾਂ ਚਿਲਮ ਦਾ ਸ਼ੌਕ ਪੂਰਾ ਕਰਨ ਵਿੱਚ ਜਿਹੜਾ ਪੈਸਾ ਖ਼ਰਚ ਹੁੰਦਾ ਹੈ ਉਸ ਤੋਂ ਕੋਈ ਲਾਭ ਨਹੀਂ ਪੁੱਜਦਾ । ਜ਼ਿਮੀਂਦਾਰਾਂ ਨੂੰ ਘੀ ਵੇਚ ਕੇ ਤੰਬਾਕੂ ਖ਼ਰੀਦਦਿਆਂ ਹੋਇਆਂ ਦੇਖਿਆ ਗਿਆ ਹੈ । ੬੮ ਸਾਲਾਂ ਦੀ ਉਮਰ ਦਾ ਬੰਦਾ ਜਿੰਨਾ ਤੰਬਾਕੂ ਪੀਂਦਾ ਹੈ ਉਹ ਤਿੰਨ ਤੋਂ ਲੈ ਕੇ ੫ ਕਵਿੰਟਲਾਂ ਤਕ ਹੁੰਦਾ ਹੈ । ਅਜਿਹੇ ਬੰਦੇ ਦੀ ਉਮਰ ਵੀ ੫ ਸਾਲ ਘਟ ਜਾਂਦੀ ਹੈ । ਦਿਲ ਦੇ ਰੋਗ ਦਾ ਇਕ ਕਾਰਣ ਤੰਬਾਕੂ ਪੀਣਾ ਵੀ ਹੈ ਜਿਸ ਤੋਂ ਉਂਗਲੀਆਂ ਦਾ ਲਕਵਾ, ਦਿਲ, ਜਿਗਰ, ਫੇਫੜੇ ਤੇ ਗੁਰਦੇ ਸਾਰੇ ਅੰਗ ਕੰਮ ਕਰਨ ਤੋਂ ਰਹਿ ਜਾਂਦੇ ਹਨ । ਇੰਨੇ ਨੁਕਸਾਨ ਪੁਚਾਉਣ ਵਾਲਾ ਤੰਬਾਕੂ ਜਿਸ ਧਰਤੀ 'ਤੇ ਬੀਜਿਆ ਜਾਂਦਾ ਹੈ ਉਹ ਪੰਜ ਲੱਖ ਹੈਕਟਰ ਹੁੰਦੀ ਹੈ । ਜਿਸ ਦੇਸ਼ ਵਿੱਚ ਅੰਨ ਲਈ ਧਰਤੀ ਲੋੜ ਤੋਂ ਘੱਟ ਹੋਵੇ, ਅਨੇਕਾਂ ਖੇਤੀਕਾਰਾਂ ਪਾਸ ਧਰਤੀ ਨਾ ਹੋਵੇ, ਅਨੇਕਾਂ ਬੰਦੇ ਅਨਾਜ ਦੀ ਪੈਦਾਵਾਰ ਦੀ ਘਾਟ ਕਾਰਨ ਭੁੱਖੇ ਮਰਦੇ ਹੋਣ, ਉੱਥੇ ਤੰਬਾਕੂ ਦੀਆਂ ਜ਼ਹਿਰੀਲੀਆਂ ਬੂਟੀਆਂ ਵੀ ਬੀਜੀਆਂ ਜਾਂਦੀਆਂ ਹਨ ।

–ਭਗਤ ਪੂਰਨ ਸਿੰਘ



# ਭਾਰੇ ਖ਼ਤਰੇ

ਭਾਰੇ ਖ਼ਤਰੇ ਪੈਦਾ ਕਰ ਰਹੇ ਹੋ, ਦੁਨੀਆਂ ਦੇ ਬੰਦਿਓ! ਆਪਣੇ ਲਈ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ, ਆਪਣੇ ਜਿਊਣ ਦੇ ਗ਼ਲਤ ਢੰਗਾਂ ਨਾਲ । ਉਹਨਾਂ ਖ਼ਤਰਿਆਂ ਨੂੰ ਘਟਾਉਣ ਤੇ ਰੋਕ ਪਾਉਣ ਲਈ ਤੁਹਾਨੂੰ ਆਪਣੇ ਜੀਵਨ ਢੰਗ ਬਦਲਣੇ ਪੈਣਗੇ। ਜਿਹੜੇ ਖ਼ਤਰੇ ਪੈਦਾ ਹੋ ਚੁੱਕੇ ਹਨ ਉਹਨਾਂ ਦਾ ਵੀ ਪਤਾ ਕਰੋ ਤੇ ਜਿਨ੍ਹਾਂ ਨੂੰ ਪੈਦਾ ਕਰਦੇ ਜਾ ਰਹੇ ਹੋ ਉਹਨਾਂ ਦਾ ਪਤਾ ਵੀ ਕਰੋ। ਤੁਸੀਂ ਨਾ ਕੇਵਲ ਆਪ ਖ਼ਤਰਿਆਂ ਤੋਂ ਬਚਣਾ ਹੈ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਬਚਾਉਣਾ ਹੈ। ਮਸ਼ੀਨੀ ਸੱਭਿਅਤਾ ਮਨੁੱਖ ਦੀ ਰਹਿਣ ਸਹਿਣ ਦੀ ਜੀਵਨ ਚਾਲ ਵਿੱਚ ਲਗਾਤਾਰ ਨਵੀਂ ਤੋਂ ਨਵੀਂ ਅਦਲਾ-ਬਦਲੀ ਪੈਦਾ ਕਰਦੀ ਜਾ ਰਹੀ ਹੈ, ਜਿਸ ਦੇ ਕਾਰਨ ਹਵਾ ਵੀ ਦਿਨ-ਪ੍ਰਤੀ ਦਿਨ ਵੱਧ ਤੋਂ ਵੱਧ ਜ਼ਹਿਰੀਲੀ ਬਣਦੀ ਜਾ ਰਹੀ ਹੈ, ਦਰਿਆਵਾਂ ਤੇ ਸਮੁੰਦਰਾਂ ਦਾ ਪਾਣੀ ਵੀ ਵੱਧ ਤੋਂ ਵੱਧ ਜ਼ਹਿਰੀਲਾ ਬਣਦਾ ਜਾ ਰਿਹਾ ਹੈ । ਧਰਤੀ ਵੀ ਰੇਤ ਦਾ ਮਾਰੂਥਲ ਬਣਦੀ ਜਾ ਰਹੀ ਹੈ ਅਤੇ ਆਪਣੀ ਅੰਨ- ਉਪਜਾਊ ਸ਼ਕਤੀ ਨੂੰ ਗਵਾ ਰਹੀ ਹੈ। ਸਾਡੇ ਇਸ਼ਤਿਹਾਰ ਇਹਨਾਂ ਖ਼ਤਰਿਆਂ 'ਤੇ ਚਾਨਣਾ ਪਾਉਂਦੇ ਹਨ। ਇਸ ਲਈ ਇਨ੍ਹਾਂ ਇਸ਼ਤਿਹਾਰਾਂ ਨੂੰ ਆਪ ਵੀ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਉ। ਪਿੰਗਲਵਾੜੇ ਦੇ ਪ੍ਰਚਾਰ ਦਾ ਕੰਮ ਕੋਈ ਮਾਮੂਲੀ ਕੰਮ ਨਹੀਂ ਹੈ। ਇਹ ਕੰਮ ਸਭਨਾਂ ਦੇ ਰਲ ਕੇ ਕਰਨ ਵਾਲਾ ਹੈ। ਦਰਿਆਵਾਂ ਦੇ ਹੜ੍ਹ ਤਬਾਹੀਆਂ ਲਿਆ ਰਹੇ ਹਨ। ਹੜ੍ਹਾਂ ਨਾਲ ਅੰਨ-ਉਪਜਾਊ ਧਰਤੀ ਖੁਰ-ਖੁਰ ਕੇ ਪਾਣੀ ਦੇ ਡੈਮਾਂ ਨੂੰ ਦਬਾ-ਦਬ ਭਰ ਰਹੀ ਹੈ, ਜਿਨਾਂ ਡੈਮਾਂ ਤੋਂ ਬਿਜਲੀ ਵੀ ਪੈਦਾ ਹੋ ਰਹੀ ਹੈ, ਨਹਿਰਾਂ ਵੀ ਨਿਕਲ ਰਹੀਆਂ ਹਨ । ਇਹ ਖ਼ਤਰੇ ਰੁੱਖਾਂ ਨੂੰ ਲਾਉਣ ਨਾਲ ਦੂਰ ਹੋ ਸਕਦੇ ਹਨ।

–ਭਗਤ ਪੂਰਨ ਸਿੰਘ

# ਵਾਯੂ-ਮੰਡਲ ਦੀ ਵਧ ਰਹੀ ਗਰਮੀ

ਰੂਸ ਦੇਸ਼ ਵਿੱਚ ਇਕ ਥਾਂ ਜਿੱਥੇ ਬਰਫ਼ ਪੈਣ ਨਾਲ ਠੰਢ ਹੋ ਜਾਂਦੀ ਸੀ ਉੱਥੇ ਬੀਤੇ ਸਿਆਲ ਠੰਢ ਤੋਂ ਲੋਕ ਹੈਰਾਨ ਹੋ ਗਏ ਸਨ, ਕਿਉਂਕਿ ਕਾਰਖ਼ਾਨਿਆਂ ਦੀ ਗਰਮ ਹਵਾ ਨੇ ਵਾਤਾਵਰਨ ਨੂੰ ਠੰਢਾ ਨਹੀਂ ਸੀ ਹੋਣ ਦਿੱਤਾ। ਰੁੱਖ ਹਵਾ ਵਿੱਚੋਂ ਅਜਿਹੀ ਗਰਮੀ ਪੀ ਜਾਂਦੇ ਹਨ। ਜਿੰਨੀ ਗਰਮੀ ਦਰਮਿਆਨੇ ਦਰਜੇ ਦੇ ੨੦ ਏਅਰ ਕੰਡੀਸ਼ਨਰ ਖ਼ਤਮ ਕਰਦੇ ਹਨ, ਇੰਨੀ ਗਰਮੀ ਇਕ ਸਾਧਾਰਣ ਰੁੱਖ ਖ਼ਤਮ ਕਰਨ ਦੀ ਸਮਰੱਥਾ ਰੱਖਦਾ ਹੈ। ਇੱਥੋਂ ਤਕ ਕਿ ਜੇਕਰ ਕਿਸੇ ਸੇਮ ਵਾਲੇ ਇਲਾਕੇ ਵਿੱਚ ਸਫ਼ੈਦੇ ਦੇ ਦਰੱਖ਼ਤ ਲਗਾ ਦਿੱਤੇ ਜਾਣ ਸੇਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਪੈਟਰੋਲ ਦੀ ਖਪਤ ਤੋਂ ਪ੍ਰਦੂਸ਼ਿਤ ਵਾਤਾਵਰਣ ਨਾਲ ਮਨੁੱਖੀ ਸਿਹਤ 'ਤੇ ਬਹੁਤ ਅਸਰ ਪੈਂਦਾ ਹੈ। ਇਸ ਨਾਲ ਮਨੁੱਖਾਂ ਵਿੱਚ ਬਲੱਡ-ਪ੍ਰੈਸ਼ਰ (ਖ਼ੂਨ ਦੇ ਦਬਾਓ ਦਾ ਰੋਗ) ਵਧ ਰਿਹਾ ਹੈ ਅਤੇ ਦਿਮਾਗ਼ੀ ਨੁਕਸ ਵੀ ਪੈਦਾ ਹੋਣ ਦੀ ਸੰਭਾਵਨਾ ਪੈਦਾ ਹੋ ਰਹੀ ਹੈ। ਕਾਰਖ਼ਾਨਿਆਂ ਰਾਹੀਂ ਹਵਾ ਵਿੱਚ ਸਲਫ਼ਰ ਡਾਇਆਕਸਾਈਡ ਵਧ ਰਹੀ ਹੈ। ਕੁਝ ਰੁੱਖ ਕੁਝ ਹੱਦ ਤਕ ਇਸ ਨੂੰ ਸਮਾਪਤ ਕਰ ਸਕਦੇ ਹਨ; ਪਰ ਇਸ ਦੀ ਬਹੁਤੀ ਮਾਤਰਾ ਵਿੱਚ ਵਧਣ ਨਾਲ ਰੁੱਖਾਂ 'ਤੇ ਵੀ ਭੈੜਾ ਅਸਰ ਪੈਣ ਦੇ ਕਾਰਨ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ। ਮਨੁੱਖ ਕਈ ਪ੍ਰਕਾਰ ਦੇ ਯੰਤਰਾਂ ਤੇ ਕਾਰਖ਼ਾਨਿਆਂ ਰਾਹੀਂ ਹਵਾ ਦਾ ਤਾਪਮਾਨ ਵਧਾ ਰਿਹਾ ਹੈ।



# ਘਾਤਕ ਉੱਚੀ ਆਵਾਜ਼

ਦੇਸ਼ ਵਾਸੀਓ! ਟਰੱਕਾਂ, ਬੱਸਾਂ, ਮੋਟਰਕਾਰਾਂ ਦੀ ਮਸ਼ੀਨਰੀ ਤੇ ਉਨ੍ਹਾਂ ਦੇ ਹਾਰਨਾਂ ਦੀ ਉੱਚੀ ਆਵਾਜ਼ ਤੋਂ ਬਚਣ ਦਾ ਫ਼ਿਕਰ ਕਰੋ। ਇਹ ਆਵਾਜ਼ ਬੰਦੇ ਦੀ ਸਿਹਤ ਲਈ ਹਾਨੀਕਾਰਕ ਤੇ ਘਾਤਕ ਹੈ। ਇਹ ਅੱਖਾਂ ਦੇ ਰੋਗ ਪੈਦਾ ਕਰਦੀ ਹੈ ਤੇ ਕੰਨਾਂ ਨੂੰ ਬੋਲਿਆਂ ਵੀ ਕਰਦੀ ਹੈ। ਡਾਕਟਰ ਆਖਦੇ ਹਨ ਕਿ ਅਨੇਕਾਂ ਮਾਨਸਿਕ ਤੇ ਦਿਮਾਗ਼ੀ ਰੋਗਾਂ ਦੇ ਕਾਰਨਾਂ ਵਿੱਚੋਂ ਉੱਚੀ ਆਵਾਜ਼ ਵੀ ਇਕ ਖ਼ਾਸ ਕਾਰਨ ਹੈ ਜਿਸ ਤੋਂ ਅੱਖਾਂ ਦੇ ਰੋਗ, ਪੇਟ ਦੀ ਖ਼ਰਾਬੀ, ਨੀਂਦ ਨਾ ਆਉਣ ਦਾ ਉਨੀਂਦਰਾ ਰੋਗ ਵੀ ਪੈਦਾ ਹੁੰਦੇ ਹਨ। ਬੱਸਾਂ ਤੇ ਟਰੱਕਾਂ ਦੇ ਹਾਰਨਾਂ ਦੀ ਆਵਾਜ਼ ਸ਼ਹਿਰਾਂ ਤੇ ਕਸਬਿਆਂ ਦੀਆਂ ਸੜਕਾਂ ਦੇ ਨਜ਼ਦੀਕ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਦਾ ਜਿਊਣਾ ਦੁੱਭਰ ਕਰ ਰਹੀ ਹੈ। ਇਸ ਉੱਚੀ ਆਵਾਜ਼ ਨੇ ਸੜਕਾਂ ਦੇ ਕੰਢਿਆਂ 'ਤੇ ਰਹਿਣ ਵਾਲੇ ਬਿਰਧ ਬੰਦਿਆਂ ਤੇ ਬੱਚਿਆਂ ਦਾ ਹਾਲ ਬਹੁਤ ਬੁਰਾ ਕਰ ਦਿੱਤਾ ਹੈ। ਉਹ ਪਰੇਸ਼ਾਨ ਤੇ ਦੁਖੀ ਹਨ। ਸ਼ਹਿਰਾਂ ਤੇ ਕਸਬਿਆਂ ਦੀਆਂ ਸੜਕਾਂ 'ਤੇ ਚੱਲਣ ਵਾਲੇ ਸਾਈਕਲ ਸਵਾਰਾਂ, ਪੈਦਲ ਤੁਰਨ ਵਾਲਿਆਂ ਤੇ ਰਿਕਸ਼ੇ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਪਿੱਛੋਂ ਆ ਰਹੀ ਬੱਸ ਲਈ ਰਸਤਾ ਸਾਫ਼ ਰੱਖਣ, ਤਾਂ ਜੋ ਉਨ੍ਹਾਂ ਨੂੰ ਪਰ੍ਹੇ ਹਟਾਉਣ ਲਈ ਬੱਸ ਵਾਲੇ ਨੂੰ ਹਾਰਨ ਨਾ ਵਜਾਉਣਾ ਪਵੇ। ਬੱਸਾਂ ਦੀਆਂ ਸਵਾਰੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਸ਼ਹਿਰਾਂ ਤੇ ਕਸਬਿਆਂ ਦੀ ਵੱਸੋਂ ਵਾਲੀਆਂ ਸੜਕਾਂ ਦੇ ਉੱਤੇ ਡਰਾਈਵਰਾਂ ਨੂੰ ਬੱਸਾਂ ਨੂੰ ਤੇਜ਼ ਨਾ ਚਲਾਉਣ ਦੇਣ। ਦਿਨ-ਰਾਤ ਧੜਾ-ਧੜ ਮੌਤ ਦਾ ਵਪਾਰ ਕਰਨ ਵਾਲੀਆਂ ਥਾਂ-ਥਾਂ 'ਤੇ ਬੰਦਿਆਂ ਨੂੰ ਮਾਰ ਰਹੀਆਂ ਬੱਸਾਂ ਦੀ ਥਾਂ ਰੇਲਾਂ, ਟਾਂਗਿਆਂ ਤੇ ਰਿਕਸ਼ਿਆਂ ਦਾ ਸਫ਼ਰ ਕਰੋ।

-ਭਗਤ ਪੂਰਨ ਸਿੰਘ

# ਸਫ਼ਰ ਕਿਵੇਂ

ਜਿਹੜੇ ਬੰਦੇ ਪ੍ਰਤੀ-ਦਿਨ ਅਖ਼ਬਾਰ ਪੜ੍ਹਦੇ ਹਨ ਉਹਨਾਂ ਨੂੰ ਪਤਾ ਹੈ ਕਿ ਕੋਈ ਦਿਨ ਹੀ ਬੱਸਾਂ ਦੇ ਹਾਦਸਿਆਂ ਤੋਂ ਖ਼ਾਲੀ ਜਾਂਦਾ ਹੋਵੇਗਾ, ਬੱਚੇ, ਇਸਤਰੀਆਂ ਤੇ ਮਰਦ ਇਹਨਾਂ ਹਾਦਸਿਆਂ ਵਿੱਚ ਪ੍ਰਤੀ-ਦਿਨ ਬਿਨ ਆਈਆਂ ਮੌਤਾਂ ਮਰ ਰਹੇ ਹਨ । ਬੱਸ ਹਾਦਸੇ ਵਿੱਚ ਹੋਈ ਮੌਤ ਬਾਰੇ ਇਹ ਸੋਚ ਲੈਣਾ ਕਿ ਉਹ ਮੌਤ ਉਸੇ ਤਰ੍ਹਾਂ ਲਿਖੀ ਹੋਈ ਸੀ, ਇਕ ਭੁੱਲ ਹੈ । ਬੱਸਾਂ ਦੇ ਕਾਰਨ ਹੀ ਅਨੇਕਾਂ ਹਾਦਸੇ ਹੋ ਰਹੇ ਹਨ । ਲੋਕਾਂ ਨੂੰ ਚਾਹੀਦਾ ਹੈ ਕਿ ਬੱਸਾਂ ਦੀ ਥਾਂ ਰੇਲਗੱਡੀ ਦਾ ਸਫ਼ਰ ਕਰਨ, ਟਾਂਗੇ ਦਾ ਸਫ਼ਰ ਕਰਨ, ਸਾਈਕਲ ਦਾ ਸਫ਼ਰ ਕਰਨ ਅਤੇ ਪੈਦਲ ਤੁਰਨ । ਬੱਸਾਂ ਦੇ ਹਾਦਸਿਆਂ ਦੀਆਂ ਖ਼ਬਰਾਂ ਨੂੰ ਪੜ੍ਹਨ ਵਾਲੇ ਮੱਥੇ ’ਤੇ ਹੱਥ ਰੱਖ ਕੇ ਇਨ੍ਹਾਂ ਖ਼ਬਰਾਂ ਨੂੰ ਪੜ੍ਹਦੇ ਹਨ ਤੇ ਖ਼ਬਰਾਂ ਪੜ੍ਹ ਕੇ ਉਹਨਾਂ ਨੂੰ ਘਬਰਾਹਟ ਪੈਦਾ ਹੁੰਦੀ ਹੈ । ਜਿਸ ਗਿਣਤੀ ਨਾਲ ਇਹ ਖ਼ਬਰਾਂ ਪ੍ਰਤੀ-ਦਿਨ ਨਿਕਲਦੀਆਂ ਹਨ, ਉਹਨਾਂ ਨੂੰ ਪੜ੍ਹ ਕੇ ਇਹ ਕਿਹਾ ਜਾ ਸਕਦਾ ਹੈ ਕਿ ਹਾਦਸਿਆਂ ਨੇ ਹਾਹਾਕਾਰ ਮਚਾਈ ਹੋਈ ਹੈ; ਪਰ ਹਾਦਸਿਆਂ ਦੀਆਂ ਝੜੀਆਂ ਲੱਗਣ ਦੇ ਬਾਵਜੂਦ ਜਿਸ ਬੇਪਰਵਾਹੀ ਨਾਲ ਲੋਕੀਂ ਬੱਸਾਂ ’ਤੇ ਚੜ੍ਹ ਰਹੇ ਹਨ ਉਸ ਤੋਂ ਇਹ ਸਾਬਤ ਹੁੰਦਾ ਹੈ ਕਿ ਲੋਕਾਂ ਨੇ ਬੱਸਾਂ ਦੇ ਹਾਦਸਿਆਂ ਨੂੰ ਖੇਡ ਤਮਾਸ਼ਾ ਗਿਣਿਆ ਹੋਇਆ ਹੈ । ਸੌ ਵਿੱਚੋਂ ਇਕ ਆਦਮੀ ਅਖ਼ਬਾਰ ਪੜ੍ਹਦਾ ਹੈ । ਇਸ ਲਈ ਅਣਭੋਲ ਬੰਦੇ ਬੱਸਾਂ ਦੇ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ ।



# ਸ਼ੋਰ

ਸ਼ੋਰ ਸਾਡੀਆਂ ਸਰੀਰਕ ਕ੍ਰਿਆਵਾਂ ਅਤੇ ਮਨੋ-ਅਵਸਥਾ ਉੱਤੇ ਬੁਰੇ ਅਸਰ ਪਾਉਂਦਾ ਹੈ । ਸ਼ੋਰ ਉਹ ਅਣਚਾਹੀ ਆਵਾਜ਼ ਹੈ ਜੋ ਇਹ ਸੋਚੇ ਬਿਨਾਂ ਕਿ ਇਸ ਦਾ ਕੀ ਅਸਰ ਹੋਵੇਗਾ ਵਾਤਾਵਰਣ ਵਿੱਚ ਛੱਡ ਦਿੱਤੀ ਜਾਂਦੀ ਹੈ । ਫੈਕਟਰੀਆਂ ਦੀ ਘਰਰ-ਘਰਰ, ਮੋਟਰਾਂ, ਬੱਸਾਂ ਅਤੇ ਟਰੱਕਾਂ ਦੇ ਹਾਰਨ ਅਤੇ ਤੇਜ਼ ਰਫ਼ਤਾਰ ਵਾਲੇ ਹਵਾਈ ਜਹਾਜ਼ਾਂ ਦੀ ਲਗਾਤਾਰ ਆਵਾਜ਼, ਨਾ ਕੇਵਲ ਬੇਚੈਨੀ ਹੀ ਪੈਦਾ ਕਰਦੀ ਹੈ ਬਲਕਿ ਸੁਣਨ-ਸ਼ਕਤੀ ਨੂੰ ਵੀ ਨਾਸ਼ ਕਰਦੀ ਹੈ ਅਤੇ ਕਈ ਕਿਸਮ ਦੇ ਦਿਲ ਨਾਲ ਸੰਬੰਧਿਤ ਰੋਗਾਂ ਦਾ ਕਾਰਣ ਵੀ ਬਣਦੀ ਹੈ ।

ਸ਼ੋਰ ਗਰਭ ਅਵਸਥਾ ਵਿਚਲੇ ਬੱਚਿਆਂ ਦੇ ਦਿਮਾਗ਼ ’ਤੇ ਅਸਰ ਕਰਦਾ ਹੈ । ਇਸ ਨਾਲ ਉਹਨਾਂ ਦੇ ਸੁਭਾਅ ’ਤੇ ਅਸਰ ਪੈਂਦਾ ਹੈ ਅਤੇ ਮਾਨਸਿਕ ਤੇ ਪੇਟ ਦੇ ਰੋਗ ਲੱਗ ਜਾਂਦੇ ਹਨ । ਇਸ ਤੋਂ ਇਲਾਵਾ ਸ਼ੋਰ ਪੜ੍ਹਨ ਵਾਲਿਆਂ ਲਈ ਅਤੇ ਰੋਗੀਆਂ ਲਈ ਵਾਤਾਵਰਣ ਬੇਚੈਨ ਬਣਾ ਦਿੰਦਾ ਹੈ ।

ਸ਼ਹਿਰ ਵਿੱਚ ਇੰਝਣ ਵਾਲੇ ਰਿਕਸ਼ਿਆਂ ਨਾਲ ਸ਼ੋਰ ਹੀ ਨਹੀਂ ਸਗੋਂ ਹਵਾ ਵੀ ਗੰਦਲਦੀ ਹੈ । ਲਾਟਰੀ ਵਾਲਿਆਂ ਦੀਆਂ ਤੇਜ਼ ਆਵਾਜ਼ਾਂ, ਇਸ਼ਤਿਹਾਰਬਾਜ਼ੀ ਕਰਨ ਵਾਲਿਆਂ ਦਾ ਰੌਲਾ-ਰੱਪਾ, ਚੋਣ ਪਾਰਟੀਆਂ ਤੇ ਵਿਆਹਾਂ ਵਾਲਿਆਂ ਦੇ ਲਾਊਡ ਸਪੀਕਰ ਵੀ ਘੱਟ ਸ਼ੋਰ ਨਹੀਂ ਕਰਦੇ ।

(ਪੰਜਾਬੀ ਟ੍ਰਿਬਿਊਨ ੧੨ ਫ਼ਰਵਰੀ ’ਤੇ ਅਧਾਰਤ)

---

***ਬੱਸਾਂ ਦੀ ਥਾਂ ਰੇਲਗੱਡੀਆਂ ਰਾਹੀਂ ਸਫ਼ਰ ਹੋ ਸਕਦਾ ਹੈ । ਸ਼ਹਿਰਾਂ ਵਿੱਚ ਲੋਕਲ ਬੱਸਾਂ ਦੀ ਥਾਂ ਟਾਂਗਿਆਂ ਦੀ ਤੇ ਉਨ੍ਹਾਂ ਰਿਕਸ਼ਿਆਂ ਦੀ ਸਵਾਰੀ ਹੋ ਸਕਦੀ ਹੈ ਜਿਨ੍ਹਾਂ ਨੂੰ ਬੰਦੇ ਖਿੱਚਦੇ ਹਨ । ਬਾਈਸਿਕਲਾਂ ਦੀ ਸਵਾਰੀ ਕੀਤੀ ਜਾ ਸਕਦੀ ਹੈ । ਫੇਰ ਹਰ ਬੈਠਕ ਵਾਲੇ ਬੰਦੇ ਨੂੰ ਆਪਣੀ ਤੰਦਰੁਸਤੀ ਕਾਇਮ ਰੱਖਣ ਲਈ ਘੱਟੋ-ਘੱਟ ਸਾਢੇ ਅੱਠ ਮੀਲ ਪੈਦਲ ਤੁਰਨਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਕਈ ਪ੍ਰਕਾਰ ਦੇ ਰੋਗ ਲੱਗ ਜਾਂਦੇ ਹਨ । –ਭਗਤ ਪੂਰਨ ਸਿੰਘ***

# ਸਿਲਵਰ ਦੇ ਭਾਂਡੇ ਨਾ ਵਰਤੋ

ਇਹ ਇਕ ਜ਼ਹਿਰੀਲੀ ਧਾਤ ਹੈ, ਇਨ੍ਹਾਂ ਭਾਂਡਿਆਂ ਨੂੰ ਵਰਤਣ ਤੋਂ ਕਈ ਰੋਗ ਲੱਗਦੇ ਹਨ । ਦਿੱਲੀ ਦੇ ਸਪਤਾਹਿਕ ਅੰਗਰੇਜ਼ੀ ਪਰਚੇ ਆਰਗੇਨਾਈਜ਼ਰ ਦੇ ੬ ਅਪ੍ਰੈਲ ੧੯੮੬ ਦੇ ਅੰਕ ਵਿੱਚ ਇਕ ਲੇਖ ਸਿਲਵਰ (ਅਲਮੀਨੀਅਮ) ਦੇ ਭਾਂਡਿਆਂ ਦੀ ਨਿਖੇਧੀ ਬਾਰੇ ਸੀ. ਆਰ. ਵਰਮਾ ਦਾ ਨਿਕਲਿਆ ਹੈ । ਵਰਮਾ ਕੈਰਲ ਰਿਆਸਤ ਦੇ ਸ਼ਹਿਰ ਅਰਨਾਕੁਲਮ ਵਿੱਚ **Nature Cure Foundation** ਨੇਚਰ ਕਿਓਰ ਫਾਊਂਡੇਸ਼ਨ ਦਾ ਸੈਕਰੇਟਰੀ ਹੈ । ਉਹ ਸੰਸਥਾ ਕੁਦਰਤੀ ਤਰੀਕੇ ਨਾਲ ਲੋਕਾਂ ਦੇ ਰੋਗਾਂ ਦਾ ਇਲਾਜ ਕਰਨ ਵਾਲੀ ਹੈ । ਵਰਮਾ ਨੇ ਲਿਖਿਆ ਹੈ ਕਿ ਮੈਂ ਕੁਦਰਤੀ ਤਰੀਕੇ ਨਾਲ ਜੀਵਨ ਜਿਊਣ ਦਾ ਪ੍ਰਚਾਰ ਕਰਦਾ ਹਾਂ, ਤਾਂ ਜੋ ਲੋਕਾਂ ਦੇ ਉਹ ਰੋਗ ਹਟ ਜਾਣ ਜਿਹੜੇ ਕੁਦਰਤ ਦੇ ਅਸੂਲਾਂ ਦੀ ਉਲੰਘਣਾ ਕਰਨ ਦੇ ਕਾਰਨ ਲੱਗਿਆ ਕਰਦੇ ਹਨ ਤੇ ਉਨ੍ਹਾਂ ਨੂੰ ਹਟਾਉਣ ਲਈ ਕੁਦਰਤੀ ਤਰੀਕਿਆਂ ਨੂੰ ਵਰਤਣ ਦੀ ਸਿੱਖਿਆ ਦਿੰਦਾ ਹਾਂ । ਉਸਨੇ ਲਿਖਿਆ ਹੈ ਕਿ ਮੈਨੂੰ ਇਸ ਕੰਮ ਵਿੱਚ ਲੱਗੇ ਨੂੰ ੨੬ ਸਾਲ ਹੋ ਚੁੱਕੇ ਹਨ । ਹੇਠ ਲਿਖੇ ਰੋਗਾਂ ਦੇ ਜਿਹੜੇ ਰੋਗੀ ਮੇਰੇ ਪਾਸ ਸਖ਼ਤ ਤਕਲੀਫ਼ ਨਾਲ ਆਏ ਉਹ ਸਾਰੇ ਦੇ ਸਾਰੇ ਸਿਲਵਰ ਦੇ ਭਾਂਡਿਆਂ ਨੂੰ ਵਰਤਣ ਵਾਲੇ ਸਨ—ਮਿਹਦੇ ਦੇ ਰੋਗ, ਮਿਹਦੇ ਦੇ ਫੋੜੇ, ਨੀਂਦ ਘੱਟ ਲਿਆਉਣ ਵਾਲੇ ਉਨੀਂਦਰੇ ਦਾ ਰੋਗ, ਗੁਰਦੇ ਦਾ ਰੋਗ, ਦਿਲ ਦੇ ਇਕ ਪੁਰਜੇ ਦੀ ਤਕਲੀਫ਼ ਵਾਲੇ ਰੋਗ, ਕੈਂਸਰ ਦਾ ਰੋਗ । ਜਦ ਉਨ੍ਹਾਂ ਨੇ ਸਿਲਵਰ ਦੇ ਭਾਂਡੇ ਵਰਤਣੇ ਛੱਡ ਦਿੱਤੇ ਤਾਂ ਉਨ੍ਹਾਂ ਦੇ ਉਹ ਰੋਗ ਪੂਰੀ ਤਰ੍ਹਾਂ ਹਟ ਗਏ । ਉਸ ਨੇ ਲਿਖਿਆ ਹੈ ਕਿ ਹੈਰਾਨੀ ਦੀ ਗੱਲ ਮੈਂ ਇਹ ਵੇਖੀ ਕਿ ਉਨੀਂਦਰੇ ਰੋਗ ਦੇ ਜਿਨ੍ਹਾਂ ਰੋਗੀਆਂ ਨੇ ਸਿਲਵਰ ਦੇ ਭਾਂਡੇ ਵਰਤਣੇ ਛੱਡੇ ਉਨ੍ਹਾਂ ਦਾ ਉਨੀਂਦਰੇ ਦਾ ਰੋਗ ਬੜੀ ਛੇਤੀ ਦੂਰ ਹੋ ਗਿਆ । ਜਿਨ੍ਹਾਂ ਬੰਦਿਆਂ ਦੇ ਸਰੀਰ ’ਤੇ ਫੋੜਾ ਸੀ ਜਾਂ ਕੈਂਸਰ ਦਾ ਰੋਗ ਸੀ ਉਨ੍ਹਾਂ ਵਿੱਚੋਂ ਜਿਹੜੇ ਸਿਲਵਰ ਦੇ ਭਾਂਡੇ ਵਰਤਣ ਵਾਲੇ ਸਨ ਉਨ੍ਹਾਂ ਨੂੰ ਉਨ੍ਹਾਂ ਭਾਂਡਿਆਂ ਨੇ ਬੜਾ ਨੁਕਸਾਨ ਪਹੁੰਚਾਇਆ ਸੀ । ਵਰਮਾ ਨੇ ਲਿਖਿਆ ਹੈ ਕਿ ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਮਿੱਟੀ ਦੇ ਭਾਂਡਿਆਂ ਵਿੱਚ ਹੀ ਦਾਲ ਭਾਜੀ ਬਣਾਈ ਜਾਵੇ । ਉਸਨੇ ਲਿਖਿਆ ਹੈ ਕਿ ਆਯੁਰਵੈਦਿਕ ਦਵਾਈਆਂ ਮਿੱਟੀ ਦੇ ਭਾਂਡਿਆਂ ਵਿੱਚ ਬਣਾਈਆਂ ਜਾਂਦੀਆਂ ਹਨ । ਲੇਖਕ ਨੇ ਲਿਖਿਆ ਹੈ ਕਿ ਸਿਲਵਰ ਦਾ ਭਾਂਡਾ ਐਨਾ ਸੁਹਲ ਹੈ ਕਿ ਇਸ ਦਾ ਸੰਪਰਕ ਹਵਾ ਵਿਚਲੀ ਆਕਸੀਜਨ



ਗੈਸ ਨਾਲ ਹੋਣ ਨਾਲ ਹੀ ਇਸ ਵਿੱਚ ਜ਼ਹਿਰੀਲਾ ਮਾਦਾ ਪੈਦਾ ਹੋ ਜਾਂਦਾ ਹੈ ਤੇ ਸਾਡੇ ਖਾਣ-ਪੀਣ ਦੀਆਂ ਵਸਤਾਂ ਵਿੱਚ ਰਲ ਕੇ ਸਾਡੇ ਸਰੀਰਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ । ਉਸਨੇ ਇੱਥੋਂ ਤਕ ਲਿਖਿਆ ਹੈ ਕਿ ਜੇ ਇਸਦਾ ਜ਼ਹਿਰ ਸਾਡੇ ਲਹੂ ਵਿੱਚ ਵੜ ਜਾਵੇ ਤਾਂ ਇਹ ਮੌਤ ਵੀ ਲਿਆ ਦੇਂਦਾ ਹੈ । ਸੰਨ ੧੯੮੫ ਵਿੱਚ ਹੈਦਰਾਬਾਦ ਵਿਖੇ ਇਕ ਬੰਦਾ ਜਿਸ ਦੇ ਗੁਰਦੇ ਗਲ ਗਏ ਸਨ ਉਹ ਮਸ਼ੀਨ ਨਾਲ ਲਹੂ ਸਾਫ਼ ਕਰਵਾਇਆ ਕਰਦਾ ਸੀ । ਉਹ ਸਿਲਵਰ ਦੇ ਭਾਂਡੇ ਵਰਤ ਬੈਠਾ, ਜਿਸ ਕਾਰਨ ਉਹ ਤੁਰੰਤ ਮਰ ਗਿਆ । ਵਰਮਾ ਸਾਹਿਬ ਨੇ ਲਿਖਿਆ ਹੈ ਕਿ ਅਮੀਰ ਦੇਸ਼ ਦੀ ਸਰਕਾਰ ਨੇ ਡਾਕਟਰਾਂ ਦੀ ਇਕ ਕਮੇਟੀ, ਇਹ ਪੜਤਾਲ ਕਰਨ ਲਈ ਨਿਯਤ ਕੀਤੀ ਕਿ ਸਿਲਵਰ ਦੇ ਭਾਂਡੇ ਵਰਤਣ ਨਾਲ ਲੋਕਾਂ ਦੀਆਂ ਸਿਹਤਾਂ ਉੱਤੇ ਕੀ ਅਸਰ ਪੈਂਦਾ ਹੈ, ਉਸ ਕਮੇਟੀ ਨੇ ਆਪਣੀ ੬ ਸਾਲ ਦੀ ਪੜਤਾਲ ਪਿੱਛੋਂ ਰਿਪੋਰਟ ਤਿਆਰ ਕੀਤੀ, ਕਿਉਂਕਿ ਰਿਪੋਰਟ ਸਿਲਵਰ ਦੇ ਭਾਂਡਿਆਂ ਨੂੰ ਹਾਨੀਕਾਰਕ ਪ੍ਰਗਟ ਕਰਦੀ ਸੀ । ਇਹ ਗੱਲ ਸਿਲਵਰ ਦੇ ਭਾਂਡੇ ਬਣਾਉਣ ਵਾਲੇ ਕਾਰਖ਼ਾਨੇਦਾਰਾਂ ਨੂੰ ਮਨਜ਼ੂਰ ਨਹੀਂ ਸੀ; ਇਸ ਲਈ ਉਨ੍ਹਾਂ ਨੇ ਸਰਕਾਰ ਉੱਤੇ ਦਬਾਅ ਪਾਇਆ ਤੇ ਉਹ ਰਿਪੋਰਟ ਪ੍ਰਕਾਸ਼ਤ ਨਾ ਹੋਣ ਦਿੱਤੀ । ਸੰਨ ੧੯੮੬ ਦੇ ਮਹੀਨਾ ਅਪ੍ਰੈਲ ਦੀ ੨੭ ਤਾਰੀਖ਼ ਵਾਲੇ ਦਿਨ ਦਿੱਲੀ ਦੇ ਸਟੇਟਸ-ਮੈਨ ਅਖ਼ਬਾਰ ਵਿੱਚ ਇਕ ਖ਼ਬਰ ਨਿਕਲੀ ਹੈ, ਜਿਹੜੀ ਉੜੀਸਾ ਰਿਆਸਤ ਦੇ ਆਦਿ-ਵਾਸੀਆਂ ਦੇ ਇਲਾਕੇ ਦੀ ਹੈ, ਉਹ ਇਲਾਕਾ ਜੰਗਲਾਂ ਦਾ ਹੈ । ਬੈਲਕੋ ਨਾਮ ਦੀ ਇਕ ਕੰਪਨੀ ਨੇ ਉਸ ਇਲਾਕੇ ਵਿੱਚ ਮਸ਼ੀਨਾਂ ਨਾਲ ਅਲਮੀਨੀਅਮ ਦੀ ਕੱਚੀ ਧਾਤ ਕੱਢਣ ਦੀ ਸਰਕਾਰ ਤੋਂ ਆਗਿਆ ਲਈ ਸੀ । ਜੰਗਲਾਂ ਨੂੰ ਕੱਟ-ਕੱਟ ਕੇ ਜਿਸ ਢੰਗ ਨਾਲ ਉਹ ਕੰਪਨੀ ਕੱਚੇ ਮਾਲ ਨੂੰ ਕੱਢਣ ਲੱਗੀ ਸੀ ਉਸ ਨਾਲ ਇਲਾਕੇ ਦੇ ਆਦਿ-ਵਾਸੀਆਂ ਦਾ ਜੀਵਨ ਤਬਾਹ ਹੋਣ ਲੱਗਾ ਸੀ । ਆਦਿ-ਵਾਸੀਆਂ ਦੀਆਂ ਇਸਤਰੀਆਂ ਨੇ ਸੱਤਿਅਗ੍ਰਹਿ ਕੀਤਾ ਤਾਂ ਕੋਈ ਠੱਲ੍ਹ ਪਈ ।

–ਭਗਤ ਪੂਰਨ ਸਿੰਘ

# ਬੈੱਲ-ਬਾਟਮ

ਪਤਲੂਨਾਂ ਦੇ ਪੌਂਚਿਆਂ ਨੂੰ ਲੋੜ ਤੋਂ ਇਕ ਦੋ ਇੰਚ ਵੱਧ ਲੰਬੇ ਰੱਖਣ ਵਾਲੇ ਨਵੇਂ ਸ਼ੁਕੀਨੋਂ, ਤੁਸੀਂ ਅਜਿਹਾ ਕਰਕੇ ਆਪਣੇ ਆਪ ਨੂੰ ਬੇਸਮਝ ਵੀ ਸਿੱਧ ਕਰ ਰਹੇ ਹੋ ਤੇ ਹਾਸੋ-ਹੀਣੇ ਵੀ ਬਣਾ ਰਹੇ ਹੋ । ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੁੱਤੀ ਜੇਕਰ ਰਸੋਈ ਜਾਂ ਭੁੰਵੇ ਬੈਠਣ ਵਾਲੀ ਥਾਂ ਤੋਂ ਦੂਰ ਰੱਖੀ ਜਾਂਦੀ ਹੈ ਤਾਂ ਉਸਦਾ ਕਾਰਨ ਇਹ ਨਹੀਂ ਹੁੰਦਾ ਕਿ ਉਹ ਚਮੜੇ ਦੀ ਬਣੀ ਹੋਈ ਹੁੰਦੀ ਹੈ; ਬਲਕਿ ਇਸ ਦਾ ਕਾਰਨ ਇਹ ਹੁੰਦਾ ਹੈ ਕਿ ਉਸਨੂੰ ਰਾਹ ਵਿੱਚੋਂ ਥੁੱਕ ਵੀ ਲੱਗਿਆ ਹੁੰਦਾ ਹੈ, ਸੀਂਢ ਵੀ ਤੇ ਟੱਟੀ-ਪੇਸ਼ਾਬ ਵੀ । ਤੁਸੀਂ ਆਪਣੀਆਂ ਬੈੱਲ ਬਾਟਮਾਂ ਦੇ ਲੰਬੇ ਪੌਂਚਿਆਂ ਨਾਲ ਰਸਤੇ ਵਿੱਚੋਂ ਹੂੰਝ-ਹੂੰਝ ਕੇ ਸਾਰਾ ਗੰਦ-ਮੰਦ ਆਪਣੇ ਘਰਾਂ ਨੂੰ ਲਿਜਾ ਰਹੇ ਹੋ, ਜਿੱਥੇ ਇਹ ਰਸੋਈਆਂ ਵਿੱਚ ਵੀ ਪੁੱਜਦਾ ਹੈ, ਬਿਸਤਰਿਆਂ ਵਿੱਚ ਵੀ ਤੇ ਬੈਠਣ ਵਾਲੀਆਂ ਥਾਵਾਂ ਉੱਤੇ ਵੀ ਪੁੱਜਦਾ ਹੈ । ਥੁੱਕ ਵਿੱਚ ਤਪਦਿਕ ਦੇ ਕੀਟਾਣੂ ਵੀ ਹੋ ਸਕਦੇ ਹਨ ਤੇ ਮੁਹਰਕੇ ਤਾਪ **(Typhoid fever)** ਦੇ ਕੀਟਾਣੂ ਵੀ । ਟੱਟੀ ਸੁਜ਼ਾਕ ਤੇ ਆਤਸ਼ਿਕ ਜੈਸੇ ਭਿਆਨਕ ਗੁਪਤ ਰੋਗਾਂ ਦੇ ਕੀਟਾਣੂਆਂ ਵਾਲੀ ਹੋ ਸਕਦੀ ਹੈ । ਬੇਸਮਝੋ ਤੁਹਾਡੇ ਰਾਹੀਂ ਇਹ ਸਭ ਕਿਸਮ ਦਾ ਗੰਦ ਸ੍ਰੀ ਦਰਬਾਰ ਸਾਹਿਬ ਜੈਸੇ ਮਹਾਨ ਪਵਿੱਤਰ ਅਸਥਾਨਾਂ ਅੰਦਰ ਵੀ ਪੁੱਜ ਰਿਹਾ ਹੈ । ਤੁਹਾਡੀਆਂ ਬੈੱਲ-ਬਾਟਮਾਂ ਦੇ ਪੌਂਚਿਆਂ ਦਾ ਕੱਪੜਾ ਨਿੱਤ ਦੇ ਬੁਰਸ਼ ਫੇਰਨ ਨਾਲ ਬਹੁਤ ਛੇਤੀ ਘਸ ਜਾਂਦਾ ਹੈ । ਸਦੀਆਂ ਦੇ ਪਰਤਾਵੇ ਵਿੱਚੋਂ ਨਿਕਲੇ ਹੋਏ ਆਪਣੇ ਦੇਸ਼ ਦੇ ਪਹਿਰਾਵਿਆਂ ਨੂੰ ਛੱਡਣ ਲੱਗਿਆਂ ਕੁਝ ਵਿਚਾਰ ਤੋਂ ਕੰਮ ਲਿਆ ਕਰੋ । ਦਰਜੀ ਵੀ ਕੁਰਾਹੇ ਪੈ ਚੁੱਕੇ ਹਨ । ਉਹ ਚਾਹੇ ਕੋਈ ਲੰਬੇ ਪੌਂਚੇ ਰੱਖਣ ਲਈ ਆਖੇ ਚਾਹੇ ਨਾ ਆਖੇ ਉਹ ਸਭ ਦੇ ਪੌਂਚੇ ਵੱਧ ਲੰਬੇ ਰੱਖ ਰਹੇ ਹਨ । ਉਨ੍ਹਾਂ ਨੂੰ ਅਕਲ ਕਰਨੀ ਚਾਹੀਦੀ ਹੈ ।

-ਭਗਤ ਪੂਰਨ ਸਿੰਘ



# ਪਾਣੀ ਬਚਾਓ

ਦੁਨੀਆਂ ਵਿੱਚ ਅੱਜ ਜੋ ਪਾਣੀ ਦੀ ਘਾਟ ਹੋ ਰਹੀ ਹੈ ਉਸ ਦਾ ਕਾਰਨ ਵੀ ਮਸ਼ੀਨੀ ਯੁੱਗ ਹੀ ਹੈ । ਇਕ ਮੋਟਰਕਾਰ ਤਿਆਰ ਕਰਨ ਵਿੱਚ ਦੋ ਲੱਖ ਲਿਟਰ ਪਾਣੀ ਦੀ ਲਾਗਤ ਆਉਂਦੀ ਹੈ ਤੇ ਇਕ ਕਿਲੋ ਫੌਲਾਦ ਤਿਆਰ ਕਰਨ ਲਈ ਛੇ ਹਜ਼ਾਰ ਲਿਟਰ । ਇਕ ਮੀਟਰ ਉੱਨ ਦਾ ਕੱਪੜਾ ਬਣਾਉਣ ਲਈ ਦੋ ਲਿਟਰ ਪਾਣੀ । ਉਹ ਪਾਣੀ ਵੀ ਬਰਸਾਤ ਦੇ ਦਿਨਾਂ ਦਾ, ਕਿਸੇ ਦਰਿਆ ਜਾਂ ਨਹਿਰ ਦਾ ਗੰਧਲਿਆ ਹੋਇਆ ਪਾਣੀ ਨਹੀਂ ਹੁੰਦਾ, ਬਲਕਿ ਪੀਣ ਵਾਲਾ ਪਾਣੀ ਹੁੰਦਾ ਹੈ । ਇਸ ਪ੍ਰਕਾਰ ਕਿਸੇ ਸਮੇਂ ਪਾਣੀ ਦੀ ਘਾਟ ਵੀ ਪੈਦਾ ਹੋ ਸਕਦੀ ਹੈ । ਮਨੁੱਖ ਜਿਸ ਰਫ਼ਤਾਰ ਨਾਲ ਟੈਕਨਾਲੋਜੀ (ਮਸ਼ੀਨੀ ਕਲਾ) ਦੇ ਆਸਰੇ ਨਵੇਂ ਤਜਰਬੇ ਕਰਦਾ ਜਾ ਰਿਹਾ ਹੈ, ਉਹ ਉਸ ਨੂੰ ਸਹਿਜੇ-ਸਹਿਜੇ ਉਸ ਦੇ ਸਰਬਨਾਸ਼ ਵੱਲ ਧਰੀਕ ਰਹੇ ਹਨ । ਇਸ ਤੋਂ ਬਚਣ ਦਾ ਇਕੋ-ਇਕ ਰਾਹ ਇਹ ਹੈ ਕਿ ਮਨੁੱਖ ਸੰਤੋਖੀ ਬਣ ਕੇ ਜੀਵਨ ਬਤੀਤ ਕਰੇ ਤੇ ਆਪਣੇ ਵਾਤਾਵਰਣ ਨੂੰ ਘੱਟ ਤੋਂ ਘੱਟ ਪਰਦੂਸ਼ਿਤ ਕਰੇ । ਇਸ ਦਾ ਭਾਵ ਇਹ ਨਹੀਂ ਕਿ ਕਾਰਖ਼ਾਨੇ ਨਾ ਲਾਏ ਜਾਣ, ਸਗੋਂ ਇਹਨਾਂ ਤੋਂ ਪੈਦਾ ਹੋਣ ਵਾਲੀ ਦੂਸ਼ਿਤ ਹਵਾ ਤੋਂ ਬਚਣ ਲਈ ਉਪਾਅ ਸੋਚਣੇ ਜ਼ਰੂਰੀ ਹਨ । ਜਿਹੜੇ ਬੰਦੇ ਹਉਮੈਂ ਦੇ ਵਿਖਾਵੇ ਦੀ ਖ਼ਾਤਰ ਮੋਟਰਕਾਰਾਂ ਜਾਂ ਮੋਟਰਸਾਈਕਲਾਂ ਦੀ ਸਵਾਰੀ ਕਰਦੇ ਹਨ, ਉਨ੍ਹਾਂ ਨੂੰ ਇਹ ਸਭ ਕੁਝ ਛੱਡਣਾ ਪਵੇਗਾ । ਮੋਟਰਕਾਰਾਂ ਦੀ ਥਾਂ ਬੱਘੀਆਂ, ਟਾਂਗੇ ਵਰਤਣੇ ਪੈਣਗੇ ।

-ਭਗਤ ਪੂਰਨ ਸਿੰਘ

## ਘਰ ਸੰਭਾਲੋ

ਕਾਲੇ ਮਸ਼ੀਨੀ ਤੇਲ ਦੀਆਂ ਕੀਮਤਾਂ ਸੰਨ ੧੯੭੩ ਤੋਂ ਵਧਣ ਲੱਗੀਆਂ ਹਨ । ਮੈਂ ਉਦੋਂ ਦਾ ਹੀ ਇਸ਼ਤਿਹਾਰ ਛਾਪ-ਛਾਪ ਕੇ ਦੇਸ਼ ਵਾਸੀਆਂ ਨੂੰ ਪੈਟਰੋਲ ਤੇ ਡੀਜ਼ਲ ਦੀ ਵਰਤੋਂ ਘਟਾਉਣ ਦੀ ਪ੍ਰੇਰਨਾ ਦੇ ਰਿਹਾ ਹਾਂ । ਪਿਛਲੇ ਸੱਤਾਂ ਸਾਲਾਂ ਵਿੱਚ ਇਹ ਕੀਮਤਾਂ ਵਧ-ਵਧ ਕੇ ਦੇਸ਼ ਦੀ ਆਰਥਿਕਤਾ ’ਤੇ ਲੱਕ-ਤੋੜਵਾਂ ਭਾਰ ਪਾਉਣ ਵਾਲੀਆਂ ਬਣ ਚੁੱਕੀਆਂ ਹਨ । ਸੰਨ ੧੯੭੯ ਦੇ ਮਹੀਨਾ ਅਪ੍ਰੈਲ ਦੀ ਪਹਿਲੀ ਤਾਰੀਖ਼ ਤੋਂ ਲੈ ਕੇ ੧੯੭੯ ਦੇ ਮਹੀਨਾ ਮਾਰਚ ਦੀ ੩੧ ਤਾਰੀਖ ਤਕ ਭਾਰਤ ਨੇ ਜਿਹੜਾ ਕਾਲਾ ਤੇਲ ਦੂਜੇ ਦੇਸ਼ਾਂ ਤੋਂ ਮੰਗਾਇਆ ਸੀ ਉਸਦੀ ਕੀਮਤ ੧੯੦੦ ਕਰੋੜ ਰੁਪਏ ਸੀ। ਇਸ ਤੇਲ ਦੀਆਂ ਜਿਹੜੀਆਂ ਕੀਮਤਾਂ ਦਸੰਬਰ ੧੯੭੯ ਤਕ ਵਧੀਆਂ ਹਨ, ਉਨ੍ਹਾਂ ਅਨੁਸਾਰ ਮਾਰਚ ੧੯੮੦ ਤਕ ਭਾਰਤ ਇਸ ਲੰਘ ਰਹੇ ਮਾਲੀ ਸਾਲ ਵਿੱਚ ਜਿੰਨਾ ਕਾਲਾ ਤੇਲ ਵਰਤੇਗਾ ਉਹ ਪੰਜ ਹਜ਼ਾਰ ਕਰੋੜ ਰੁਪਏ ਦਾ ਹੋਵੇਗਾ । ੩੧ ਮਾਰਚ ੧੯੮੦ ਤਕ ਮੁੱਕਣ ਵਾਲੇ ਇਸ ਮਾਲੀ ਸਾਲ ਵਿੱਚ ਹੀ ਖ਼ਰਚ ਵਿੱਚ ਵਾਧਾ ੩੨੦੦ ਕਰੋੜ ਦਾ ਹੋ ਜਾਵੇਗਾ। ਸਿਆਣੇ ਬੰਦੇ ਇਸ ਗੱਲ ’ਤੇ ਹੈਰਾਨ ਹੋ ਰਹੇ ਹਨ ਕਿ ਸੰਨ ੧੯੭੩ ਤੋਂ ਲੈ ਕੇ ਸੰਨ ੧੯੮੦ ਤਕ ਲੰਘਣ ਵਾਲੇ ੭ ਸਾਲਾਂ ਵਿੱਚ ਦੇਸ਼ ਵਾਸੀਆਂ ਨੂੰ ਵਧ ਰਹੀਆਂ ਕੀਮਤਾਂ ਦੇ ਬਾਵਜੂਦ ਤੇਲ ਦੀ ਖੱਪਤ ਨੂੰ ਘਟਾਉਣ ਦਾ ਖ਼ਿਆਲ ਨਹੀਂ ਆਇਆ, ਬਲਕਿ ਇਹ ਖੱਪਤ ਲਗਾਤਾਰ ਵਧਦੀ ਗਈ ਹੈ। ਕੀ ਤੇਲ ਤੇ ਪੈਟਰੋਲ ਨੂੰ ਵਰਤਣ ਵਾਲੇ ਬੰਦੇ ਇਹ ਸਮਝਦੇ ਹਨ ਕਿ ਡੀਜ਼ਲ, ਤੇਲ ਤੇ ਪੈਟਰੋਲ ਸਾਡੇ ਦੇਸ਼ ਵਿੱਚ ਅਸਮਾਨੋਂ ਡਿੱਗਣਗੇ ਜਾਂ ਇਨ੍ਹਾਂ ਨੂੰ ਖ਼ਰੀਦਣ ਲਈ ਦੂਜੇ ਦੇਸ਼ਾਂ ਤੋਂ ਬਦੇਸ਼ੀ ਸਿੱਕਾ ਅਸਮਾਨੋਂ ਡਿੱਗੇਗਾ? ਅਜਿਹਾ ਨਾ ਕਦੇ ਹੋਇਆ ਹੈ ਅਤੇ ਨਾ ਹੋਵੇਗਾ। ਕਾਲੇ ਤੇਲ ਦੀਆਂ ਕੀਮਤਾਂ ਦਾ ਵਾਧਾ ਦੇਸ਼ ਦੀ ਆਰਥਿਕਤਾ ਦਾ ਲੱਕ-ਤੋੜਵੀਂ ਹੱਦ ਤਕ ਪੁੱਜ ਚੁੱਕਾ ਹੈ। ਤੇਲ ਦੀਆਂ ਕੀਮਤਾਂ ਦਾ ਖ਼ਰਚ ਘਟਾਉਣ ਲਈ ਹਰ ਇਕ ਦੇਸ਼-ਵਾਸੀ ਨੂੰ ਸੋਚਣਾ ਪਵੇਗਾ ਅਤੇ ਹਰ ਇਕ ਨੂੰ ਹੀ ਇਸ ਖ਼ਰਚ ਨੂੰ ਘਟਾਉਣ ਵਿੱਚ ਆਪਣਾ-ਆਪਣਾ ਹਿੱਸਾ ਪਾਉਣਾ ਪਵੇਗਾ। ਸਕੂਟਰਾਂ, ਤਿੰਨ ਪਹੀਆਂ ਵਾਲੇ ਸਕੂਟਰਾਂ, ਛੋਟੀਆਂ ਲਾਰੀਆਂ, ਸਟੇਸ਼ਨ ਵੈਗਨਾਂ ਤੇ ਬੱਸਾਂ ਦੀ



ਥਾਂ ਟਾਂਗਿਆਂ ਦੀ ਵਰਤੋਂ ਹੋਣੀ ਚਾਹੀਦੀ ਹੈ। ਦੇਸ਼ ਵਾਸੀਆਂ ਨੇ ਪੰਜ ਸੱਤ ਮੀਲ ਪੈਦਲ ਤੁਰਨ ਦਾ ਖ਼ਿਆਲ ਛੱਡ ਕੇ ਤੇ ਟਾਂਗਿਆਂ ਦਾ ਖ਼ਿਆਲ ਛੱਡ ਕੇ ਆਪਣੇ ਪੈਰਾਂ ’ਤੇ ਆਪ ਕੁਹਾੜਾ ਮਾਰਿਆ ਹੈ। ਬੱਸਾਂ ਦੀ ਵਰਤੋਂ ਐਨੀ ਵਧ ਗਈ ਹੈ ਜਿਵੇਂ ਡੀਜ਼ਲ ਤੇਲ ਦੀ ਦੇਸ਼ ਵਿੱਚ ਵਰਖਾ ਹੋ ਰਹੀ ਹੋਵੇ ਤੇ ਇਹ ਮੁੱਲ ਨਾ ਆ ਰਿਹਾ ਹੋਵੇ। ਕਿਸੇ ਨੇ ਸੋਚਿਆ ਹੀ ਨਹੀਂ ਕਿ ਦੂਜੇ ਦੇਸ਼ਾਂ ਤੋਂ ਆਉਣ ਵਾਲੀਆਂ ਵਸਤਾਂ ਨੂੰ ਬੜੇ ਸੰਕੋਚ ਨਾਲ ਅਤੇ ਘੱਟ ਤੋਂ ਘੱਟ ਵਰਤਣਾ ਚਾਹੀਦਾ ਹੈ। ਜਿਹੜੀਆਂ ਵਸਤਾਂ ਹੱਥ ਦੀਆਂ ਬਣੀਆਂ ਹੋਈਆਂ ਮਿਲ ਸਕਣ ਉਹ ਕਾਰਖ਼ਾਨੇ ਦੀਆਂ ਬਣੀਆਂ ਹੋਈਆਂ ਨਹੀਂ ਖ਼ਰੀਦਣੀਆਂ ਚਾਹੀਦੀਆਂ, ਕਿਉਂਕਿ ਅਨੇਕਾਂ ਕਾਰਖ਼ਾਨੇ ਡੀਜ਼ਲ ਨਾਲ ਚਲਦੇ ਹਨ। ਕੱਪੜਾ ਹੱਥ ਦਾ ਕੱਤਿਆ ਤੇ ਹੱਥ ਦਾ ਬੁਣਿਆ ਖ਼ਰੀਦੋ । ਜੇ ਕੋਈ ਭਾਂਡਾ ਖ਼ਰੀਦਣਾ ਹੋਵੇ ਜਿਵੇਂ ਪਿੱਤਲ ਦੀ ਥਾਲੀ, ਉਹ ਹੱਥ ਦੀ ਕੁੱਟੀ ਹੋਈ ਖ਼ਰੀਦੋ, ਕਿਸੇ ਕਾਰਖ਼ਾਨੇ ਦੀਆਂ ਮਸ਼ੀਨਾਂ ਵਿੱਚ ਬਣੀ ਹੋਈ ਨਾ ਖ਼ਰੀਦੋ। ਬੱਸਾਂ ਦੀ ਥਾਂ ਰੇਲ ਗੱਡੀਆਂ ਦੀ ਵਰਤੋਂ ਕਰੋ। ਪਿੰਡਾਂ ਦੇ ਬੰਦੇ ਸ਼ਹਿਰੀ ਬੰਦਿਆਂ ਵਾਂਗ ਨਾ ਹੰਕਾਰੀ ਹੁੰਦੇ ਹਨ ਨਾ ਅਰਾਮ-ਤਲਬ; ਪਰ ਉਹ ਵੀ ਉਹਨਾਂ ਵਾਂਗ ਪੁੱਠੇ ਪਾਸੇ ਤੁਰ ਪਏ ਹਨ। ਉਹਨਾਂ ਨੇ ਵੀ ਪੈਦਲ ਤੁਰਨਾ ਛੱਡ ਦਿੱਤਾ ਹੈ, ਕਿਉਂਕਿ ਉਹਨਾਂ ਦੀਆਂ ਦੁਸ਼ਮਣ ਬੱਸਾਂ ਪਿੰਡ-ਪਿੰਡ ਪੁੱਜ ਗਈਆਂ ਹਨ। ਨਹੀਂ ਤਾਂ ਉਹਨਾਂ ਲਈ ਦਸ-ਦਸ ਮੀਲ ਦਾ ਪੈਂਡਾ ਪੈਦਲ ਤੁਰਨਾ ਇਕ ਸਾਧਾਰਨ ਗੱਲ ਹੁੰਦੀ ਸੀ। ਲੋਕਾਂ ਨੇ ਤਾਂ ਇਹ ਗੱਲ ਸਮਝੀ ਹੋਈ ਹੈ ਕਿ ਸਰਕਾਰ ਹੀ ਹਰ ਕੰਮ ਦੀ ਜ਼ਿੰਮੇਵਾਰ ਹੁੰਦੀ ਹੈ । ਪਰੰਤੂ ਜਨਤਾ ਦਾ ਮਿਲਵਰਤਣ ਹੀ ਸਰਕਾਰ ਨੂੰ ਸਫਲ ਕਰਵਾਇਆ ਕਰਦਾ ਹੈ।

-ਭਗਤ ਪੂਰਨ ਸਿੰਘ

# ਵਿਆਹ ਤੋਂ ਪਹਿਲਾਂ

ਮੈਂ ਜਦੋਂ ਭਾਰਤ ਦੀਆਂ ਸੜਕਾਂ ਉੱਤੇ ਵਾਜਿਆਂ ਵਾਲਿਆਂ ਦੇ ਪਿੱਛੇ ਤੁਰੀਆਂ ਜਾਂਦੀਆਂ ਵਿਆਹਾਂ ਦੀਆਂ ਡੋਲੀਆਂ ਨੂੰ ਤੱਕਦਾ ਹਾਂ ਤਾਂ ਮੈਂ ਆਮ ਤੌਰ ਤੇ ਸੋਚਦਾ ਹਾਂ ਕਿ ਕੀ ਲਾੜਿਆਂ ਨੇ ਵਿਆਹ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਉੱਤੇ ਗਹੁ ਕਰ ਲਿਆ ਹੋਵੇਗਾ ?

੧. ਕੀ ਉਹਨਾਂ ਦੀਆਂ ਉਮਰਾਂ ਵਿਆਹ ਦੇ ਯੋਗ ਹੋ ਚੁੱਕੀਆਂ ਹਨ?

੨. ਜਿਹੜੇ ਪੈਸੇ ਉਹ ਮਜ਼ਦੂਰੀ ਦੇ ਕਮਾ ਕੇ ਲਿਆਉਂਦੇ ਹਨ ਕੀ ਉਹਨਾਂ ਪੈਸਿਆਂ ਦੇ ਸਿਰ ਉੱਤੇ ਕੋਈ ਉਨ੍ਹਾਂ ਦੀ ਭੈਣ ਜਾਂ ਭਰਾ ਤਾਂ ਨਹੀਂ ਪੜ੍ਹ ਰਿਹਾ—ਤੇ ਜੇ ਉਹਨਾਂ ਵਿਆਹ ਕਰਵਾ ਲਿਆ ਤਾਂ ਕੀ ਉਸ ਭੈਣ ਜਾਂ ਭਰਾ ਦੀ ਪੜ੍ਹਾਈ ਤਾਂ ਨਹੀਂ ਬੰਦ ਕਰਨੀ ਪਵੇਗੀ ?

੩. ਕੀ ਉਹਨਾਂ ਦੀ ਕੋਈ ਬੱਚਿਆਂ ਵਾਲੀ ਅਜਿਹੀ ਭੂਆ ਜਾਂ ਭੈਣ ਵਿਧਵਾ ਤਾਂ ਨਹੀਂ ਜਿਹੜੀ ਉਹਨਾਂ ਦੀ ਕਮਾਈ ਨਾਲ ਆਪਣਾ ਗੁਜ਼ਾਰਾ ਕਰ ਰਹੀ ਹੈ?

੪. ਕੀ ਉਹਨਾਂ ਦੀ ਇਕ ਭੈਣ ਜਾਂ ਵੱਧ ਭੈਣਾਂ ਅਜਿਹੀਆਂ ਤਾਂ ਨਹੀਂ ਜਿਨ੍ਹਾਂ ਦਾ ਵਿਆਹ ਹੋਣ ਵਾਲਾ ਹੈ ਤੇ ਵਿਆਹ ਲਈ ਕੁਝ ਪੈਸਾ ਜੋੜਨ ਦੀ ਲੋੜ ਹੈ?

੫. ਕੀ ਉਹਨਾਂ ਦੇ ਮਾਂ-ਬਾਪ ਵਿੱਚੋਂ ਕੋਈ ਕਿਸੇ ਅਜਿਹੇ ਰੋਗ ਦਾ ਰੋਗੀ ਤਾਂ ਨਹੀਂ ਜਿਸ ਦੇ ਕਾਰਨ ਉਸ ਨੂੰ ਆਪਣੇ ਘਰ ਵਿੱਚ ਜਾਂ ਕਿਸੇ ਬਾਹਰਲੇ ਥਾਂ 'ਤੇ ਲੈ ਜਾ ਕੇ ਉਸ ਦੀ ਸੇਵਾ ਵਹਿੰਗੀ ਵਾਲੇ ਸਰਵਣ ਕੁਮਾਰ ਵਾਂਗ ਮਹੀਨਿਆਂ ਜਾਂ ਸਾਲਾਂ ਬੱਧੀ ਕਰਨ ਦੀ ਲੋੜ ਪੈ ਸਕਦੀ ਹੈ?

੬. ਕੀ ਦੇਸ਼ ਜਾਂ ਸਮਾਜ ਦੇ ਕੋਈ ਅਜਿਹੇ ਕੰਮ ਤਾਂ ਕੀਤੇ ਜਾਣ ਵਾਲੇ ਨਹੀਂ ਪਏ ਹੋਏ ਜਿਹਨਾਂ ਦੇ ਨਾ ਕੀਤੇ ਜਾਣ ਨਾਲ ਦੇਸ਼ ਜਾਂ ਸਮਾਜ ਦੀ ਹਾਲਤ ਵਿਗੜ ਰਹੀ ਹੋਵੇ ਤੇ ਉਹਨਾਂ ਕੰਮਾਂ ਨੂੰ ਕਰਨ ਦੇ ਲਈ ਉਹਨਾਂ ਨੂੰ ਆਪਣੀਆਂ ਉਮਰਾਂ ਦਾ ਕੁਝ ਸਾਲਾਂ ਦਾ ਸਮਾਂ ਦੇਸ਼ ਜਾਂ ਸਮਾਜ ਨੂੰ ਅਰਪਣ ਕਰਨ ਦੀ ਲੋੜ ਹੋਵੇ ?

੭. ਕੀ ਉਹਨਾਂ ਦਾ ਸਰੀਰ ਕਮਜ਼ੋਰ ਜਾਂ ਕਿਸੇ ਅਜਿਹੀ ਸਰੀਰਕ ਕੱਜ ਵਾਲਾ ਤਾਂ ਨਹੀਂ ਜਿਸ ਵਿੱਚ ਵਿਆਹ ਕਰਾਉਣਾ ਉਚਿੱਤ ਨਾ ਹੋਵੇ ?

੮. ਕੀ ਉਹਨਾਂ ਦੀ ਤਨਖ਼ਾਹ ਇਤਨੀ ਹੈ ਕਿ ਉਸ ਨਾਲ ਇਕ ਨਵੇਂ ਟੱਬਰ ਦਾ ਖ਼ਰਚ ਚੱਲ ਸਕਦਾ ਹੋਵੇ, ਜੇ ਨਹੀਂ, ਤਾਂ ਉਹ ਚਾਹੁੰਦੇ ਹਨ ਕਿ ਉਹਨਾਂ ਦੇ ਘਰ ਦੀ ਕਰਜ਼ੇ ਵਾਲਿਆਂ ਦੇ ਹੱਥੋਂ ਪ੍ਰਤੀ-ਦਿਨ ਬੇਇਜ਼ਤੀ ਹੁੰਦੀ ਰਹੇ, ਉਹਨਾਂ 'ਤੇ ਮੁਕੱਦਮੇ ਚੱਲਣ ਅਤੇ ਉਨ੍ਹਾਂ ਦੀਆਂ ਕੁਰਕੀਆਂ ਹੋਣ?



੯. ਕੀ ਉਨ੍ਹਾਂ ਦੇ ਕੋਈ ਇਕ ਜਾਂ ਇਕ ਤੋਂ ਵੱਧ ਭਰਾ ਅਜਿਹੇ ਤਾਂ ਨਹੀਂ ਜਿਨ੍ਹਾਂ ਦੇ ਸਿਰਾਂ ਉੱਤੇ ਟੱਬਰਾਂ ਦਾ ਇਤਨਾ ਖ਼ਰਚ ਹੋਵੇ ਜੋ ਉਨ੍ਹਾਂ ਦੀ ਘੱਟ ਤਨਖ਼ਾਹ ਜਾਂ ਥੋੜ੍ਹੀ ਮਜ਼ਦੂਰੀ ਦੇ ਕਾਰਨ ਪੂਰਾ ਨਾ ਚੱਲ ਰਿਹਾ ਹੋਵੇ ਜਾਂ ਉਹ ਕਿਸੇ ਰੋਗ ਦੇ ਕਾਰਨ ਕਮਾਈ ਨਾ ਕਰ ਸਕਦੇ ਹੋਣ ਤੇ ਇਸ ਤਰ੍ਹਾਂ ਆਪਣੇ ਟੱਬਰ ਦੀ ਪਾਲਣਾ ਹੀ ਨਾ ਕਰ ਸਕਦੇ ਹੋਣ ।

ਇਸ ਲੇਖ ਦਾ ਮੈਂ ਕਿਤਾਬਚਾ ਵੀ ਛਾਪਿਆ ਹੈ, ਪਰ ਇਸ ਦਾ ਛੋਟੇ ਤੋਂ ਛੋਟਾ ਹਿੱਸਾ ਚਾਰ ਪੰਨਿਆਂ ਦਾ ਬਣਦਾ ਹੈ।

---

**ਦੁਨੀਆਂ ਵਿੱਚੋਂ ਚੱਲਦੇ ਸਮੇਂ ਮਨੁੱਖ ਦੇ ਮਨ ਵਿੱਚ ਹੋਣ ਵਾਲਾ ਉਸਦੇ ਚੰਗੇ-ਮਾੜੇ ਕਰਮਾਂ ਦਾ**

## ਲੇਖਾ

ਮੌਤ ਦੇ ਸਮੇਂ ਸਰੀਰ ਇਕ ਪੁਸਤਕ ਵਾਂਙ ਬਣ ਜਾਂਦਾ ਹੈ, ਜਿਸ ਦਾ ਇਕ-ਇਕ ਪੰਨਾ ਖੁੱਲ੍ਹਣ ਲੱਗਦਾ ਹੈ । ਪਹਿਲੇ ਪੰਨੇ 'ਤੇ ਲਿਖਿਆ ਹੁੰਦਾ ਹੈ ਕਿ ਤੂੰ ਫਲਾਣੇ ਸਾਧੂ ਸੰਤ ਜਾਂ ਮਰਦ-ਇਸਤਰੀ ਨੂੰ ਫਲਾਣੇ ਤਰੀਕੇ ਨਾਲ ਧੋਖਾ ਦਿੱਤਾ । ਦੂਸਰੇ ਪੰਨੇ 'ਤੇ ਲਿਖਿਆ ਹੁੰਦਾ ਹੈ ਕਿ ਤੂੰ ਫਲਾਣੇ ਸਮੇਂ ਬਹੁਤ ਵੱਡਾ ਝੂਠ ਬੋਲਿਆ । ਤੀਸਰੇ ਪੰਨੇ 'ਤੇ ਲਿਖਿਆ ਹੁੰਦਾ ਹੈ ਕਿ ਤੂੰ ਫਲਾਣੀ ਵਿਧਵਾ, ਫਲਾਣੇ ਯਤੀਮ ਬੱਚੇ ਦੇ ਹੱਕਾਂ ਨੂੰ ਖੋਹ ਲਿਆ । ਚੌਥੇ ਪੰਨੇ 'ਤੇ ਲਿਖਿਆ ਹੁੰਦਾ ਹੈ ਕਿ ਤੂੰ ਧਰਮ ਦੀ ਆੜ ਲੈ ਕੇ ਮਨੁੱਖ ਨੂੰ ਮਨੁੱਖ ਨਾਲ ਲੜਾਇਆ । ਪੰਜਵੇਂ ਪੰਨੇ 'ਤੇ ਲਿਖਿਆ ਹੁੰਦਾ ਹੈ ਕਿ ਤੇਰਾ ਫਲਾਣਾ ਕੰਮ ਦੇਸ਼ ਦੇ ਹਿੱਤਾਂ ਦੇ ਉਲਟ ਹੈ । ਛੇਵੇਂ ਪੰਨੇ 'ਤੇ ਲਿਖਿਆ ਹੁੰਦਾ ਹੈ ਕਿ ਤੇਰੇ ਦੁੱਖਾਂ ਅਤੇ ਮੁਸੀਬਤਾਂ ਵਿੱਚ ਰਸੇ ਹੋਏ ਪ੍ਰਾਣੀਆਂ ਦੀ ਸਹਾਇਤਾ ਕਰਨ ਲਈ ਸਮਰੱਥਾ ਸੀ, ਪਰ ਤੂੰ ਉਹਨਾਂ ਦੀ ਸਹਾਇਤਾ ਨਹੀਂ ਕੀਤੀ । -ਭਗਤ ਪੂਰਨ ਸਿੰਘ

# ਵਧਾਈਆਂ

ਮਿਲਦੀਆਂ ਹਨ ਮਾਪਿਆਂ ਨੂੰ, ਪੁੱਤਰਾਂ ਦੇ ਜੰਮਣ ਪੁਰ; ਪਰ ਦੇਸ਼ ਤੇ ਦੁਨੀਆਂ ਦੇ ਹਾਲਾਤ ਅਨੇਕਾਂ ਪੱਖਾਂ ਤੋਂ ਇੰਨੇ ਖ਼ਤਰਨਾਕ ਹੁੰਦੇ ਜਾ ਰਹੇ ਹਨ ਕਿ ਜੇਕਰ ਨਵੇਂ ਜੰਮਣ ਵਾਲੇ ਪੁੱਤਰਾਂ ਦੇ ਮਾਪਿਆਂ ਨੇ ਉਹਨਾਂ ਹਾਲਾਤਾਂ ਦੇ ਸੁਧਾਰ ਦੀਆਂ ਯੋਜਨਾਵਾਂ ਨੂੰ ਸਨਮੁੱਖ ਰੱਖਦਿਆਂ ਆਪਣੇ ਬੱਚਿਆਂ ਦੀ ਪਾਲਣਾ ਨਾ ਕੀਤੀ ਤਾਂ ਉਹ ਵਧਾਈਆਂ ਕਾਇਮ ਨਾ ਰਹਿ ਸਕਣਗੀਆਂ ਤੇ ਗ਼ਮਾਂ ਦਾ ਰੂਪ ਧਾਰਨ ਕਰ ਲੈਣਗੀਆਂ। ਜਿਹੜਾ ਬੱਚਾ ਜੰਮ ਚੁੱਕਿਆ ਹੈ ਜੇ ਉਸਦੇ ਮਾਂ ਬਾਪ ਚਾਹੁੰਦੇ ਹਨ ਕਿ ਉਸਦੇ ਜੀਵਨ ਵਿੱਚ ਕਿਸੇ ਪਰਕਾਰ ਦਾ ਕੋਈ ਵਿਘਨ ਨਾ ਪਵੇ ਤਾਂ ਦੇਸ਼ ਤੇ ਦੁਨੀਆਂ ਦੇ ਬਚਾਉ, ਦੇਸ਼ ਤੇ ਦੁਨੀਆਂ ਦੇ ਸੁਧਾਰ ਦੀਆਂ ਯੋਜਨਾਵਾਂ ਨੂੰ ਸਨਮੁੱਖ ਰੱਖਕੇ ਹੀ ਉਸ ਨੂੰ ਪਾਲਣਾ ਪਵੇਗਾ, ਤਾਂ ਜੋ ਉਹ ਅਜਿਹੇ ਢੰਗ ਨਾਲ ਜੀਵਨ ਜੀਵੇ ਕਿ ਉਸ ਦੇ ਜੀਵਨ ਨਾਲ ਉਹ ਖ਼ਤਰੇ ਘਟਦੇ ਜਾਣ—ਤੇ ਘਟ ਘਟ ਕੇ ਬਿਲਕੁਲ ਸਮਾਪਤ ਹੋ ਜਾਣ, ਜਿਹੜੇ ਖ਼ਤਰੇ ਸੰਸਾਰ ਵਿੱਚ ਪ੍ਰਾਣੀ-ਮਾਤਰ ਲਈ ਪੈਦਾ ਹੋ ਚੁੱਕੇ ਹਨ ਤੇ ਹਰ ਪਲ ਵਧਦੇ ਜਾ ਰਹੇ ਹਨ। ਸਭ ਤੋਂ ਵੱਡੇ ਤਿੰਨ ਖ਼ਤਰੇ—ਪਾਣੀ, ਹਵਾ ਤੇ ਧਰਤੀ ਦੀ ਬਰਬਾਦੀ ਦੇ ਹਨ। ਮਨੁੱਖਾ ਜੀਵਨ ਹਾਸੇ ਤਮਾਸ਼ੇ ਦੀ ਗੱਲ ਨਹੀਂ, ਇਹ ਸਤਰੰਜ ਦੇ ਖੇਲ ਵਾਂਗ ਬੜਾ ਗੁੰਝਲਦਾਰ ਖੇਲ ਹੈ ਤੇ ਬੜੀ ਸੂਝ-ਬੂਝ ਦੀ ਮੰਗ ਕਰਦਾ ਹੈ। ਜੇਕਰ ਬੱਚਿਆਂ ਨੂੰ ਜੰਮਣ ਵਾਲੇ ਮਾਪੇ ਇਹਨਾਂ ਖ਼ਤਰਿਆਂ ਤੋਂ ਆਪ ਵੀ ਬੇਖ਼ਬਰ ਰੱਖਣਗੇ ਤਾਂ ਉਹਨਾਂ ਦੇ ਬੱਚੇ ਜੀਵਨ ਦੀ ਸਲਾਮਤੀ ਵੱਲ ਨਹੀਂ ਬਲਕਿ ਜੀਵਨ ਦੀ ਤਬਾਹੀ ਵੱਲ ਤੁਰੇ ਜਾਣਗੇ। ਮੇਰੀਆਂ ਗੱਲਾਂ ਕੌੜੀਆਂ ਹਨ ਪਰ ਸੱਚ ਨੂੰ ਛੁਪਾਉਣਾ ਵੀ ਦੁਨੀਆਂ ਨਾਲ ਧਰੋਹ ਕਰਨਾ ਹੈ, ਜੋ ਮੈਂ ਨਹੀਂ ਕਰਨਾ ਚਾਹੁੰਦਾ ।

ਆਬਾਦੀ ਦਾ ਵਾਧਾ ਵੀ ਪਿੱਛੇ ਦਿੱਤੇ ਗਏ ਤਿੰਨ ਖ਼ਤਰਿਆਂ ਵਿੱਚ ਵਾਧਾ ਕਰਦਾ ਜਾ ਰਿਹਾ ਹੈ; ਪਰ ਆਬਾਦੀ ਦਾ ਵਾਧਾ ਹੀ ਉਨ੍ਹਾਂ ਖ਼ਤਰਿਆਂ ਨੂੰ ਪੈਦਾ ਕਰਨ ਦਾ ਇਕੋ ਇਕ ਕਾਰਨ ਨਹੀਂ ਹੈ। ਉਨ੍ਹਾਂ ਖ਼ਤਰਿਆਂ ਵਿੱਚ ਹਰ ਉਹ ਆਦਮੀ ਵਾਧਾ ਕਰ ਰਿਹਾ ਹੈ ਭਾਵੇਂ ਉਹ ਅਮੀਰ ਹੈ ਭਾਵੇਂ ਗ਼ਰੀਬ, ਜਿਹੜਾ ਅੱਗ ਜਾਂ ਤੇਲ ਨਾਲ ਚੱਲਣ ਵਾਲੀਆਂ ਮਸ਼ੀਨਾਂ ਦੀ ਵਰਤੋਂ ਕਰ ਰਿਹਾ ਹੈ ਜਾਂ ਮਸ਼ੀਨਾਂ ਦੀਆਂ ਬਣਾਈਆਂ ਹੋਈਆਂ ਵਸਤਾਂ ਦੀ ਵਰਤੋਂ ਕਰ ਰਿਹਾ ਹੈ। ਸਕੂਟਰਾਂ, ਮੋਟਰਕਾਰਾਂ ਨੂੰ ਵਰਤਣ ਵਾਲੇ ਸਭ ਇਹਨਾਂ ਖ਼ਤਰਿਆਂ ਵਿੱਚ ਵਾਧਾ ਕਰ ਰਹੇ ਹਨ । ਹੰਕਾਰ ਦੇ ਪ੍ਰਗਟਾਵਿਆਂ ਲਈ ਇਹਨਾਂ ਵਸਤਾਂ ਨੂੰ ਵਰਤਣ ਦੇ ਦਿਨ ਗਏ, ਅੱਗੇ ਟੋਏ ਹੀ ਟੋਏ ਹਨ, ਮੌਤ ਹੀ ਮੌਤ ਹੈ । ਸ੍ਰੀ ਗੁਰੂ ਨਾਨਕ ਦੇਵ ਅਨੁਸਾਰ ਮਨੁੱਖਾ ਜੀਵਨ ਅਕਲ ਨਾਲ ਹੀ ਸਫਲਤਾ ਨਾਲ ਜੀਵਿਆ ਜਾ ਸਕਦਾ ਹੈ ।

–ਭਗਤ ਪੂਰਨ ਸਿੰਘ

—0—



# ਮਿਠਿਆਈ ਗੱਤੇ ਦੇ ਡੱਬਿਆਂ ਵਿੱਚ ਨਾ ਖ਼ਰੀਦੋ

ਕਾਗ਼ਜ਼ ਬਹੁਤ ਮਹਿੰਗਾ ਹੋ ਚੁੱਕਿਆ ਹੈ । ਦੂਜੇ ਦੇਸ਼ਾਂ ਤੋਂ ਵੀ ਸਾਡੇ ਦੇਸ਼ ਨੂੰ ਭਾਰੇ ਮੁੱਲ 'ਤੇ ਕਾਗ਼ਜ਼ ਆ ਰਿਹਾ ਹੈ। ਗ਼ਰੀਬ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਕਾਪੀਆਂ ਦਾ ਖ਼ਰਚ ਦੇਣਾ ਅਸੰਭਵ ਹੋ ਰਿਹਾ ਹੈ । ਕਾਗ਼ਜ਼ ਰੁੱਖਾਂ ਤੋਂ ਬਣਦਾ ਹੈ । ਦੇਸ਼ ਵਿੱਚ ਰੁੱਖਾਂ ਦੀ ਚਿੰਤਾਜਨਕ ਹੱਦ ਤਕ ਘਾਟ ਪੈਦਾ ਹੋ ਚੁੱਕੀ ਹੈ ਜਿਸਦੇ ਕਾਰਨ ਦੇਸ਼ ਦੀ ਧਰਤੀ ਰੇਤਾ ਬਣਦੀ ਜਾ ਰਹੀ ਹੈ । ਰੁੱਖਾਂ ਦੀ ਘਾਟ ਦੇ ਕਾਰਨ ਭਾਖੜਾ ਡੈਮ ਜੈਸੀਆਂ ਪਾਣੀ ਦੀਆਂ ਡੈਮਾਂ ਪਹਾੜਾਂ ਤੋਂ ਖੁਰ-ਖੁਰ ਕੇ ਆਉਣ ਵਾਲੀ ਮਿੱਟੀ ਨਾਲ ਬੜੀ ਤੇਜ਼ੀ ਨਾਲ ਭਰ ਰਹੀਆਂ ਹਨ, ਜਿਨ੍ਹਾਂ ਤੋਂ ਨਹਿਰਾਂ ਨਿਕਲ ਰਹੀਆਂ ਹਨ । ਰੁੱਖਾਂ ਦੀ ਅੰਨ੍ਹੇਵਾਹ ਵਢਾਈ ਦੇ ਕਾਰਨ ਦੇਸ਼ ਲਈ ਅਨੇਕਾਂ ਖ਼ਤਰੇ ਪੈਦਾ ਹੋ ਚੁੱਕੇ ਹਨ ਤੇ ਹੋ ਵੀ ਰਹੇ ਹਨ, ਜਿਨ੍ਹਾਂ ਵਿੱਚੋਂ ਇਕ ਇਹ ਹੈ ਕਿ ਇਕ ਸੌ ਸਾਲਾਂ ਦੇ ਸਮੇਂ ਵਿੱਚ ਦੇਸ਼ ਦੀ ਸਾਰੀ ਧਰਤੀ ਨੇ ਰੇਤ ਦਾ ਮਾਰੂਥਲ ਹੋ ਜਾਣਾ ਹੈ । ਇਸ ਲਈ ਮਿਠਿਆਈ ਲੈਣ ਘਰੋਂ ਥਾਲੀ, ਛੰਨਾ, ਬਾਟੀ ਜਾਂ ਪਰਾਤ ਲੈ ਕੇ ਜਾਉ । ਗੱਤੇ ਦੇ ਡੱਬੇ ਵਿੱਚ ਮਿਠਿਆਈ ਮੁੱਲ ਨਾ ਲਵੋ । ਫਿਰ ਮਿਠਿਆਈ ਨਾਲ ਡੱਬਾ ਮੁਫ਼ਤ ਨਹੀਂ ਮਿਲਦਾ । ਉਸਦਾ ਵੀ ਮੁੱਲ ਭਰਨਾ ਪੈਂਦਾ ਹੈ ਜਿਹੜਾ ਦੋ ਰੁਪਏ ਦਾ ਡੱਬਾ ਹੈ । ਜਿਹੜਾ ਬੰਦਾ ਆਪਣੇ ਘਰ ਨੂੰ ਮਿਠਿਆਈ ਦੇ ਚਾਰ ਡੱਬੇ ਜਾਂ ਵੱਧ ਡੱਬੇ ਲਿਆਉਂਦਾ ਹੈ, ਉਹ ਕਿੰਨਾ ਬੇਸਮਝ ਹੈ । ਇਕ ਬੰਦੇ ਨੇ ਤਾਂ ਬੇਸਮਝੀ ਦੀ ਹੱਦ ਕਰ ਦਿੱਤੀ । ਉਸ ਨੇ ਦੀਵਾਲੀ ਦੇ ਅਵਸਰ 'ਤੇ ਸਾਨੂੰ ਸੌ ਦੇ ਕਰੀਬ ਡੱਬਿਆਂ ਵਿੱਚ ਮਿਠਿਆਈ ਭੇਜੀ । ਸੌ ਡੱਬਿਆਂ ਦੀ ਕੀਮਤ ਪੌਣੇ ਦੋ ਸੌ ਰੁਪਏ ਹੋਵੇਗੀ । ਉਹਨਾਂ ਡੱਬਿਆਂ ਸਾਡੇ ਕਿਸ ਕੰਮ ਆਉਣਾ ਸੀ?

ਇਹ ਡੱਬੇ ਘਰਾਂ ਵਿੱਚ ਕਿਸੇ ਕੰਮ ਨਹੀਂ ਆਉਂਦੇ । ਬੱਚੇ ਤੋੜ ਦਿੰਦੇ ਹਨ । ਫਾਲਤੂ ਰੁਲਦੇ ਰਹਿੰਦੇ ਹਨ । ਥਾਲੀ ਨੂੰ ਤੁਸੀਂ ਸੁਆਹ ਨਾਲ ਮਾਂਜ ਕੇ ਸੁੱਕ ਮਾਂਜ ਕਰ ਸਕਦੇ ਹੋ—ਤੇ ਇਸ ਤਰ੍ਹਾਂ ਉਸ ਤੋਂ ਹਰ ਪ੍ਰਕਾਰ ਦੀ ਜੂਠ ਦੂਰ ਕਰ ਸਕਦੇ ਹੋ; ਪਰ ਗੱਤੇ ਨੂੰ ਕਿਸੇ ਰੋਗੀ ਦਾ ਹੱਥ ਲੱਗਿਆ ਹੈ ਜਾਂ ਲੇਵੀ ਨਾਲ ਗੱਤੇ ਦਾ ਡੱਬਾ ਬਣਿਆ ਹੈ, ਉਸ ਬਾਰੇ ਤੁਹਾਨੂੰ ਕੋਈ ਪਤਾ ਨਹੀਂ ਲੱਗ ਸਕਦਾ। ਉਸ ਵਿੱਚ ਕਿਸ ਪ੍ਰਕਾਰ ਦਾ ਗੰਦਾ ਪਾਣੀ ਪਿਆ ਹੋਇਆ ਹੈ, ਉਹ ਲੇਵੀ ਵਰਤੇ ਜਾਣ ਤੋਂ ਪਹਿਲਾਂ ਕਿੰਨੀ ਗੰਦੀ ਹੋ ਚੁੱਕੀ ਹੋਵੇਗੀ । ਬੱਸ ਗੱਲ ਤਾਂ ਨਵੇਂ

ਰਿਵਾਜ ਦੀ ਭੇਡ-ਚਾਲ ਦੀ ਹੈ ਤੇ ਡੱਬੇ ਉੱਤੇ ਪਏ ਵੇਲ-ਬੂਟਿਆਂ ਦੀ ਹੈ, ਜਿਨ੍ਹਾਂ ਨੂੰ ਦੇਖ ਕੇ ਲੋਕੀਂ ਮਸਤ ਹੋ ਜਾਂਦੇ ਹਨ । ਬੰਦੇ ਨੂੰ ਓਨਾ ਮਾਣ ਤੇ ਚਾਉ ਮਿਠਿਆਈ ਦੇਣ ਦਾ ਨਹੀਂ ਹੁੰਦਾ ਜਿੰਨਾ ਮਾਣ ਚਾਉ ਡੱਬੇ ਵਿੱਚ ਮਿਠਿਆਈ ਦੇਣ ਦਾ ਹੁੰਦਾ ਹੈ । ਇਸ ਭੇਡ-ਚਾਲ ਨੂੰ ਛੱਡੋ ਤੇ ਇਹਨਾਂ ਨਵੇਂ ਰਿਵਾਜਾਂ ਨੂੰ ਫੈਲਾਉਣ ਤੋਂ ਪਹਿਲਾਂ ਸੌ ਵਾਰ ਸੋਚੋ । ਕੀ ਗੱਤੇ ਦੇ ਡੱਬਿਆਂ ਦੇ ਕਾਰਖ਼ਾਨੇ ਵਿੱਚ ਲੇਵੀ ਦਾ ਕੂੰਡਾ ਧਰਤੀ ਉੱਤੇ ਨੰਗਾ ਨਹੀਂ ਪਿਆ ਹੁੰਦਾ? ਉਸ ਵਿੱਚ ਕੁੱਤਾ ਜਾਂ ਬਿੱਲੀ ਮੂੰਹ ਪਾ ਸਕਦੇ ਹਨ, ਉਸ ਵਿੱਚ ਕਿਰਲੀ ਦਾ ਪਿਸ਼ਾਬ ਡਿੱਗਿਆ ਹੋ ਸਕਦਾ ਹੈ, ਘਰ ਦੀ ਬਹੁਕਰ ਦੀ ਉਡਾਈ ਹੋਈ ਮਿੱਟੀ ਉਸ ਵਿੱਚ ਪੈ ਸਕਦੀ ਹੈ । ਥਾਲੀ ਦਾ ਪਿੱਤਲ ਜਦੋਂ ਲਿਸ਼ਕ ਰਿਹਾ ਹੋਵੇ ਤਾਂ ਉਸ ਉੱਤੇ ਪਈ ਹੋਈ ਮਾੜੀ ਜਿਹੀ ਗਰਦ ਦਾ ਵੀ ਪਤਾ ਲੱਗ ਜਾਂਦਾ ਹੈ । ਉਸ ਨੂੰ ਬੰਦਾ ਕੱਪੜੇ ਨਾਲ ਸਾਫ਼ ਕਰਕੇ ਥਾਲੀ ਨੂੰ ਫੇਰ ਲਿਸ਼ਕਾ ਸਕਦਾ ਹੈ; ਪਰ ਗੱਤੇ ਦੇ ਡੱਬੇ 'ਤੇ ਪਈ ਗਰਦ ਨੂੰ ਨਾ ਕੋਈ ਦੇਖਦਾ ਹੈ ਤੇ ਨਾ ਹੀ ਉਹ ਦਿਸ ਸਕਦੀ ਹੈ । ਦਾਣੇਦਾਰ ਖੰਡ ਵਿੱਚ ਕੋਈ ਸਰੀਰ ਪਾਲੂ ਸ਼ਕਤੀ ਨਹੀਂ ਹੁੰਦੀ । ਇਹ ਤਾਂ ਸਰੀਰ ਨੂੰ ਕੇਵਲ ਜੋਸ਼ ਦੇਣ ਵਾਲੀ ਵਸਤੂ ਹੈ । ਗੁੜ ਵਿੱਚ ਅਨੇਕ ਤੱਤ ਸਰੀਰ ਨੂੰ ਪਾਲਣ ਵਾਲੇ ਹੁੰਦੇ ਹਨ । ਚੀਨੀ ਨੂੰ ਜ਼ਹਿਰ ਆਖਿਆ ਗਿਆ ਹੈ । ਨਵੇਂ ਰਿਵਾਜਾਂ ਦੀ ਭੇਡ-ਚਾਲ ਨਾਲ ਪਿਛਲੇ ਰਿਵਾਜਾਂ ਨੂੰ ਨਾ ਛੱਡੋ । ਗੁੜ ਵਾਲੇ ਗੁਲਗੁਲਿਆਂ, ਮੱਠੀਆਂ ਆਦਿ ਦੇ ਪੁਰਾਣੇ ਰਿਵਾਜ ਨੂੰ ਸਮਾਪਤ ਨਾ ਹੋਣ ਦਿਉ । ਗੁੜ ਵਾਲੇ ਚਾਵਲ ਬਣਾ ਕੇ, ਕੜਾਹ ਬਣਾ ਕੇ ਗੁੜ ਖਾਧਾ ਜਾ ਸਕਦਾ ਹੈ; ਪਰ ਗੁੜ ਨੂੰ ਤਾਂ ਇਕ ਨਖਿੱਧ ਵਸਤੂ ਸਮਝਿਆ ਜਾ ਰਿਹਾ ਹੈ ਤੇ ਖੰਡ ਅਮੀਰੀ ਦੀ ਨਿਸ਼ਾਨੀ ਹੈ । ਖੰਡ ਸਾਨੂੰ ਦੂਜੇ ਦੇਸ਼ਾਂ ਤੋਂ ਵੀ ਕਈ ਵਾਰੀ ਮੰਗਵਾਉਣੀ ਪੈ ਰਹੀ ਹੈ ।

-ਭਗਤ ਪੂਰਨ ਸਿੰਘ



# ਅਮੀਰੋ, ਵਜ਼ੀਰੋ ਤੇ ਅਫ਼ਸਰੋ ਆਪਣੇ ਖ਼ਰਚ ਘਟਾਓ

ਭਾਰਤ ਦੀ ਆਰਥਿਕਤਾ ਦਾ ਲੱਕ ਤੋੜਵਾਂ ਖ਼ਰਚ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਡੀਜ਼ਲ ਤੇ ਪੈਟਰੋਲ ਉੱਤੇ ਹੋ ਰਿਹਾ ਹੈ । ਵਜ਼ੀਰਾਂ ਤੇ ਅਫ਼ਸਰਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਮੋਟਰਕਾਰਾਂ ਨੂੰ ਕੇਵਲ ਸਰਕਾਰੀ ਕੰਮਾਂ ਲਈ ਹੀ ਵਰਤਣ, ਆਪਣੇ ਨਿੱਜੀ ਕੰਮਾਂ ਲਈ ਵਰਤਣ ਦਾ ਅਪਰਾਧ ਸਮਝਦੇ ਹੋਏ ਅਯੋਗ ਖ਼ਰਚਾਂ ਤੋਂ ਬਚ ਕੇ ਤਿਆਗ ਦੀ ਭਾਵਨਾ ਦਾ ਸਬੂਤ ਦੇਣ । ਭਾਰਤ ਦੇ ਰਾਸ਼ਟਰੀ ਝੰਡੇ ਦਾ ਭਗਵਾ ਰੰਗ ਦੇਸ਼ ਦੀ ਜਨਤਾ ਨੂੰ ਮਨੁੱਖੀ ਹਿਰਦੇ ਦੇ ਤਿਆਗ ਦੇ ਭਾਵ ਨੂੰ ਯਾਦ ਕਰਾਉਣ ਲਈ ਹੀ ਵਰਤਿਆ ਗਿਆ ਹੈ । ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਦੇ ਸਮੇਂ ਤੋਂ ਹਰ ਇਕ ਰਾਜਸੀ ਧੜੇ ਦੇ ਅਨੇਕਾਂ ਵਜ਼ੀਰ ਸਰਕਾਰੀ ਡੀਜ਼ਲ ਤੇ ਪੈਟਰੋਲ ਦੀ ਵਰਤੋਂ ਮੋਟਰਕਾਰਾਂ ਦੀ ਵਰਤੋਂ ਦਵਾਰਾ ਆਪਣੀ ਅਰਾਮ-ਤਲਬੀ, ਹੰਕਾਰ ਦੇ ਪ੍ਰਗਟਾਵਿਆਂ ਤੇ ਨਿੱਜੀ ਕੰਮਾਂ ਲਈ ਕਰਦੇ ਆ ਰਹੇ ਹਨ । ਵਜ਼ੀਰਾਂ ਤੇ ਅਫ਼ਸਰਾਂ ਨੂੰ ਚਾਹੀਦਾ ਹੈ ਕਿ ਸਰਕਾਰੀ ਕੰਮਾਂ ਲਈ ਜੇ ਹੋ ਸਕੇ ਤਾਂ ਉਹ ਪੈਦਲ ਤੁਰਨ ਜਾਂ ਸਾਈਕਲ 'ਤੇ ਜਾਣ । ਅਮੀਰ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਦੀ ਨਬਜ਼ ਨੂੰ ਪਛਾਣਨ ਤੇ ਆਪਣੀ ਦੁੱਖਾਂ-ਸੁੱਖਾਂ ਦੀ ਗ਼ਰੀਬੀ ਨਾਲੋਂ ਇਕ ਵੱਖਰੀ ਦੁਨੀਆਂ ਨਾ ਵਸਾਉਣ, ਜਿਸ ਦੁਨੀਆਂ ਦੇ ਪੈਰ ਨਹੀਂ ਹੁੰਦੇ । ਸੰਸਾਰ ਦੇ ਇਤਿਹਾਸ ਵਿੱਚ ਕਈ ਅਜਿਹੀਆਂ ਖ਼ੂਨੀ-ਕ੍ਰਾਂਤੀਆਂ ਦੀ ਚਰਚਾ ਹੈ ਜਿਹੜੀਆਂ ਕੇਵਲ ਇਸ ਲਈ ਪੈਦਾ ਹੋਈਆਂ ਕਿ ਅਮੀਰ ਬੰਦਿਆਂ, ਰਾਜਸੀ ਸਤਾ ਵਾਲੇ ਬੰਦਿਆਂ ਤੇ ਵੱਡੇ-ਵੱਡੇ ਸਰਕਾਰੀ ਅਫ਼ਸਰਾਂ ਨੇ ਗ਼ਰੀਬਾਂ ਦੇ ਦੁੱਖਾਂ-ਸੁਖਾਂ ਨਾਲੋਂ ਆਪਣਾ ਮਾਨਸਿਕ ਸੰਬੰਧ ਤੋੜ ਕੇ ਆਪਣੇ ਦੁੱਖਾਂ-ਸੁਖਾਂ, ਅਰਾਮ ਤਲਬੀਆਂ, ਫ਼ਜ਼ੂਲ ਖ਼ਰਚੀਆਂ ਤੇ ਅੱਯਾਸ਼ੀਆਂ ਦੀ ਵੱਖਰੀ ਦੁਨੀਆਂ ਵਸਾਈ।

ਪਰਜਾ-ਤੰਤਰ ਦੀ ਸਫਲਤਾ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਸਰਕਾਰੀ ਅਫ਼ਸਰ ਸਰਕਾਰੀ ਵਸਤਾਂ ਨੂੰ ਜਨਤਾ ਦੀ ਅਮਾਨਤ ਸਮਝਦੇ ਹੋਏ, ਉਨ੍ਹਾਂ ਨੂੰ ਦਿਲ ਦੇ ਦਰਦ ਤੇ ਸੰਜਮ ਨਾਲ ਵਰਤਣ, ਨਹੀਂ ਤਾਂ ਪਰਜਾ-ਤੰਤਰ ਹੱਥੋਂ ਨਿਕਲ ਜਾਇਆ ਕਰਦਾ ਹੈ ਤੇ ਤਾਨਾਸ਼ਾਹੀ ਸਰਕਾਰ ਆ ਜਾਇਆ ਕਰਦੀ ਹੈ। ਦੇਸ਼ ਦੇ ਹਾਲਾਤ ਨੂੰ ਖ਼ਰਾਬ ਕਰਨ ਦੀ ਜ਼ਿੰਮੇਵਾਰੀ ਉਨ੍ਹਾਂ ਰਾਜਸੀ

ਸੱਤਾ ਵਾਲੇ ਬੰਦਿਆਂ ਦੇ ਸਿਰਾਂ 'ਤੇ ਹੈ ਜਿਹੜੇ ਚੋਰ-ਬਾਜ਼ਾਰੀ ਕਰਨ ਵਾਲੇ, ਵਪਾਰੀਆਂ ਪਾਸੋਂ ਬਿਨਾਂ ਰਸੀਦ ਤੋਂ ਚੋਣਾਂ ਲਈ ਕਾਲਾ ਧਨ ਲੈਂਦੇ ਹਨ ਤੇ ਉਨ੍ਹਾਂ ਨੂੰ ਕਾਲੇ ਧਨ ਦੀ ਕਮਾਈ ਕਰਨ ਦੀ ਆਗਿਆ ਦਿੰਦੇ ਹਨ। ਦੇਸ਼ ਦੇ ਅਮੀਰ, ਵਜ਼ੀਰ ਤੇ ਅਫ਼ਸਰ ਸਮਝ ਜਾਣ, ਨਹੀਂ ਤਾਂ ਉਨ੍ਹਾਂ ਦੇ ਪੁੱਤ ਪੋਤਰੇ ਉਨ੍ਹਾਂ ਦੇ ਖੋਟੇ ਕਰਮਾਂ ਦੀਆਂ ਸਜ਼ਾਵਾਂ ਭੁਗਤਣਗੇ ਤੇ ਮੇਰੇ ਇਸ ਇਸ਼ਤਿਹਾਰਾਂ ਨੂੰ ਯਾਦ ਕਰਕੇ ਰੋਣਗੇ। ਰਾਜਸੀ ਧੜਿਆਂ ਦੇ ਬੰਦੇ ਉੱਪਰ ਲਿਖੇ ਪਾਪ ਕਮਾਉਂਦੇ ਹੋਏ ਦੇਸ਼ ਦੀ ਆਜ਼ਾਦੀ ਲਈ ਸ਼ਹੀਦੀ ਪਾਉਣ ਵਾਲਿਆਂ, ਕੈਦਾਂ ਕੱਟਣ ਵਾਲਿਆਂ, ਬੈਂਤਾਂ ਖਾਣ ਵਾਲਿਆਂ ਦੀਆਂ ਆਤਮਾਵਾਂ ਨੂੰ ਦੁਖੀ ਕਰ ਰਹੇ ਹਨ। ਸੰਨ ੧੯੨੦ ਤੋਂ ਲੈ ਕੇ ੧੯੪੭ ਤਕ ਦੇਸ਼ ਦੇ ਜਿਨ੍ਹਾਂ ਬੰਦਿਆਂ ਨੂੰ ਮੈਂ ਫ਼ਾਂਸੀ 'ਤੇ ਚੜ੍ਹਦਿਆਂ, ਲੰਬੀਆਂ ਕੈਦਾਂ ਕੱਟਦਿਆਂ, ਦੇਸ਼ ਨਿਕਾਲੇ ਲੈਂਦਿਆਂ, ਜਾਇਦਾਦਾਂ ਜਬਤ ਕਰਾਉਂਦਿਆਂ ਦੇਖਿਆ ਉਨ੍ਹਾਂ ਦੀ ਯਾਦ ਮੈਨੂੰ ਮਜ਼ਬੂਰ ਕਰਦੀ ਹੈ ਕਿ ਮੈਂ ਹੱਥ ਵਿੱਚ ਡੰਡਾ ਲੈ ਕੇ ਸਮੇਂ ਦੇ ਵਜ਼ੀਰਾਂ, ਸਰਕਾਰੀ ਅਫ਼ਸਰਾਂ ਤੇ ਵਪਾਰੀਆਂ ਸਭਨਾਂ ਨੂੰ ਤਾੜਾਂ, ਤਾਂ ਜੋ ਉਹ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾਉਂਦੇ ਹੋਏ ਦੇਸ਼-ਧਰੋਹੀ ਕੰਮਾਂ ਵਿੱਚ ਨਾ ਪੈ ਸਕਣ ।

-ਭਗਤ ਪੂਰਨ ਸਿੰਘ



## ਵਜ਼ੀਰਾਂ ਦਾ ਜੀਵਨ-ਢੰਗ

ਕਾਂਗਰਸ ਦੇ ਪਿਛਲੇ ਤੀਹ ਸਾਲਾਂ ਵਿੱਚ ਵੀ ਤੇ ਹੁਣ ਜਨਤਾ ਰਾਜ ਵਿੱਚ ਵੀ, ਕਈ ਦੇਸ਼ਾਂ ਵਿੱਚ ਵਜ਼ੀਰਾਂ ਦਾ ਰਹਿਣ-ਸਹਿਣ ਬਿਲਕੁਲ ਪੁਰਾਣੇ ਰਾਜਿਆਂ ਵਾਂਗ ਹੈ। ਉਸੇ ਤਰ੍ਹਾਂ ਉਹ ਐਸ਼ੋ-ਅਰਾਮ ਦਾ ਜੀਵਨ ਬਿਤਾਂਦੇ ਤੇ ਉਸੇ ਤਰ੍ਹਾਂ ਜਨਤਾ ਦੇ ਰੁਪਏ ਨੂੰ ਅੰਨ੍ਹੇਵਾਹ ਖ਼ਰਚ ਕਰਦੇ ਹਨ। ਉਸੇ ਤਰ੍ਹਾਂ ਬਿਦੇਸ਼ਾਂ ਤੋਂ ਮੰਗਾਈਆਂ ਵੱਡੀਆਂ-ਵੱਡੀਆਂ ਮੋਟਰਕਾਰਾਂ ਵਿੱਚ ਉਹ ਸਫ਼ਰ ਕਰਦੇ ਹਨ ਤੇ ਉਸੇ ਤਰ੍ਹਾਂ ਮਹੱਲਾਂ ਵਰਗੇ ਵੱਡੇ-ਵੱਡੇ ਬੰਗਲਿਆਂ ਵਿੱਚ ਰਹਿੰਦੇ ਹਨ।

ਵਿਧਾਨ ਸਭਾ ਵਿੱਚ ਉਨ੍ਹਾਂ ਨੂੰ ਬਹੁਤ ਅਧਿਕਾਰ ਦਿੱਤੇ ਹੋਏ ਹਨ, ਭਾਵੇਂ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੂੰ ਪਤਾ ਨਹੀਂ ਹੁੰਦਾ ਕਿ ਅਧਿਕਾਰਾਂ ਦੀ ਵਰਤੋਂ ਕਿੱਥੇ ਤੇ ਕਿਵੇਂ ਕਰਨੀ ਹੈ। ਉਹ ਖੁਸ਼ਾਮਦ ਵੀ ਬੜੀ ਪਸੰਦ ਕਰਦੇ ਹਨ ਤੇ ਖੁਸ਼ਾਮਦੀ ਉਨ੍ਹਾਂ ਨੂੰ ਬਹੁਤ ਕੁਰਾਹੇ ਵੀ ਪਾਉਂਦੇ ਹਨ । ਫਿਰ ਲੋਭ ਲਾਲਚ ਤੋਂ ਉੱਚਾ ਉੱਠਣਾ ਤੇ ਬੇਈਮਾਨੀ ਦੇ ਢਹੇ ਨਾ ਚੜ੍ਹਨਾ, ਇਹ ਵਿਰਲਿਆਂ ਦੇ ਭਾਗਾਂ ਵਿੱਚ ਆਇਆ ਹੁੰਦਾ ਹੈ। ਇਸ ਲਈ ਬੜੀ ਲੋੜ ਹੈ ਕਿ ਵਜ਼ੀਰਾਂ ਪੁਰ ਮੁੱਖ-ਮੰਤਰੀਆਂ ਦਾ ਕੁੰਡਾ ਹੋਵੇ ਤੇ ਮੁੱਖ-ਮੰਤਰੀਆਂ ਪੁਰ ਹੋਰ ਉੱਚ-ਅਧਿਕਾਰੀਆਂ ਦਾ; ਜਿਵੇਂ ਪ੍ਰਧਾਨ-ਮੰਤਰੀ ਦਾ ਲੋਕਪਾਲ ਜਿਸ ਦੀ ਅੱਜਕੱਲ੍ਹ ਬੜੀ ਕਹਾਣੀ ਪਾਈ ਜਾ ਰਹੀ ਹੈ।

ਪੰਜਾਬ ਦੇ ਮੁੱਖ-ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਮਹੀਨਾ ਭਰ ਵਿੱਚ ਆਪਣੀ ਨੇਕ-ਨੀਤੀ ਨਾਲ ਸੇਵਾ ਕਰਨ ਦੀ ਭਲ ਕਾਇਮ ਕਰ ਲਈ ਹੈ। ਉਨ੍ਹਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਉਹ ਆਪਣੇ ਮੰਤਰਾਲੇ ਦੇ ਵਜ਼ੀਰਾਂ ਪੁਰ ਕਰੜੀ ਨਿਗਾਹ ਰੱਖਣ ।

ਜਦੋਂ ਮੈਂ ੧੯੨੫-੨੬ ਵਿੱਚ ਸਕੂਲ ਵਿੱਚ ਪੜ੍ਹਿਆ ਕਰਦਾ ਸਾਂ ਤਾਂ ਮੈਂ ਆਪਣੇ ਮਾਂ ਪਿਉ ਤੇ ਸਾਕਾਂ ਨੂੰ ਦੱਸਿਆ ਕਰਦਾ ਸਾਂ ਕਿ ਇਕ ਹਿੰਦੁਸਤਾਨੀ ਦੀ ਪ੍ਰਤੀ-ਦਿਨ ਦੀ ਔਸਤ ਆਮਦਨੀ ਕੇਵਲ ਚਾਰ ਆਨੇ (੨੫ ਪੈਸੇ) ਹੈ; ਇਸ ਲਈ ਅਸੀਂ ਬਰਤਾਨੀਆਂ ਸਰਕਾਰ ਵੱਲੋਂ ਭੇਜੇ ਗਵਰਨਰ ਜਨਰਲ ਨੂੰ ੨੦ ਹਜ਼ਾਰ ਰੁਪਏ ਮਾਹਵਾਰ ਤਨਖ਼ਾਹ ਦੇਣ ਦੀ ਤਾਕਤ ਨਹੀਂ ਰੱਖਦੇ; ਪਰ ਹੁਣ ਕੀ ਹੋ ਰਿਹਾ ਹੈ? ਪਿਛਲੇ ਪ੍ਰਸਾਰ ਮੰਤਰੀ ਸ੍ਰੀ ਵੀ. ਸੀ. ਸ਼ੁਕਲਾ ਨੂੰ ਜਿਹੜਾ ਬੰਗਲਾ ਮਿਲਿਆ ਹੋਇਆ ਸੀ, ਉਹ ਉਸ ਦਾ ੬੦੦੦ ਰੁਪਏ ਮਹੀਨਾ ਕਿਰਾਇਆ ਹੁਣ ਤਕ ਭਰੀ ਜਾ ਰਿਹਾ ਹੈ, ਪਰ ਉਸ ਨੂੰ ਖ਼ਾਲੀ ਨਹੀਂ ਕਰਦਾ।

ਸਿੱਧ ਹੁੰਦਾ ਹੈ ਕਿ ਇਸ ਦਾ ਕਿਰਾਇਆ ਇਸ ਤੋਂ ਵੱਧ ਹੈ। ਸੋ ਸਾਡਾ ਗ਼ਰੀਬ ਭਾਰਤਵਰਸ਼ ਆਪਣੇ ਇਕੋ ਵਜ਼ੀਰ ਨੂੰ ੧੦ ਕੁ ਹਜ਼ਾਰ ਰੁਪਏ ਮਹੀਨਾ ਵਾਲੇ ਕਿਰਾਏ ਦਾ ਬੰਗਲਾ ਰਿਹਾਇਸ਼ ਲਈ ਦੇ ਰਿਹਾ ਹੈ। ਅਜੇ ਤਕ ਬੰਗਲੇ ਉਹੋ ਹਨ। ਹੁਣ ਜਨਤਾ ਸਰਕਾਰ ਦੇ ਵਜ਼ੀਰ ਭੀ ਉਨ੍ਹਾਂ ਬੰਗਲਿਆਂ ਵਿੱਚ ਰਹਿ ਰਹੇ ਹਨ ਤੇ ਉਨ੍ਹਾਂ ਦੇ ਰਹਿਣ-ਸਹਿਣ, ਫੇਰੇ ਤੋਰੇ ਤੇ ਨੌਕਰ ਚਾਕਰਾਂ ਦੇ ਖ਼ਰਚੇ ਭੀ ਉਹੋ ਹੀ ਹਨ। ਜਨਤਾ ਸਰਕਾਰ ਦੇ ਮੈਂਬਰਾਂ ਤੇ ਵਜ਼ੀਰਾਂ ਨੇ ਮਹਾਤਮਾ ਗਾਂਧੀ ਜੀ ਦੀ ਸਮਾਧੀ ਪੁਰ ਗੰਭੀਰ ਪ੍ਰਣ ਕੀਤਾ ਸੀ ਕਿ ਉਹ ਸਾਦੇ ਢੰਗ ਨਾਲ ਇਕ ਸਾਧਾਰਨ ਭਾਰਤੀ ਵਾਂਗ ਰਹਿਣਗੇ । ਕੀ ਉਹ ਪ੍ਰਣ ਪੂਰਾ ਕੀਤਾ ਜਾ ਰਿਹਾ ਹੈ?

ਜੇ ਜਨਤਾ ਸਰਕਾਰ ਸੱਚੀ-ਮੁੱਚੀ ਦੇਸ਼ ਵਿੱਚੋਂ ਗ਼ਰੀਬੀ ਦੂਰ ਕਰਨਾ ਚਾਹੁੰਦੀ ਹੈ ਤਾਂ ਉਹ ਸਰਕਾਰ ਦੀ ਅਮੀਰੀ ਪਹਿਲਾਂ ਦੂਰ ਕਰੇ। ਵਜ਼ੀਰ ਸਾਦਾ ਰਹਿਣ ਤੇ ਗ਼ਰੀਬੀ ਦਾਹਵੇ ਵਿੱਚ ਗੁਜ਼ਰ ਕਰਨ। ਸਰਕਾਰੀ ਮਕਾਨਾਂ ਦੀ ਉਸਾਰੀ, ਮੁਰੰਮਤ ਤੇ ਸਜਾਵਟ ਉੱਤੇ ਜੋ ਅੰਨ੍ਹਾ ਖ਼ਰਚ ਹੋ ਰਿਹਾ ਹੈ ਉਹ ਇਕ-ਦਮ ਬੰਦ ਕਰ ਦੇਣ। ਜਿਨ੍ਹਾਂ ਬੰਗਲਿਆਂ ਦਾ ਅੱਜ ਦੇ ਕਿਰਾਏ ਦਾ ਭਾਅ ੪੦੦੦ ਰੁਪਏ ਮਾਹਵਾਰ ਤੋਂ ਵੱਧ ਹੋਵੇ ਉਨ੍ਹਾਂ ਨੂੰ ਤਿੰਨ-ਤਿੰਨ, ਚਾਰ-ਚਾਰ ਭਾਗਾਂ ਵਿੱਚ ਵੰਡ ਦਿੱਤਾ ਜਾਏ ਤੇ ਵਜ਼ੀਰ ਅਤੇ ਅਫ਼ਸਰ ਲੋਕ ਆਮ ਲੋਕਾਂ ਵਾਂਗ ਰਹਿਣਾ ਸਿੱਖਣ ।

ਪਿਛਲੀ ਵਿਸ਼ਵ-ਜੰਗ ਵਿੱਚ ਹਾਲੈਂਡ ਦੀ ਸਰਕਾਰ ਨੇ ਸਾਰੇ ਸਰਕਾਰੀ ਮਕਾਨਾਂ ਤੇ ਬੰਗਲਿਆਂ ਨੂੰ ਕਈ-ਕਈ ਭਾਗਾਂ ਵਿੱਚ ਵੰਡ ਦਿੱਤਾ ਸੀ ਤੇ ਯੁੱਧ ਪੀੜਿਤ ਬੰਦਿਆਂ ਨੂੰ ਉਨ੍ਹਾਂ ਵਿੱਚ ਰਹਿਣ ਲਈ ਥਾਂ ਦਿੱਤੀ ਸੀ। ਦੇਸ਼ ਦੇ ਸਾਰੇ ਲੋਕ ਸਰਕਾਰ ਨਾਲ ਖ਼ੁਸ਼ ਸਨ, ਇਹੋ ਕੁਝ ਇੱਥੇ ਕਿਉਂ ਨਹੀਂ ਕੀਤਾ ਜਾ ਸਕਦਾ? ਸਾਧਾਰਨ ਭਾਰਤੀ ਲੋਕ ਘੱਟ-ਪੀੜਿਤ ਤਾਂ ਨਹੀਂ, ਵਜ਼ੀਰਾਂ ਲਈ ਹਰੇਕ ਨੂੰ ਦੋ ਬਿਸਤਰਿਆਂ ਦਾ ਇਕ ਕਮਰਾ ਕਾਫ਼ੀ ਹੈ ਤੇ ਉਨ੍ਹਾਂ ਦੇ ਦੌਰਿਆਂ ਲਈ ਵਾਰੀ ਨਾਲ ਕਾਰਾਂ ਨਿਯਤ ਕੀਤੀਆਂ ਜਾ ਸਕਦੀਆਂ ਹਨ ਜਾਂ ਬੱਸਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅੱਜਕੱਲ੍ਹ ਦੇ ਪ੍ਰਧਾਨ-ਮੰਤਰੀ ਸੱਚੇ ਗਾਂਧੀਵਾਦੀ ਹਨ ਅਤੇ ਸਾਦਗੀ ਤੇ ਸੰਜਮ ਵਿੱਚ ਵਿਸ਼ਵਾਸ ਰੱਖਦੇ ਹਨ; ਉਹਨਾਂ ਨੂੰ ਇਸ ਸੁਝਾਅ ਪੁਰ ਵਿਚਾਰ ਕਰਨੀ ਚਾਹੀਦੀ ਹੈ।

-ਭਗਤ ਪੂਰਨ ਸਿੰਘ



## ਕਾਗ਼ਜ਼ ਦਾ ਸੰਕਟ

ਕਾਗ਼ਜ਼ ਨੂੰ ਬਣਾਉਣ ਲਈ ਵਰਤੇ ਜਾਣ ਵਾਲੇ ਰੁੱਖਾਂ ਦੀ ਵਢਾਈ ਨਾਲ ਸੰਸਾਰ ਦੇ ਜੀਵ ਖ਼ਤਰੇ ਵਿੱਚ ਪੈ ਰਹੇ ਹਨ। ਰੁੱਖ ਕਿਸੇ ਦੇਸ਼ ਦੀ ਧਰਤੀ ਦੇ ਕੁੱਲ ਰਕਬੇ ਦੇ ਇਕ ਗਿਣੇ ਮਿਥੇ ਹਿੱਸੇ ਵਿੱਚ ਲੱਗੇ ਹੋਣੇ ਚਾਹੀਦੇ ਹਨ। ਇਹ ਹਿੱਸਾ ਪਹਾੜਾਂ ਵਿੱਚ ਸੌ ਵਿੱਚੋਂ ੬੦ ਹਿੱਸੇ ਹੋਣਾ ਚਾਹੀਦਾ ਹੈ ਤੇ ਮੈਦਾਨਾਂ ਵਿੱਚ ਸੌ ਵਿੱਚੋਂ ੨੧ ਹਿੱਸੇ । ਜੇ ਰੁੱਖ ਇਸ ਹਿਸਾਬ ਤੋਂ ਧਰਤੀ ’ਤੇ ਘੱਟ ਲੱਗੇ ਹੋਣ ਤਾਂ ਹਨੇਰੀਆਂ ਨਾਲ ਵੀ ਧਰਤੀ ਖੁਰ ਕੇ ਨਕਾਰਾ ਹੋ ਜਾਂਦੀ ਹੈ ਤੇ ਦਰਿਆਵਾਂ ਦੇ ਹੜ੍ਹਾਂ ਨਾਲ ਖੁਰ ਕੇ ਵੀ । ਇਸ ਚਿੰਤਾਜਨਕ ਵਿਸ਼ੇ ’ਤੇ ਮੈਂ ਇਕ ਵੱਖਰਾ ਇਸ਼ਤਿਹਾਰ ਛਾਪ ਕੇ ਵੰਡ ਰਿਹਾ ਹਾਂ ਜਿਸ ਦਾ ਸਿਰਲੇਖ ਧਰਤੀ ਦੀ ਉਪਜਾਊ-ਸ਼ਕਤੀ ਦੀ ਰੱਖਿਆ ਹੈ । ਜਿਸ ਕਾਗ਼ਜ਼ ’ਤੇ ਸ਼ਾਦੀ ਦੀ ਸੂਚਨਾ ਦਿੱਤੀ ਜਾਂਦੀ ਹੈ ਉਹ ਬਹੁਤ ਮੋਟਾ ਹੁੰਦਾ ਹੈ ਤੇ ਲੋੜ ਤੋਂ ਕਈ ਗੁਣਾਂ ਵੱਧ ਵੱਡਾ ਹੁੰਦਾ ਹੈ । ਉਸ ਨੂੰ ਬਹੁਤ ਮੋਟੇ ਕਾਗ਼ਜ਼ ਦੇ ਲਿਫ਼ਾਫ਼ੇ ਵਿੱਚ ਵੀ ਪਾ ਕੇ ਭੇਜਿਆ ਜਾਂਦਾ ਹੈ । ਇਹ ਸੂਚਨਾ ਇਕ ਸਧਾਰਨ ਪੋਸਟ-ਕਾਰਡ ’ਤੇ ਵੀ ਦਿੱਤੀ ਜਾ ਸਕਦੀ ਹੈ । ਦੁਕਾਨ ਤੋਂ ਵਿਕਣ ਵਾਲਾ ਸੌਦਾ ਮੁੱਲ ਲੈਣ ਲਈ ਲਿਫ਼ਾਫ਼ਿਆਂ ਤੇ ਕਾਗ਼ਜ਼ਾਂ ਦੀ ਵਰਤੋਂ ਬਹੁਤ ਵਧ ਚੁੱਕੀ ਹੈ । ਇੱਥੋਂ ਤਕ ਕੇ ਬਿਨਾਂ ਲੋੜ ਤੋਂ ਇਸ ਖ਼ਿਆਲ ਨਾਲ ਲਿਫ਼ਾਫ਼ੇ ਵਿੱਚ ਚੀਜ਼ ਪਾ ਕੇ ਗਾਹਕ ਨੂੰ ਦਿੱਤੀ ਜਾਂਦੀ ਹੈ; ਜਿਵੇਂ ਕਿਤੇ ਲਿਫ਼ਾਫ਼ੇ ਤੋਂ ਬਿਨਾਂ ਕੋਈ ਚੀਜ਼ ਮੁੱਲ ਲੈਣਾ ਜਾਂ ਗਾਹਕ ਦੇ ਹੱਥ ਵਿੱਚ ਫੜਾਉਣਾ ਉਸ ਦੀ ਨਿਰਾਦਰੀ ਹੋਵੇ । ਪੈਨਸਿਲ ਬਜ਼ਾਰ ਵਿੱਚੋਂ ਮੁੱਲ ਲੈਣ ਜਾਵੋ ਉਹ ਵੀ ਲਿਫ਼ਾਫ਼ੇ ਵਿੱਚ ਪਾ ਕੇ ਦਿੱਤੀ ਜਾਂਦੀ ਹੈ । ਜਿਸ ਬੰਦੇ ਨੇ ਰੇੜ੍ਹੀ ਵਾਲੇ ਦੇ ਕੋਲ ਖਲੋ ਕੇ ਗਨੇਰੀਆਂ ਚੂਪਣੀਆਂ ਹੋਣ ਉਸ ਨੂੰ ਵੀ ਲਿਫ਼ਾਫ਼ੇ ਵਿੱਚ ਪਾ ਕੇ ਦਿੱਤੀਆਂ ਜਾਂਦੀਆਂ ਹਨ । ਰੱਦੀ ਕਾਗ਼ਜ਼ ਦੀ ਵਰਤੋਂ ਵਧ ਜਾਣ ਕਾਰਣ ਸਰਕਾਰੀ ਦਫ਼ਤਰਾਂ ਦਾ ਇਕ ਪਾਸੇ ਛਪੇ ਹੋਏ ਫ਼ਾਰਮਾਂ ਵਾਲਾ ਕਾਗ਼ਜ਼ ਰੱਦੀ ਦੇ ਤੌਰ ’ਤੇ ਬਜ਼ਾਰਾਂ ਵਿੱਚ ਵਿਕਦਾ ਹੈ । ਦਫ਼ਤਰਾਂ ਦੇ ਜਿਸ ਵਧੀਆ ਕਾਗ਼ਜ਼ ਦੇ ਕੇਵਲ ਇਕ ਜਾਂ ਦੋ ਇੰਚਾਂ ਦੀ ਥਾਂ ਉੱਤੇ ਚੰਦ ਸ਼ਬਦ ਇਕ ਪਾਸੇ ਛਪੇ ਹੋਏ ਹੋਣ ਉਹ ਬਜ਼ਾਰ ਵਿੱਚ ਰੱਦੀ ਦੇ ਤੌਰ ’ਤੇ ਵਿਕਦਾ ਹੈ, ਉਸ ਦੇ ਲਿਫ਼ਾਫ਼ੇ ਬਣਦੇ ਹਨ । ਰੱਦੀ ਦਾ ਬਹੁਤ ਸਾਰਾ ਕਾਗ਼ਜ਼ ਅਜਿਹਾ ਹੁੰਦਾ ਹੈ ਜਿਹੜਾ ਇਕੋ ਪਾਸੇ ਛਪਿਆ ਹੁੰਦਾ ਹੈ,

ਉਹ ਲਿਫ਼ਾਫ਼ਿਆਂ ਵਿੱਚ ਵਰਤਿਆ ਜਾਂਦਾ ਹੈ । ਦੋਹਾਂ ਪਾਸਿਆਂ ਤੋਂ ਚਿੱਟਾ ਕਾਗ਼ਜ਼ ਵੀ ਆਮ ਸਧਾਰਨ ਲਿਫ਼ਾਫ਼ਿਆਂ ਵਿੱਚ ਵਰਤਿਆ ਜਾਂਦਾ ਹੈ । ਦੇਸ਼ ਦੇ ਲੜਕੇ-ਲੜਕੀਆਂ ਦੇ ਜੀਵਨਾਂ ਨੂੰ ਤਬਾਹ ਕਰ ਦੇਣ ਵਾਲੀਆਂ ਸਿਨੇਮੇ ਦੀਆਂ ਫ਼ਿਲਮਾਂ ਦੀਆਂ ਐਕਟਰੈਸਾਂ ਦੀਆਂ ਗੰਦੀਆਂ ਤਸਵੀਰਾਂ ਨੂੰ ਨਾ ਕੇਵਲ ਅਨੇਕਾਂ ਸਪਤਾਹਿਕ ਅਖ਼ਬਾਰ ਛਾਪ ਕੇ ਲੱਖਾਂ ਮਣ ਕਾਗ਼ਜ਼ ਸਾਲਾਨਾ ਬਰਬਾਦ ਕਰ ਰਹੇ ਹਨ ਬਲਕਿ ਜਲੰਧਰ ਦੇ ਉਰਦੂ, ਪੰਜਾਬੀ ਤੇ ਹਿੰਦੀ ਦੇ ਸਾਰੇ ਅਖ਼ਬਾਰ ਵੀ ਬਰਬਾਦ ਕਰ ਰਹੇ ਹਨ । ਕੋਈ ਸੋਚਦਾ ਨਹੀਂ ਕਿ ਕਾਗ਼ਜ਼ ਦਾ ਭਾਓ ਚੜ੍ਹ ਕੇ ਕਿੱਥੇ ਚਲਿਆ ਗਿਆ ਹੈ । ਪੰਜ ਸੌ ਕਾਗ਼ਜ਼ਾਂ ਦੇ ਰਿਮ ਦੀ ਕੀਮਤ ੮੭ (ਸਤਾਸੀ) ਰੁਪਏ ਤਕ ਪੁੱਜ ਚੁੱਕੀ ਹੈ । ਪੜ੍ਹਨ ਵਾਲੇ ਵਿਦਿਆਰਥੀਆਂ ਦੀਆਂ ਕਾਪੀਆਂ ਇੰਨੀਆਂ ਮਹਿੰਗੀਆਂ ਹੋ ਚੁੱਕੀਆਂ ਹਨ ਕਿ ਓਸ ਮਹਿੰਗਾਈ ਨਾਲ ਮਾਪਿਆਂ ਦਾ ਕਚੂਮਰ ਨਿਕਲ ਰਿਹਾ ਹੈ; ਪਰ ਦੁਕਾਨਾਂ 'ਤੇ ਸੌਦਾ ਵੇਚਣ ਲਈ ਵਰਤੇ ਜਾਣ ਵਾਲੇ ਕਾਗ਼ਜ਼ ਵੱਲ ਕਿਸੇ ਦਾ ਧਿਆਨ ਨਹੀਂ ਜਿਹੜਾ ਕਾਗ਼ਜ਼ ਦੀ ਮਹਿੰਗਾਈ ਨੂੰ ਵਧਾਉਣ ਵਿੱਚ ਭਾਰੀ ਹਿੱਸਾ ਪਾ ਰਿਹਾ ਹੈ । ਇਸ ਤੋਂ ਵੱਧ ਆਮ ਲੋਕਾਂ ਦੀ ਮੂਰਖਤਾ ਹੋਰ ਕੀ ਹੋ ਸਕਦੀ ਹੈ ।

ਪਿੰਗਲਵਾੜੇ ਦੇ ਇਸ਼ਤਿਹਾਰਾਂ ਦਾ ਬਹੁਤਾ ਹਿੱਸਾ ਇਕ ਪਾਸੇ ਦੀ ਚਿੱਟੀ ਰੱਦੀ ਦੇ ਕਾਗ਼ਜ਼ਾਂ 'ਤੇ ਛਪਦਾ ਹੈ । ਪਿੰਡਾਂ ਦੇ ਹਰ ਘਰ ਵਿੱਚ ਦੁਕਾਨ ਤੋਂ ਸੌਦਾ ਲਿਆਉਣ ਲਈ ਛਿੱਕੂ ਰੱਖੇ ਹੁੰਦੇ ਹਨ । ਸਬੂਤੀਆਂ ਮਿਰਚਾਂ, ਹਲਦੀ ਦੀਆਂ ਗੰਢੀਆਂ, ਡਲੇ ਵਾਲਾ ਲੂਣ, ਅੰਬ ਇਹਨਾਂ ਸਭਨਾਂ ਵਸਤਾਂ ਨੂੰ ਦੁਕਾਨ ਵਿੱਚੋਂ ਛਿੱਕੂ ਵਿੱਚ ਲਿਆਂਦਾ ਜਾਂਦਾ ਹੈ । ਸ਼ੱਕਰ ਤੇ ਖੰਡ ਵਰਗੀਆਂ ਬਰੀਕ ਪੀਸੀਆਂ ਵਸਤਾਂ ਲਿਆਉਣ ਲਈ ਥਾਲੀ ਜਾਂ ਬਾਲਟੀ ਵਰਤੀ ਜਾਂਦੀ ਹੈ । ਪਰ ਸ਼ਹਿਰ ਦੇ ਬੰਦੇ ਹਰ ਵਸਤ ਲਿਫ਼ਾਫ਼ਿਆਂ ਜਾਂ ਕਾਗ਼ਜ਼ਾਂ ਵਿੱਚ ਲਿਆਉਂਦੇ ਹਨ । ਹਰ ਵਸਤ ਵੱਖਰੇ ਲਿਫ਼ਾਫ਼ੇ ਵਿੱਚ ਲਿਆਂਦੀ ਜਾਂਦੀ ਹੈ । ਕੋਈ ਇਹ ਨਹੀਂ ਸੋਚਦਾ ਕਿ ਜਿਹੜਾ ਦੋ ਤਿੰਨ ਹਜ਼ਾਰ ਲਿਫ਼ਾਫ਼ਾ ਸਾਰੇ ਸਾਲ ਵਿੱਚ ਉਸ ਦੇ ਘਰ ਵਿੱਚ ਪੁੱਜਦਾ ਹੈ, ਉਸ ਨਾਲ ਕਾਗ਼ਜ਼ ਕਿੰਨਾ ਬਰਬਾਦ ਹੁੰਦਾ ਹੈ ਤੇ ਕਿੰਨਾ ਮੈਦਾ ਲਿਫ਼ਾਫ਼ਿਆਂ ਲਈ ਲੇਵੀ ਵਿੱਚ ਵਰਤਿਆ ਜਾਂਦਾ ਹੈ । ਦੇਸ਼ ਦਾ ਹਰ ਬੰਦਾ ਮਹਿੰਗਾਈ ਨਾਲ ਤੜਫ਼ ਰਿਹਾ ਹੈ । ਅੰਨ ਦੇ ਭਾਓ ਤਾਂ ਸਭ ਤੋਂ ਵੱਧ ਵਧੇ ਹਨ । ਦੇਸ਼ ਦੇ ਕਈ ਹਿੱਸਿਆਂ ਵਿੱਚ ਭਿਆਨਕ ਅੰਨ-ਸੰਕਟ ਪੈਦਾ ਹੋ ਚੁੱਕਾ ਹੈ । ਸੈਂਕੜੇ ਬੰਦੇ ਭੁੱਖ ਨਾਲ ਤੜਫ਼ ਰਹੇ ਹਨ ਤੇ ਲੱਖਾਂ ਨੂੰ ਪੂਰਾ ਅੰਨ ਖਾਣ ਨੂੰ ਨਹੀਂ ਮਿਲ ਰਿਹਾ । ਓਧਰ ਆਮ ਬੰਦਿਆਂ ਦੇ ਨਖ਼ਰਿਆਂ ਨੂੰ ਪੂਰਾ ਕਰਨ ਲਈ ਕਣਕ ਦੇ ਆਟੇ ਦਾ ਹਜ਼ਾਰਾਂ ਮਣ ਮੈਦਾ ਲਿਫ਼ਾਫ਼ੇ ਬਣਾਉਣ



ਵਿੱਚ ਵਰਤਿਆ ਜਾ ਰਿਹਾ ਹੈ । ਗ਼ਰੀਬ ਬੰਦੇ ਵੀ ਲਿਫ਼ਾਫ਼ਿਆਂ ਨੂੰ ਵਰਤਣ ਦੀ ਨਖ਼ਰਾਬਾਜ਼ੀ ਤੋਂ ਉੱਤੇ ਨਹੀਂ ਉੱਠ ਰਹੇ । ਇਸ ਤੋਂ ਵੱਧ ਮੂਰਖਤਾ ਇਕ ਆਮ ਬੰਦੇ ਦੀ ਹੋਰ ਕੀ ਹੋ ਸਕਦੀ ਹੈ । ਉਹਨਾਂ ਲਿਫ਼ਾਫ਼ਿਆਂ ਬਦਲੇ ਕਿੰਨੇ ਪੈਸੇ ਉਹਨਾਂ ਦੇ ਸੌਦੇ ਵਿੱਚੋਂ ਕੱਟੇ ਜਾਂਦੇ ਹਨ । ਵੀਹ ਪੈਸੇ ਦਾ ਖ਼ਾਕੀ ਕਾਗ਼ਜ਼ ਦਾ ਲਿਫ਼ਾਫ਼ਾ ਫਲਾਂ ਲਈ ਆਮ ਵਰਤਿਆ ਜਾਂਦਾ ਹੈ । ਕਾਗ਼ਜ਼ ਅਨੇਕਾਂ ਛੂਤ-ਛਾਤ ਵਾਲੇ ਭਿਆਨਕ ਰੋਗਾਂ ਦੇ ਰੋਗੀਆਂ ਦੀ ਵਰਤੋਂ ਵਿੱਚ ਆਏ ਹੋਏ ਵੀ ਹੁੰਦੇ ਹਨ । ਰੱਦੀ ਕਾਗ਼ਜ਼ਾਂ ਵਿੱਚ ਪਾ ਕੇ ਕੋਈ ਵਸਤ ਨਹੀਂ ਖਾਣੀ ਚਾਹੀਦੀ । ਭਾਰਤ ਵਿੱਚ ਰੁੱਖ ਪਹਾੜਾਂ ਵਿੱਚ ਵੀ ਲੋੜੀਂਦੀ ਗਿਣਤੀ ਤੋਂ ਬਹੁਤ ਘੱਟ ਹਨ ਤੇ ਮੈਦਾਨਾਂ ਵਿੱਚ ਵੀ । ਪੰਜਾਬ ਵਿੱਚ ੧੦੦ ਵਿੱਚੋਂ ੨੧ ਹਿੱਸੇ ਦੀ ਥਾਂ ਉਹ ੫ ਹਿੱਸੇ ਤੋਂ ਘੱਟ ਹਨ । ਬਠਿੰਡੇ ਜ਼ਿਲ੍ਹੇ ਵਿੱਚ ਤਾਂ ਉਹ ਕੇਵਲ ਇਕ ਪ੍ਰਤੀਸ਼ਤ ਹੀ ਅਰਥਾਤ ਸੌ ਵਿੱਚੋਂ ਇਕ ਹਿੱਸਾ ਹੀ ਹਨ । ਦੇਸ਼ ਵਿੱਚ ਨਵੇਂ ਰੁੱਖ ਲਗਾਉਣ ਦੀ ਥਾਂ ਸਗੋਂ ਪਹਿਲੇ ਵੀ ਵੱਢੇ ਜਾ ਰਹੇ ਹਨ ਤੇ ਦੇਸ਼ ਦੀ ਧਰਤੀ ਦੀ ਬਰਬਾਦੀ ਦਿਨੋ-ਦਿਨ ਵਧਦੀ ਜਾ ਰਹੀ ਹੈ । ਮੈਨੂੰ ਰੁੱਖਾਂ ਦੀ ਮਹੱਤਤਾ ਦਾ ਪਤਾ ਸੰਨ ੧੯੩੩ ਵਿੱਚ ਲੱਗ ਗਿਆ ਸੀ । ਉਸ ਸਮੇਂ ਤੋਂ ਹੀ ਮੇਰੀ ਇੱਛਿਆ ਰਹੀ ਹੈ ਕਿ ਉਨ੍ਹਾਂ ਦੀ ਮਹੱਤਤਾ ਦਾ ਸੁਨੇਹਾ ਮੈਂ ਘਰ-ਘਰ ਪਹੁੰਚਾ ਦਿਆਂ ।

-ਭਗਤ ਪੂਰਨ ਸਿੰਘ

# ਰੇਲ ਗੱਡੀਆਂ ਖ਼ਾਲੀ ਕਿਉਂ ਜਾਣ?

ਦੇਸ਼ ਦੇ ਅਨੇਕਾਂ ਰੇਲਵੇ ਸਟੇਸ਼ਨਾਂ ਤੋਂ ਤੜਕੇ ਦੇ ਹਨੇਰੇ ਵਿੱਚ ਰੇਲ ਗੱਡੀਆਂ ਖ਼ਾਲੀ ਤੁਰਦੀਆਂ ਹਨ ਤੇ ਦਸ-ਦਸ ਸਟੇਸ਼ਨਾਂ ਤਕ ਖ਼ਾਲੀ ਹੀ ਜਾਂਦੀਆਂ ਰਹਿੰਦੀਆਂ ਹਨ । ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੋਂ ਹੇਠ ਲਿਖੀਆਂ ਰੇਲ ਗੱਡੀਆਂ ਤੜਕੇ ਦੇ ਹਨੇਰੇ ਸਮੇਂ ਖ਼ਾਲੀ ਤੁਰਦੀਆਂ ਹਨ । ਤਿੰਨ ਵਜੇ ਤੜਕੇ ਇਕ ਪੈਸੰਜਰ ਗੱਡੀ ਅੰਮ੍ਰਿਤਸਰ ਤੋਂ ਲੁਧਿਆਣਾ ਵੱਲ ਨੂੰ ਤੁਰਦੀ ਹੈ । ਉਹ ਉਸ ਵੇਲੇ ਬਿਲਕੁਲ ਖ਼ਾਲੀ ਜਾਂਦੀ ਹੈ । ਉਸ ਦੇ ਪਿੱਛੋਂ ਇਕ ਪੈਸੰਜਰ ਗੱਡੀ ਤੜਕੇ ਦੇ ਹਨੇਰੇ ਵਿੱਚ ਹੀ ਚਾਰ ਵੱਜ ਕੇ ਚਾਲੀ ਮਿੰਟਾਂ ’ਤੇ ਇਸ ਸਟੇਸ਼ਨ ਤੋਂ ਲੁਧਿਆਣਾ ਵੱਲ ਤੁਰਦੀ ਹੈ, ਉਹ ਵੀ ਖ਼ਾਲੀ ਹੀ ਤੁਰਦੀ ਹੈ; ਉਸ ਤੋਂ ਪਿੱਛੋਂ ਇਕ ਡਾਕ ਗੱਡੀ ਡੀਲਕਸ ਤੁਰਦੀ ਹੈ । ਉਸ ਨੇ ਤਿੰਨ ਦਿਨ ਬੰਬਈ ਤੇ ਤਿੰਨ ਦਿਨ ਕਲਕੱਤੇ ਵਾਲੇ ਪਾਸਿਆਂ ਨੂੰ ਲੰਮੇ ਸਮੇਂ ਦੇ ਸਫ਼ਰਾਂ ’ਤੇ ਜਾਣਾ ਹੁੰਦਾ ਹੈ; ਇਸ ਲਈ ਉਹ ਭਰੀ ਹੋਈ ਹੁੰਦੀ ਹੈ । ਉਸ ਤੋਂ ਪਿੱਛੋਂ ਇਕ ਡਾਕ ਗੱਡੀ ਸ਼ਾਨੇ-ਏ-ਪੰਜਾਬ ਸਵੇਰੇ ਸੱਤ ਵੱਜ ਕੇ ਵੀਹ ਮਿੰਟਾਂ ’ਤੇ ਤੁਰਦੀ ਹੈ, ਜਿਹੜੀ ਕੇਵਲ ਲੁਧਿਆਣਾ ਸ਼ਹਿਰ ਤਕ ਹੀ ਜਾਂਦੀ ਹੈ । ਇਸ ਵਿੱਚ ਵਪਾਰੀ ਤੇ ਨੌਕਰੀਆਂ ਵਾਲੇ ਬੰਦੇ ਜਾਂਦੇ ਹਨ ਜਿਨ੍ਹਾਂ ਨੇ ਨੌਂ ਵਜੇ ਜਾਂ ਦਸ ਵਜੇ ਦੇ ਸਮਿਆਂ ਤੋਂ ਪਹਿਲਾਂ ਆਪਣੇ ਦਫ਼ਤਰਾਂ ਦੇ ਸ਼ਹਿਰਾਂ ਵਿੱਚ ਪੁੱਜਣਾ ਹੁੰਦਾ ਹੈ; ਜਿਵੇਂ ਜਲੰਧਰ, ਫਗਵਾੜਾ ਤੇ ਲੁਧਿਆਣਾ ਆਦਿ ਸ਼ਹਿਰ । ਇਸ ਲਈ ਉਸ ਵਿੱਚ ਸਵਾਰੀਆਂ ਕਾਫ਼ੀ ਹੁੰਦੀਆਂ ਹਨ, ਪਰ ਉਸ ਵਿੱਚ ਕਾਫ਼ੀ ਹੋਰ ਸਵਾਰੀਆਂ ਜੋਗੀ ਜਗ੍ਹਾ ਹੁੰਦੀ ਹੈ । ਉਸ ਤੋਂ ਪਿੱਛੋਂ ਨੌਂ ਵੱਜ ਕੇ ਵੀਹ ਮਿੰਟਾਂ ’ਤੇ ਇਕ ਪੈਸੰਜਰ ਰੇਲ ਗੱਡੀ ਤੁਰਦੀ ਹੈ ਜਿਸ ਨੇ ਹਰ ਸਟੇਸ਼ਨ ’ਤੇ ਠਹਿਰਨਾ ਹੁੰਦਾ ਹੈ ਤੇ ਲੁਧਿਆਣਾ ਸ਼ਹਿਰ ਤੋਂ ਹੋ ਕੇ ਫ਼ਿਰੋਜ਼ਪੁਰ ਸ਼ਹਿਰ ਨੂੰ ਜਾਣਾ ਹੁੰਦਾ ਹੈ, ਉਹ ਵੀ ਅੱਧੀ ਭਰੀ ਹੋਈ ਹੁੰਦੀ ਹੈ । ਉਸ ਤੋਂ ਪਿੱਛੋਂ ਇਕ ਡਾਕ ਗੱਡੀ ਪੌਣੇ ਦਸ ਵਜੇ ਸਵੇਰੇ ਤੁਰਦੀ ਹੈ, ਭਾਵੇਂ ਡਾਕ ਹੋਣ ਕਰਕੇ ਉਸ ਵਿੱਚ ਵੀ ਕਾਫ਼ੀ ਸਵਾਰੀਆਂ ਹੁੰਦੀਆਂ ਹਨ; ਪਰ ਉਸ ਵਿੱਚ ਕਾਫ਼ੀ ਹੋਰ ਸਵਾਰੀਆਂ ਚੜ੍ਹਨ ਜੋਗੀ ਜਗ੍ਹਾ ਹੁੰਦੀ ਹੈ । ਇਕ ਗੱਡੀ ਤੜਕੇ ਚਾਰ ਵਜੇ ਅੰਮ੍ਰਿਤਸਰ ਤੋਂ ਪਠਾਨਕੋਟ ਨੂੰ ਤੁਰਦੀ ਹੈ, ਉਹ ਬਿਲਕੁਲ ਖ਼ਾਲੀ ਜਾਂਦੀ ਹੈ ।



ਉਸ ਤੋਂ ਪਿੱਛੋਂ ਸਵਾ ਛੇ ਵਜੇ ਕਾਲਕਾ ਮੇਲ ਗੱਡੀ ਪਠਾਨਕੋਟ ਨੂੰ ਜਾਂਦੀ ਹੈ । ਉਸ ਵਿੱਚ ਵੀ ਤੀਜੇ ਹਿੱਸੇ ਦੀਆਂ ਸਵਾਰੀਆਂ ਹੀ ਹੁੰਦੀਆਂ ਹਨ ਤੇ ਦੋ ਹਿੱਸੇ ਉਹ ਖ਼ਾਲੀ ਹੁੰਦੀ ਹੈ । ਉਸ ਗੱਡੀ ਵਿੱਚ ਸਵਾਰੀਆਂ ਬਹੁਤੀਆਂ ਨਾ ਚੜ੍ਹਨ ਦਾ ਇਕ ਕਾਰਨ ਇਹ ਹੈ ਕਿ ਡਾਕ ਹੋਣ ਦੇ ਕਾਰਨ ਇਸ ਨੇ ਹਰ ਇਕ ਸਟੇਸ਼ਨ ’ਤੇ ਨਹੀਂ ਖੜ੍ਹਨਾ ਹੁੰਦਾ । ਇਕ ਗੱਡੀ ਸਵੇਰੇ ਛੇ ਵਜੇ ਕਾਦੀਆਂ ਨੂੰ ਜਾਂਦੀ ਹੈ, ਉਹ ਕਾਦੀਆਂ ਤਕ ਬਿਲਕੁਲ ਖ਼ਾਲੀ ਜਾਂਦੀ ਹੈ, ਪਰ ਸਵੇਰ ਦੇ ਪੌਣੇ ਪੰਜ ਵਜੇ ਤੋਂ ਭਰੀਆਂ ਹੋਈਆਂ ਬੱਸਾਂ ਅੰਮ੍ਰਿਤਸਰ ਦੇ ਬੱਸ ਅੱਡੇ ਤੋਂ ਜਲੰਧਰ, ਲੁਧਿਆਣਾ, ਬਟਾਲਾ, ਪਠਾਨਕੋਟ ਵੱਲ ਨੂੰ ਤੁਰਨੀਆਂ ਆਰੰਭ ਹੋ ਜਾਂਦੀਆਂ ਹਨ । ਇਹ ਹੈ ਡੀਜ਼ਲ ਦਾ ਉਜਾੜਾ ਜਿਸ ਦੇ ਸੰਬੰਧ ਵਿੱਚ ਪੂਰਾ ਚਾਨਣਾ ਪ੍ਰਤੀ ਦਿਨ ਰੇਡੀਓ ਤੇ ਅਖ਼ਬਾਰਾਂ ਨੂੰ ਪਾਉਣਾ ਚਾਹੀਦਾ ਹੈ । ਮੈਂ ਚਾਹੁੰਦਾ ਹਾਂ ਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਮੇਰੇ ਇਸ ਲੇਖ ਦੇ ਚਾਨਣੇ ਵਿੱਚ ਰੇਡੀਓ ਦੇ ਮਹਿਕਮੇ ਨੂੰ ਲਿਖਣ ਕਿ ਜਨਤਾ ਨੂੰ ਖ਼ਾਲੀ ਜਾ ਰਹੀਆਂ ਰੇਲ ਗੱਡੀਆਂ ਬਾਰੇ ਪ੍ਰਤੀ-ਦਿਨ ਦੱਸਿਆ ਜਾਵੇ ।

ਸਾਰੇ ਬੱਸ ਅੱਡਿਆਂ ਤੋਂ ਜਨਤਾ ਨੂੰ ਸੂਚਨਾ ਮਿਲਣੀ ਚਾਹੀਦੀ ਹੈ । ਅੰਮ੍ਰਿਤਸਰ ਦੇ ਬੱਸ ਅੱਡੇ ’ਤੇ ਇਕ ਬੰਦਾ ਘੜਿਆਲ ਵਾਲਾ ਖੜ੍ਹਾ ਹੋਣਾ ਚਾਹੀਦਾ ਹੈ ਜਿਹੜਾ ਲੋਕਾਂ ਨੂੰ ਆਖੇ: **‘ਇਸ ਵੇਲੇ ਅੰਮ੍ਰਿਤਸਰ ਤੋਂ ਰੇਲ ਗੱਡੀਆਂ ਨੂੰ ਖ਼ਾਲੀ ਜਾਣਾ ਪੈਂਦਾ ਹੈ ।’** ਇਸ ਤਰ੍ਹਾਂ ਸਵੇਰੇ ਲੁਧਿਆਣਾ ਸ਼ਹਿਰ ਦੇ ਬੱਸ ਅੱਡੇ ’ਤੇ ਹੋਕਾ ਮਿਲਣਾ ਚਾਹੀਦਾ ਹੈ ਕਿ ਲੋਕੋ ਸਵੇਰ ਦੀਆਂ ਰੇਲ ਗੱਡੀਆਂ ਅੰਮ੍ਰਿਤਸਰ ਨੂੰ ਅੱਧੀਆਂ ਖ਼ਾਲੀ ਜਾ ਰਹੀਆਂ ਹਨ ।

–ਭਗਤ ਪੂਰਨ ਸਿੰਘ

# ਭਿਆਨਕ ਕਾਲ

## ਕੀ ਸਿੱਖਿਆ ਦੇ ਸਕਦਾ ਹੈ?

ਜਦੋਂ ਕਿਸੇ ਦੇਸ਼ ਦੇ ਬੰਦੇ ਆਪਣੀ ਆਬਾਦੀ ਨੂੰ ਘਟਾਉਣ ਲਈ ਇਹ ਮਹਿਸੂਸ ਕਰ ਲੈਣ ਕਿ ਆਬਾਦੀ ਘਟਾਏ ਬਿਨਾਂ ਨਾ ਉਹ ਸੁਖ-ਸ਼ਾਂਤੀ ਨਾਲ ਜੀਅ ਸਕਦੇ ਹਨ ਤੇ ਨਾ ਹੀ ਕਾਲਾਂ ਦੀਆਂ ਮੌਤਾਂ ਤੋਂ ਬਚ ਸਕਦੇ ਹਨ, ਤਾਂ ਉਹ ਅਜਿਹਾ ਕਰਨ ਲਈ ਛੇਤੀ ਵਿਆਹ ਕਰਾਉਣਾ ਤਾਂ ਇਕ ਪਾਸੇ ਰਿਹਾ ਉਹ ਸਾਰੀ ਉਮਰ ਕਵਾਰੇ ਰਹਿਣ ਲਈ ਵੀ ਤਿਆਰ ਹੋ ਜਾਇਆ ਕਰਦੇ ਹਨ। **Richard B. Gregg** (ਰਿਚਰਡ ਬੀ. ਗਰੈਗ) ਨੇ ਆਪਣੀ ਪੁਸਤਕ **Which way lies hope?** ਵਿੱਚ ਯੂਰਪ ਦੇ ਦੇਸ਼ ਆਇਰਲੈਂਡ ਬਾਰੇ ਲਿਖਿਆ ਹੈ ਕਿ ਉਸ ਦੇਸ਼ ਵਿੱਚ ਸੰਨ ੧੯੪੫ ਤੋਂ ੧੯੫੨ ਤਕ ਭਿਆਨਕ ਕਾਲ ਪਏ। ਉਨ੍ਹਾਂ ਕਾਲਾਂ ਵਿੱਚ ਪੈਦਾ ਹੋਣ ਵਾਲੀ ਭੁੱਖ ਤੇ ਉਸ ਭੁੱਖ ਤੋਂ ਪੈਦਾ ਹੋਣ ਵਾਲੀਆਂ ਮੌਤਾਂ ਤੋਂ ਜੋ ਸਬਕ ਉਸ ਦੇਸ਼ ਦੇ ਬੰਦਿਆਂ ਨੇ ਸਿੱਖਿਆ, ਉਹ ਇਹ ਸੀ ਕਿ ਅਨੇਕਾਂ ਬੰਦੇ ਸਾਰੀ ਉਮਰ ਲਈ ਕਵਾਰੇ ਹੀ ਰਹਿਣ ਲੱਗ ਪਏ ਤੇ ਸ਼ਾਦੀਆਂ ਕਰਾਉਣ ਵਾਲੇ ੨੦ ਸਾਲ ਤੋਂ ਵੀ ਵੱਧ ਪਿਛੇਤੀ ਉਮਰ ਵਿੱਚ ਵਿਆਹ ਕਰਾਉਣ ਲੱਗ ਪਏ। ਇਸ ਗੱਲ ਦਾ ਨਤੀਜਾ ਇਹ ਨਿਕਲਿਆ ਕਿ ੧੯੫੭ ਵਿੱਚ ਉਸ ਦੇਸ਼ ਦੀ ਆਬਾਦੀ ੧੯੪੫ ਦੇ ਮੁਕਾਬਲੇ ਵਿੱਚ ਅੱਧੀ ਸੀ ਤੇ ਸਾਰੀ ਉਮਰ ਕਵਾਰੇ ਰਹੇ ਹੋਏ ਮਰਦਾਂ ਤੇ ਇਸਤਰੀਆਂ ਦੀ ਗਿਣਤੀ ਵੀ ਦੂਜੀ ਆਬਾਦੀ ਨਾਲੋਂ ਵਧੇਰੇ ਸੀ। ਇਹ ਰਸਤਾ ਉਸ ਦੇਸ਼ ਦੀ ਜਨਤਾ ਨੇ ਆਪਣੀ ਮਰਜ਼ੀ ਨਾਲ ਫੜਿਆ ਸੀ ਤੇ ਸਰਕਾਰ ਨੂੰ ਦੇਸ਼ ਵਾਸੀਆਂ ਤੋਂ ਅਜਿਹਾ ਕਰਾਉਣ ਲਈ ਕੋਈ ਕਾਨੂੰਨ ਬਣਾਉਣ ਦੀ ਲੋੜ ਨਹੀਂ ਪਈ ਸੀ। ਸਾਡੇ ਦੇਸ਼ ਦੀ ਆਬਾਦੀ ਨੂੰ ਘਟਾਉਣ ਲਈ ਸਾਡੀ ਸਰਕਾਰ ਕਰੋੜਾਂ ਰੁਪਏ ਖ਼ਰਚ ਕਰ ਰਹੀ ਹੈ; ਪਰ ਦੇਸ਼ ਦੀਆਂ ਕੁੜੀਆਂ ਨੂੰ ਸੰਤਾਨ-ਸੰਜਮ ਬਾਰੇ ਕਿੰਨੀ ਵਾਕਫ਼ੀਅਤ ਹੈ, ਇਸ ਗੱਲ ਦਾ ਪਤਾ ਸ੍ਰੀਮਤੀ ਦੁਰਗਾਬਾਈ ਦੇਸ਼-ਮੁਖ ਦੇ ਹੇਠ ਲਿਖੇ ਬਿਆਨ ਤੋਂ ਲੱਗਦਾ ਹੈ ਜਿਹੜਾ ਉਸ ਨੇ ਉਸ ਗੋਸ਼ਟੀ ਵਿੱਚ ਦਿੱਤਾ ਜਿਹੜੀ ਸੰਨ ੧੯੬੯ ਦੇ ਮਹੀਨਾ ਅਗਸਤ ਵਿੱਚ ਸੰਤਾਨ-ਸੰਜਮ ਦੇ ਵਿਸ਼ੇ ਉੱਤੇ ਦਿੱਲੀ ਸ਼ਹਿਰ ਵਿੱਚ ਹੋਈ। ਉਸ ਨੇ ਦੱਸਿਆ ਕਿ ਕੁਝ ਲਿਖੀਆਂ ਪੜ੍ਹੀਆਂ ਕੁੜੀਆਂ ਨੂੰ ਜਦੋਂ ਦੇਸ਼ ਦੀ ਆਬਾਦੀ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ੫੦ ਕਰੋੜ ਦੀ ਥਾਂ ੫੦ ਲੱਖ ਦੱਸੀ। 'ਜ਼ਿੰਦਗੀ ਦਾ ਮੋੜ ਬਦਲੋ' ਦੇ ਸਿਰਲੇਖ ਹੇਠ ਛਪੇ ਜਿਸ ਇਸ਼ਤਿਹਾਰ ਦੁਆਰਾ ਦੇਸ਼ ਦੇ ਨੌਜਵਾਨਾਂ ਨੂੰ ਆਬਾਦੀ ਦੇ ਮਸਲੇ ਬਾਰੇ ਮੈਂ ਖ਼ਬਰਦਾਰ ਕੀਤਾ ਹੈ ਉਸਨੂੰ ਪੜ੍ਹ ਕੇ ਦੇਸ਼ ਦੇ



ਨੌਜਵਾਨ ਲੜਕੇ ਲੜਕੀਆਂ ਦੇ ਹਿਰਦਿਆਂ ਉੱਤੇ ਕੀ ਅਸਰ ਪੈ ਰਿਹਾ ਹੈ, ਇਸ ਗੱਲ ਦਾ ਪਤਾ ਹੇਠ ਲਿਖੀ ਚਿੱਠੀ ਤੋਂ ਲੱਗਦਾ ਹੈ ਜਿਹੜੀ ਜਲੰਧਰ ਸ਼ਹਿਰ ਦੇ ਇਕ ਕਾਲਜ ਦੀ ੧੯-੨੦ ਸਾਲ ਦੀ ਕੁੜੀ ਨੇ ਮੈਨੂੰ ਲਿਖੀ ਹੈ, ਜੋ ਚੌਧਵੀਂ ਜਮਾਤ ਵਿੱਚ ਪੜ੍ਹਦੀ ਹੈ :-

**"ਧਰਮ ਮੂਰਤ ਪਰਉਪਕਾਰੀ ਭਗਤ ਪੂਰਨ ਸਿੰਘ ਸਾਹਿਬ"**

"ਨਿਮਰਤਾ ਸਹਿਤ ਸਤਿ ਸ੍ਰੀ ਅਕਾਲ, ਬੇਨਤੀ ਕਰਦੀ ਹਾਂ ਕਿ ਪਿਛਲੇ ਸਤੰਬਰ ਵਿੱਚ ਆਪ ਦੇ ਦਰਸ਼ਨ ਕੀਤੇ। ਚਿੱਤ ਨੂੰ ਬੜੀ ਪ੍ਰਸੰਨਤਾ ਪ੍ਰਾਪਤ ਹੋਈ। ਜੋ ਆਪ ਨੇ ਆਪਣੇ ਪੇਪਰ ਬਖ਼ਸ਼ੇ ਮੈਂ ਸਤਿਕਾਰ ਨਾਲ ਰੱਖੇ ਹਨ। ਪੜ੍ਹਨ ਤੋਂ ਵਿਹਲੀ ਹੋ ਕੇ ਵਿਚਾਰ ਕਰਦੀ ਹਾਂ। ਦੋ ਤਿੰਨ ਪੇਪਰਾਂ ਦਾ ਲੇਖ ਲਿਖ ਰਹੀ ਹਾਂ :- ੧. ਨਵੇਂ ਜੰਮਣ ਵਾਲਿਓ...ਬਦਲੋ ੨. ਨਿਵੇਦਤਾ ਦੀ ਜ਼ਿੰਦਗੀ। ਮੇਰੇ ਵੀ ਇਸ ਤਰ੍ਹਾਂ ਦੇ ਵਿਚਾਰ ਹਨ। ਮੈਨੂੰ ਵੀ ਤੁਸੀਂ ਅਸ਼ੀਰਵਾਦ ਦਿਓ, ਨਿਰੰਕਾਰ ਅੱਗੇ ਅਰਦਾਸ ਕਰੋ, ਭਗਤਾਂ ਦੀ ਅਰਦਾਸ ਖ਼ਾਲੀ ਨਹੀਂ ਹੁੰਦੀ ਤੇ ਕਿਰਪਾ ਕਰੋ। ਮੈਂ ਇਹੋ ਜਿਹੀ ਬਣਾਂ, ਡੋਲਾਂ ਨਾ। ਇਹੋ ਜਿਹੀ ਅੱਛੀ ਜ਼ਿੰਦਗੀ ਜੀਵਣ ਵਾਸਤੇ ਭਗਤਾਂ ਦੀ ਕਿਰਪਾ ਜ਼ਰੂਰੀ ਹੈ ਤੇ ਕੁਝ ਸਿੱਖਿਆ ਪੱਤਰ ਰਾਹੀਂ ਭੀ ਦਿਓ। ਉੱਤਰ ਜ਼ਰੂਰੀ ਦੇਣਾ ਗ਼ਰੀਬ-ਦਿਲ ਬੱਚੀ ਨੂੰ।"

ਇਸ ਚਿੱਠੀ ਵਿੱਚ ਜੋ ਇਸ਼ਤਿਹਾਰ ਦਾ ਨਾਂ ਬੀਬੀ ਨੇ ਲਿਖਿਆ ਹੈ ਉਹ ਬੀਬੀ ਨਿਵੇਦਤਾ ਬਾਰੇ ਹੈ। ਬੀਬੀ ਨਿਵੇਦਤਾ ਆਇਰਲੈਂਡ ਦੀ ਲੜਕੀ ਸੀ, ਜਿਸ ਨੂੰ ੧੮੯੫ ਵਿੱਚ ਲੰਦਨ ਵਿੱਚ ਸਵਾਮੀ ਵਿਵੇਕਾ ਨੰਦ ਦੇ ਕੁਝ ਲੈਕਚਰ ਸੁਣਨ ਦਾ ਅਵਸਰ ਮਿਲਿਆ। ਤਿੰਨਾਂ ਸਾਲਾਂ ਮਗਰੋਂ ਉਹ ਆਪਣੀ ਚੜ੍ਹਦੀ ਜਵਾਨੀ ਵਿੱਚ ਕਲਕੱਤੇ ਪੁੱਜ ਗਈ ਤੇ ਆਪਣਾ ਜੀਵਨ ਭਾਰਤ ਦੀ ਸੇਵਾ ਲਈ ਅਰਪਨ ਕਰ ਦਿੱਤਾ। ਉਸ ਨੇ ਭਾਰਤ ਵਿੱਚ ਆ ਕੇ ਕੁੜੀਆਂ ਦੀ ਵਿੱਦਿਆ ਵੱਲ ਬਹੁਤ ਧਿਆਨ ਦਿੱਤਾ ਤੇ ਉਹਨਾਂ ਲਈ ਉਸ ਨੇ ਇਕ ਸਕੂਲ ਵੀ ਖੋਲ੍ਹਿਆ ਜਿਹੜਾ ਹੁਣ ਤਕ ਚੱਲ ਰਿਹਾ ਹੈ। ਉਸ ਨੇ ਭਾਰਤਵਾਸੀਆਂ ਨੂੰ ਉੱਚਾ ਚੁੱਕਣ ਲਈ ਜਗ੍ਹਾ-ਜਗ੍ਹਾ ਵਿਖਿਆਨ ਦਿੱਤੇ, ਅਨੇਕਾਂ ਪੁਸਤਕਾਂ ਲਿਖੀਆਂ ਤੇ ਆਪ ਸਾਰੀ ਉਮਰ ਕਵਾਰੀ ਰਹੀ ਤੇ ਭਾਰਤ ਦੇਸ਼ ਦੀ ੧੨ ਸਾਲ ਸੇਵਾ ਕਰਨ ਮਗਰੋਂ ਉਹ ਮਰ ਗਈ। ਉਸ ਬੀਬੀ ਬਾਰੇ ਦੋ ਇਸ਼ਤਿਹਾਰ ਮੈਂ ਅੰਗਰੇਜ਼ੀ ਵਿੱਚ ਤੇ ਇਕ ਹਿੰਦੀ ਵਿੱਚ ਛਾਪੇ ਹਨ।

ਬੰਬਈ ਦੇ ਪ੍ਰਸਿੱਧ ਮਾਸਿਕ-ਪੱਤਰ **The Indian Journal of social work** ਵਿੱਚ ਅੱਜ ਤੋਂ ਬਾਰਾਂ ਕੁ ਸਾਲ ਪਹਿਲਾਂ ਕੈਨੇਡਾ ਦੇ ਇਕ ਵਿਦਵਾਨ ਨੇ ਆਬਾਦੀ ਦੇ ਮਸਲੇ 'ਤੇ ਇਕ ਲੰਬਾ ਲੇਖ ਲਿਖਿਆ ਸੀ। ਉਸ

ਵਿੱਚ ਉਸ ਨੇ ਦੱਸਿਆ ਸੀ ਕਿ ਦੇਸ਼ ਦੇ ਇਤਿਹਾਸ ਵਿੱਚੋਂ ਉਨ੍ਹਾਂ ਮਹਾਂਪੁਰਸ਼ਾਂ ਦੇ ਜੀਵਨਾਂ ਨੂੰ ਨੌਜਵਾਨਾਂ ਦੀ ਨਵੀਂ ਪਨੀਰੀ ਅੱਗੇ ਲਿਆਉਣਾ ਚਾਹੀਦਾ ਹੈ ਜਿਨ੍ਹਾਂ ਨੇ ਸਾਰੀ ਉਮਰ ਵਿਆਹ ਨਾ ਕਰਾਏ ਹੋਣ । ਅਜਿਹੇ ਜੀਵਨ ਉਹਨਾਂ ਨੂੰ ਦੇਰ ਨਾਲ ਸ਼ਾਦੀ ਕਰਨ ਜਾਂ ਸਾਰੀ ਉਮਰ ਕੁਆਰੇ ਰਹਿਣ ਲਈ ਪ੍ਰੇਰ ਸਕਦੇ ਹਨ । ਸਾਰੀ ਉਮਰ ਕੁਆਰੀ ਰਹਿਣ ਵਾਲੀ ਬੀਬੀ ਨਿਵੇਦਤਾ ਦੇ ਜੀਵਨ ਦੀ ਕਹਾਣੀ ਪੜ੍ਹ ਕੇ ਜੋ ਪ੍ਰਭਾਵ ਇਸ ਲੜਕੀ ਦੇ ਹਿਰਦੇ ਉੱਤੇ ਪਿਆ ਉਹ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦਾ ਹੈ ।

## ਸ੍ਰੀ ਰਾਮ ਕ੍ਰਿਸ਼ਨ ਪਰਮਹੰਸ

ਰਾਮ ਕ੍ਰਿਸ਼ਨ ਮਿਸ਼ਨ ਦੇ ਬਾਨੀ ਸਵਾਮੀ ਰਾਮ ਕ੍ਰਿਸ਼ਨ ਪਰਮਹੰਸ ਦਾ ਜਦੋਂ ਵਿਆਹ ਹੋ ਗਿਆ ਤਾਂ ਉਹਨਾਂ ਦੀ ਪਤਨੀ ਨੂੰ ਪਤਾ ਲੱਗਾ ਕਿ ਪਰਮਹੰਸ ਜੀ ਸਾਰੀ ਉਮਰ ਬ੍ਰਹਮਚਾਰੀ ਰਹਿਣ ਦਾ ਮਨ ਬਣਾ ਚੁੱਕੇ ਹਨ । ਸੋ ਉਨ੍ਹਾਂ ਨੇ ਪਰਮਹੰਸ ਜੀ ਨੂੰ ਕਿਹਾ ਕਿ ਮੈਨੂੰ ਤੁਹਾਡੀ ਸਾਰੀ ਉਮਰ ਬ੍ਰਹਮਚਾਰੀ ਰਹਿਣ ਦੀ ਇੱਛਿਆ ਦਾ ਪਤਾ ਲੱਗ ਚੁੱਕਾ ਹੈ ਤੇ ਮੈਂ ਤੁਹਾਡੀ ਇਸ ਇੱਛਿਆ ਵਿੱਚ ਕੋਈ ਰੁਕਾਵਟ ਨਹੀਂ ਬਣਾਂਗੀ ਤੇ ਬੜੀ ਖ਼ੁਸ਼ੀ ਨਾਲ ਤੁਹਾਡੇ ਇਸ ਸ਼ੁਭ ਮਨੋਰਥ ਦੀ ਪੂਰਤੀ ਲਈ ਤੁਹਾਡਾ ਸਾਥ ਦੇਵਾਂਗੀ ।

## ਸਰਵੋਦਯ ਨੇਤਾ ਸ੍ਰੀ ਜੈ ਪ੍ਰਕਾਸ਼ ਨਾਰਾਇਣ

ਸਰਵੋਦਯ ਨੇਤਾ ਸ੍ਰੀ ਜੈ ਪ੍ਰਕਾਸ਼ ਨਾਰਾਇਣ ਦੀ ਸ਼ਾਦੀ ਸਮੇਂ ਉਹਨਾਂ ਦੀ ਪਤਨੀ ਪ੍ਰਭਾਵਤੀ ਜੀ ਦੀ ਉਮਰ ੧੪ ਸਾਲ ਦੀ ਸੀ । ਸ਼ਾਦੀ ਹੁੰਦਿਆਂ ਹੀ ਜੈ ਪ੍ਰਕਾਸ਼ ਜੀ ਨੂੰ ਆਪਣੀ ਪੜ੍ਹਾਈ ਲਈ ਅਮਰੀਕਾ ਜਾਣਾ ਪਿਆ ਜਿੱਥੇ ਉਹ ੭ ਸਾਲ ਰਹੇ । ਇਸ ਸਮੇਂ ਵਿੱਚ ਉਹਨਾਂ ਦੀ ਪਤਨੀ ਗਾਂਧੀ ਜੀ ਦੇ ਆਸ਼ਰਮ ਵਿੱਚ ਉਹਨਾਂ ਦੀ ਪੁੱਤਰੀ ਬਣ ਕੇ ਰਹੀ । ਗਾਂਧੀ ਜੀ ਦੇ ਆਸ਼ਰਮ ਵਿੱਚ ਰਹਿੰਦਿਆਂ ਪ੍ਰਭਾਵਤੀ ਜੀ ਨੂੰ ਇਹ ਪ੍ਰੇਰਨਾ ਹੋ ਗਈ ਕਿ ਉਹ ਸਾਰੀ ਉਮਰ ਹੀ ਬ੍ਰਹਮਚਾਰੀ ਰਹਿਣ । ਜਦੋਂ ਜੈ ਪ੍ਰਕਾਸ਼ ਜੀ ਅਮਰੀਕਾ ਤੋਂ ਵਾਪਿਸ ਆਏ ਤਾਂ ਉਹਨਾਂ ਨੂੰ ਪਤਨੀ ਦੀ ਸਾਰੀ ਉਮਰ ਬ੍ਰਹਮਚਾਰੀ ਰਹਿਣ ਦੀ ਇੱਛਿਆ ਦਾ ਪਤਾ ਲੱਗਿਆ । ਉਨ੍ਹਾਂ ਨੇ ਆਪਣੀ ਪਤਨੀ ਦੀ ਇਸ ਇੱਛਿਆ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ । ਪ੍ਰਭਾਵਤੀ ਜੀ ਦੀ ਮ੍ਰਿਤੂ ੧੫ ਅਪ੍ਰੈਲ ੧੯੭੩ ਵਾਲੇ ਦਿਨ ਹੋਈ । ਸ਼ਾਦੀ ਦੇ ੫੨ ਸਾਲਾਂ ਦੇ ਸਮੇਂ ਵਿੱਚ ਜੈ ਪ੍ਰਕਾਸ਼ ਜੀ ਤੇ ਉਹਨਾਂ ਦੀ ਪਤਨੀ ੪੫ ਸਾਲ ਇਕੱਠੇ ਰਹੇ, ਪਰ ਦੋਵੇਂ ਬ੍ਰਹਮਚਾਰੀ ਰਹੇ ।



## ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਛੇਤੀ ਬਾਸੀ ਹੋਣ ਤੋਂ ਬਚਾਉਣ ਲਈ ਬਿਜਲੀ ਨਾਲ ਚੱਲਣ ਵਾਲੀ ਮਸ਼ੀਨ

# ਫ਼ਰਿੱਜ

ਅਨੇਕਾਂ ਰੋਗਾਂ ਨੂੰ ਪੈਦਾ ਕਰਨ ਵਾਲੀ ਬਲਾਅ ਸਾਬਤ ਹੋ ਰਹੀ ਹੈ । ਮੌਤ ਦਾ ਖ਼ਤਰਾ ਮੁੱਲ ਲੈ ਕੇ ਇਸ ਬਲਾਅ ਨੂੰ ਘਰ ਵਿੱਚ ਰੱਖਣਾ ਭਾਰੀ ਮੂਰਖਤਾ ਹੈ। ਇਕ ਸਾਲ ਦੀ ਕੁੜੀ ਅੰਮ੍ਰਿਤਸਰ ਵਿੱਚ, ਸੱਤਾਂ ਸਾਲਾਂ ਦੀ ਕੁੜੀ ਪਟਿਆਲਾ ’ਚ ਫ਼ਰਿੱਜ ਵਿੱਚ ਰਹਿਣ ਵਾਲੀ ਬਿਜਲੀ ਨਾਲ ਮਰੀਆਂ ਸਨ ।

**In order to protect teeth and gums from decay extremes of temperature should be avoided.**

ਅਰਥਾਤ—ਦੰਦਾਂ ਦੇ ਮਸੂੜਿਆਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਇਹ ਜ਼ਰੂਰੀ ਹੈ ਕਿ ਅਤਿ ਦੀਆਂ ਠੰਢੀਆਂ ਚੀਜ਼ਾਂ ਖਾਧੀਆਂ ਪੀਤੀਆਂ ਨਾ ਜਾਣ ਤੇ ਨਾ ਹੀ ਅਤਿ ਦੀਆਂ ਗਰਮ ਚੀਜ਼ਾਂ ਖਾਧੀਆਂ ਪੀਤੀਆਂ ਜਾਣ । ਪਰ ਅਤਿ ਦੀ ਗਰਮ ਚੀਜ਼ ਤੇ ਅਤਿ ਦੀ ਠੰਢੀ ਚੀਜ਼ ਦੋਹਾਂ ਨੂੰ ਇਕੱਠਿਆਂ ਖਾਣਾ ਜਾਂ ਪੀਣਾ ਆਪਣੇ ਦੰਦਾਂ ਦੇ ਮਸੂੜਿਆਂ ਨੂੰ ਰੋਗੀ ਬਣਾ ਕੇ ਉਨ੍ਹਾਂ ਨਾਲ ਜ਼ੁਲਮ ਕਮਾਉਣਾ ਹੈ ।

ਸਦੀਆਂ ਦੇ ਪ੍ਰਤਾਵਿਆਂ ਵਿੱਚ ਰਾਸ ਆਏ ਰਿਵਾਜਾਂ ਨੂੰ ਛੱਡ ਕੇ ਲੋਕੀਂ ਅੱਖੀਆਂ ਮੀਟ ਕੇ ਉਨ੍ਹਾਂ ਨਵੀਆਂ ਵਸਤਾਂ ਦੇ ਰਿਵਾਜ ਚਲਾ ਰਹੇ ਹਨ ਜਿਨ੍ਹਾਂ ਦੇ ਪ੍ਰਤਾਵੇ ਅਜੇ ਹੋਣੇ ਹੁੰਦੇ ਹਨ ਤੇ ਹੋਏ ਨਹੀਂ ਹੁੰਦੇ । ਇਕ ਅਜਿਹਾ ਨਵਾਂ ਰਿਵਾਜ ਮਿੱਟੀ ਦੇ ਘੜਿਆਂ ਨੂੰ ਪਾਣੀ ਠੰਢਾ ਰੱਖਣ ਲਈ ਵਰਤਣ ਦੀ ਥਾਂ ਫ਼ਰਿੱਜਾਂ ਨੂੰ ਪਾਣੀ ਠੰਢਾ ਕਰਨ ਲਈ ਵਰਤਣ ਦਾ ਹੈ । ਲੋਕੀਂ ਦਿਖਾਵੇ ਲਈ ਅਨੇਕਾਂ ਚੀਜ਼ਾਂ ਘਰਾਂ ਵਿੱਚ ਰੱਖਦੇ ਹਨ । ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਚੀਜ਼ਾਂ ਨੂੰ ਵਰਤਣ ਤੋਂ ਪਹਿਲਾਂ ਕਿਸ ਕਿਸ ਗੱਲ ਨੂੰ ਜਾਣਨ ਦੀ ਲੋੜ ਹੁੰਦੀ ਹੈ, ਜਿਨ੍ਹਾਂ ਦੇ ਜਾਣਨ ਨਾਲ ਉਹ ਖ਼ਤਰੇ ਪੈਦਾ ਨਾ ਹੋ ਸਕਣ ਜਿਹੜੇ ਉਨ੍ਹਾਂ ਨੂੰ ਨਾ ਜਾਣਨ ਦੇ ਕਾਰਨ ਪੈਦਾ ਹੋਇਆ ਕਰਦੇ ਹਨ । ਗਰਮੀਆਂ ਦੇ ਦਿਨਾਂ ਵਿੱਚ ਜੇ ਮਿੱਟੀ ਦੇ ਘੜੇ ਵਿੱਚ ਪਾਣੀ ਪਾਇਆ ਜਾਵੇ ਤਾਂ ਉਹ ਠੰਢਾ ਹੋ ਜਾਂਦਾ ਹੈ, ਪਰ ਉੱਚੇ ਦਰਜੇ ਦੇ ਬੰਦੇ ਘੜੇ ਵਿੱਚ ਪਾਣੀ ਰੱਖਣ ਨੂੰ ਆਪਣੀ ਹੇਠੀ ਸਮਝਦੇ ਹਨ। ਉਹ ਫ਼ਰਿੱਜ ਵਿੱਚ ਰੱਖੇ ਠੰਢੇ ਪਾਣੀ ਨੂੰ ਪੀਂਦੇ ਹਨ, ਪਰ ਉਹ ਪਾਣੀ ਏਨਾ ਵੱਧ ਠੰਢਾ ਹੋ ਗਿਆ ਹੁੰਦਾ ਹੈ ਕਿ ਗਲੇ ਨੂੰ ਨੁਕਸਾਨ ਪਹੁੰਚਾਣ ਵਾਲਾ ਬਣ ਜਾਂਦਾ ਹੈ । ਮੈਨੂੰ ਜੇ ਕਿਤੇ ਕਿਸੇ ਦੇ ਘਰ ਫ਼ਰਿੱਜ ਦਾ ਠੰਢਾ ਪਾਣੀ ਪੀਣ ਨੂੰ ਮਿਲ ਜਾਵੇ ਤਾਂ ਮੈਂ ਉਸ ਨੂੰ ਦੁਖੀ ਹੋ ਕੇ ਪੀਆ ਕਰਦਾ ਹਾਂ ਤੇ ਮਹਿਸੂਸ ਕਰਿਆ ਕਰਦਾ ਹਾਂ

ਕਿ ਇਹ ਪਾਣੀ ਮੇਰੇ ਗਲੇ ਨੂੰ ਨੁਕਸਾਨ ਪਹੁੰਚਾਏਗਾ । ਇਕ ਪਾਗਲਪਨ ਹੋਰ ਹੈ ਕਿ ਰੋਟੀ ਖਾਣ ਦੇ ਵੇਲੇ ਲੋਕੀਂ ਫ਼ਰਿੱਜ ਦਾ ਬਰਫ਼ ਵਰਗਾ ਠੰਢਾ ਪਾਣੀ ਪੀਂਦੇ ਹਨ ਤੇ ਰੋਟੀ ਤਵੇ ਤੋਂ ਲੱਥੀ ਤੱਤੀ ਖਾਂਦੇ ਹਨ । ਮਿੱਟੀ ਦੇ ਗਰਮ ਭਾਂਡੇ ਨੂੰ ਜੇ ਠੰਢੀ ਥਾਂ 'ਤੇ ਰੱਖਿਆ ਜਾਵੇ ਤਾਂ ਉਸ ਨੂੰ ਤਰੇੜ ਆ ਜਾਂਦੀ ਹੈ । ਤਵੇ ਤੋਂ ਲੱਥੀ ਤੱਤੀ ਰੋਟੀ ਨਾਲ ਫ਼ਰਿੱਜ ਦਾ ਠੰਢਾ ਪਾਣੀ ਪੀਣ ਨਾਲ ਦੰਦ ਤੇ ਮਸੂੜੇ ਖ਼ਰਾਬ ਹੋ ਜਾਂਦੇ ਹਨ। ਜੱਗ-ਬਾਣੀ ਦੇ ੧੯੯੬ ਦੇ ਨਵੰਬਰ ਦੀ ੧੦ ਤਾਰੀਖ਼ ਦੇ ਪਰਚੇ ਵਿੱਚ ਡਾਕਟਰ ਸ਼ਿਆਮ ਵੇਦ ਨੇ ਲਿਖਿਆ ਹੈ ਕਿ ਜੇ ਤੁਸੀਂ ਫ਼ਰਿੱਜ ਰੱਖਣਾ ਹੋਵੇ ਤਾਂ ਉਸ ਨੂੰ ਵਰਤਣ ਤੋਂ ਪਹਿਲਾਂ ਉਨ੍ਹਾਂ ਨਿਯਮਾਂ ਦਾ ਗਿਆਨ ਪ੍ਰਾਪਤ ਕਰੋ ਜਿਨ੍ਹਾਂ ਅਨੁਸਾਰ ਤੁਹਾਨੂੰ ਫ਼ਰਿੱਜ ਦੀ ਵਰਤੋਂ ਕਰਨੀ ਚਾਹੀਦੀ ਹੈ । ਉਸ ਨੇ ਫ਼ਰਿੱਜ ਵਿੱਚ ਰੱਖੇ ਜਾਣ ਵਾਲੇ ਪਦਾਰਥਾਂ ਦੇ ਨਾਮ ਦਿੱਤੇ ਹਨ ਜਿਨ੍ਹਾਂ ਵਿੱਚ ਸਬਜ਼ੀਆਂ ਹਨ ਤੇ ਫ਼ਲ ਵੀ ਹਨ । ਉਸ ਨੇ ਕੁਝ ਫ਼ਲਾਂ ਤੇ ਕੁਝ ਸਬਜ਼ੀਆਂ ਵਿੱਚੋਂ ਇਕੱਲੇ ਇਕੱਲੇ ਦਾ ਨਾਮ ਲਿਖ ਕੇ ਦੱਸਿਆ ਹੈ ਕਿ ਇਸ ਫ਼ਲ ਨੂੰ ਫ਼ਰਿੱਜ ਵਿੱਚ ਇਤਨੇ ਘੰਟਿਆਂ ਤੋਂ ਵੱਧ ਨਾ ਰੱਖੋ ਤੇ ਇਸ ਸਬਜ਼ੀ ਨੂੰ ਇਤਨੇ ਘੰਟਿਆਂ ਤੋਂ ਵੱਧ ਨਾ ਰੱਖੋ। ਉਸ ਨੇ ਕੁਝ ਚਟਣੀਆਂ ਨੂੰ ਵੀ ਫ਼ਰਿੱਜ ਵਿੱਚ ਰੱਖਣ ਦੀ ਮਿਆਦ 'ਤੇ ਚਾਨਣ ਪਾਇਆ ਹੈ । ਜਿਹੜੇ ਬੰਦੇ ਫ਼ਲਾਂ ਤੇ ਸਬਜ਼ੀਆਂ ਨੂੰ ਉਸ ਮਿਆਦ ਤੋਂ ਵੱਧ ਸਮਾਂ ਫ਼ਰਿੱਜ ਵਿੱਚ ਰੱਖਦੇ ਹਨ, ਜਿਸ ਤੋਂ ਵੱਧ ਸਮਾਂ ਉਹ ਨਹੀਂ ਰੱਖਣੇ ਚਾਹੀਦੇ, ਉਨ੍ਹਾਂ ਨੂੰ ਜਿਹੜੇ ਰੋਗ ਲੱਗਦੇ ਹਨ ਉਨ੍ਹਾਂ ਦੇ ਨਾਮ ਹੇਠ ਲਿਖੇ ਹਨ :- ਸਰਦੀ, ਜ਼ੁਕਾਮ, ਖੰਘ ਤੇ ਅੰਤੜੀਆਂ ਦੇ ਰੋਗ । ਉਸ ਨੇ ਲਿਖਿਆ ਹੈ ਕਿ ਜੇਕਰ ਕਿਸੇ ਖਾਣ ਵਾਲੀ ਚੀਜ਼ ਨੂੰ ਫ਼ਰਿੱਜ ਕੁਝ ਘੰਟਿਆਂ ਲਈ ਛੇਤੀ ਖ਼ਰਾਬ ਹੋਣ ਤੋਂ ਬਚਾ ਕੇ ਕਿਸੇ ਪ੍ਰਵਾਰ ਦੀ ਪੰਜਾਹ ਰੁਪਏ ਮਹੀਨਾ ਦੀ ਬੱਚਤ ਕਰਦਾ ਹੈ ਤਾਂ ਉਹ ਉਸੇ ਪਰਿਵਾਰ ਦੇ ਸੌ ਰੁਪਏ ਉਨ੍ਹਾਂ ਦੇ ਇਲਾਜ 'ਤੇ ਖ਼ਰਚ ਕਰਾ ਦੇਂਦਾ ਹੈ ਜਿਹੜੇ ਉਸ ਵਿੱਚ ਫ਼ਲਾਂ, ਸਬਜ਼ੀਆਂ ਤੇ ਖਾਣ ਵਾਲੇ ਪਦਾਰਥਾਂ ਨੂੰ ਉਸ ਮਿਆਦ ਤੋਂ ਵੱਧ ਸਮਾਂ ਉਸ ਵਿੱਚ ਰੱਖਣ ਤੋਂ ਪੈਦਾ ਹੁੰਦੇ ਹਨ, ਜਿਸ ਮਿਆਦ ਤੋਂ ਵੱਧ ਸਮੇਂ ਤਕ ਉਹ ਉਸ ਵਿੱਚ ਰੱਖੇ ਨਹੀਂ ਜਾਣੇ ਚਾਹੀਦੇ ਹੁੰਦੇ । ਫ਼ਰਿੱਜਾਂ ਵਿੱਚ ਫ਼ਲਾਂ ਨੂੰ ਰੱਖਣ ਵਾਲੇ ਬੰਦੇ ਇਸ ਖ਼ਿਆਲ ਵਿੱਚ ਰਹਿੰਦੇ ਹਨ ਕਿ ਜਿੰਨਾ ਚਿਰ ਤਕ ਫ਼ਰਿੱਜ ਵਿੱਚ ਰੱਖੇ ਹੋਏ ਕਿਸੇ ਫ਼ਲ ਦਾ ਰੰਗ ਨਾ ਬਦਲੇ ਤੇ ਉਹ ਰੰਗ ਉਹੋ ਜਿਹਾ ਹੀ ਰਹੇ, ਜਿਹੋ ਜਿਹਾ ਉਹ ਫ਼ਰਿੱਜ ਵਿੱਚ ਰੱਖੇ ਜਾਣ ਦੇ ਸਮੇਂ ਸੀ ਉਤਨਾ ਚਿਰ ਉਹ ਅੰਦਰੋਂ ਵੀ ਉਹੋ ਜਿਹਾ ਹੀ ਰਹੇਗਾ ਜਿਹੋ ਜਿਹਾ ਉਹ ਫ਼ਰਿੱਜ ਵਿੱਚ ਰੱਖਣ ਵੇਲੇ ਸੀ; ਪਰ ਉਨ੍ਹਾਂ ਦਾ ਇਹ ਖ਼ਿਆਲ ਗ਼ਲਤ ਹੁੰਦਾ ਹੈ । ਫ਼ਲਾਂ ਵਿੱਚੋਂ ਸੇਬ ਦੀ ਮਿਸਾਲ ਲਈ ਜਾ ਸਕਦੀ ਹੈ । ਜੇਕਰ ਸੇਬ ਸੋਲ੍ਹਾਂ ਘੰਟਿਆਂ ਤਕ ਫ਼ਰਿੱਜ ਵਿੱਚ ਖ਼ਰਾਬ ਹੋਣ ਤੋਂ ਬਚਿਆ ਰਹਿੰਦਾ ਹੋਵੇ ਤੇ ਇਤਨੇ ਸਮੇਂ ਦੇ ਪਿੱਛੋਂ ਉਸ ਨੇ ਅੰਦਰੋਂ ਗਲਣਾ ਆਰੰਭ ਕਰ ਦੇਣਾ ਹੋਵੇ ਤਾਂ



ਉਹ ਉੱਪਰੋਂ ਚਵ੍ਹੀ ਘੰਟੇ ਤਾਂ ਉਹ ਕਿਸ ਦਾ ਵਿਚਾਰਾ ਉਹ ਅਠਤਾਲੀ ਘੰਟਿਆਂ ਤਕ ਵੀ ਉੱਪਰੋਂ ਆਪਣੇ ਰੰਗ ਵਜੋਂ ਉਹ ਜਿਹਾ ਹੀ ਰਹੇਗਾ ਜਿਹੋ ਜਿਹਾ ਉਹ ਫ਼ਰਿੱਜ ਵਿੱਚ ਰੱਖੇ ਜਾਣ ਦੇ ਸਮੇਂ ਸੀ; ਪਰ ਅੰਦਰੋਂ ਉਹ ਰੋਗ ਪੈਦਾ ਕਰਨ ਵਾਲੇ ਕੀਟਾਣੂ ਉਸ ਵਿੱਚ ਪੈਦਾ ਹੋਣੇ ਆਰੰਭ ਹੋ ਚੁੱਕੇ ਹੋਣਗੇ । ਸਭ ਤੋਂ ਵੱਧ ਕਹਿਰ ਜਨਤਾ ਨਾਲ ਤੰਦੂਰਾਂ ਵਾਲੇ ਕਮਾ ਰਹੇ ਹਨ । ਉਹ ਪੰਜ-ਪੰਜ ਛੇ-ਛੇ ਦਿਨ ਫ਼ਰਿੱਜਾਂ 'ਚ ਮਾਸ, ਸਬਜ਼ੀਆਂ ਤੇ ਦਾਲਾਂ ਨੂੰ ਪਏ ਰਹਿਣ ਦਿੰਦੇ ਹਨ । ਉਸ ਮਾਸ ਤੇ ਸਬਜ਼ੀਆਂ ਨੂੰ ਖਾਣ ਵਾਲਿਆਂ ਨੂੰ ਰੋਗ ਲੱਗਦੇ ਹਨ । ਹੁਣ ਉਸ ਤੰਦੂਰ ਤੋਂ ਰੋਟੀ ਖਾਉ, ਜਿਸ ਪਾਸ ਫ਼ਰਿੱਜ ਨਾ ਹੋਵੇ । ਜਿਹੜੀਆਂ ਬੀਬੀਆਂ ਸੜਕਾਂ ਉੱਤੇ ਬੈਠ ਕੇ ਰੋਟੀ ਪਕਾਉਂਦੀਆਂ ਹਨ, ਉਨ੍ਹਾਂ ਪਾਸੋਂ ਰੋਟੀ ਖਾਓ । ਹੁਣ ਜਿਸ ਘਰ ਵਿੱਚ ਜਾਓ ਉਸ ਨੂੰ ਪਹਿਲਾਂ ਕਹਿ ਦਿਉ ਕਿ ਅਸੀਂ ਫ਼ਰਿੱਜ ਵਿੱਚ ਰੱਖੀ ਚੀਜ਼ ਨਾ ਖਾਣੀ ਹੈ ਤੇ ਨਾ ਹੀ ਪੀਣੀ ਹੈ । ਅੰਮ੍ਰਿਤਸਰ ਵਿੱਚ ਇਕ ਸਾਲ ਦੀ ਕੁੜੀ ਬਿਜਲੀ ਦੇ ਝਟਕੇ ਨਾਲ ਮਰੀ, ਜਿਹੜਾ ਉਸ ਨੂੰ ਫ਼ਰਿੱਜ ਦੇ ਨਾਲ ਲੱਗਣ ਨਾਲ ਲੱਗਿਆ ਸੀ । ਪਿੰਡਾਂ ਦੇ ਜਿਨ੍ਹਾਂ ਬੰਦਿਆਂ ਦੇ ਘਰਾਂ, ਵਿੱਚ ਪਸ਼ੂ ਹੁੰਦੇ ਹਨ ਉਨ੍ਹਾਂ ਨੂੰ ਰਿੱਧੀ ਹੋਈ ਦਾਲ, ਸਬਜ਼ੀ ਜਾਂ ਕੜਾਹ, ਖੀਰ, ਗੁੱਝਿਆ ਹੋਇਆ ਆਟਾ ਫ਼ਰਿੱਜ ਵਿੱਚ ਰੱਖਣ ਦੀ ਲੋੜ ਨਹੀਂ ਹੁੰਦੀ । ਉਹ ਸਭ ਚੀਜ਼ਾਂ ਗਊਆਂ ਮੱਝਾਂ ਨੂੰ ਪਾਈਆਂ ਜਾ ਸਕਦੀਆਂ ਹਨ, ਪਾਉਣੀਆਂ ਵੀ ਚਾਹੀਦੀਆਂ ਹਨ । ਘਰ ਵਿੱਚ ਗਊ ਨਾ ਹੋਵੇ ਤਾਂ ਗਵਾਂਢ ਦੇ ਘਰ ਹੋਏਗੀ । ਪਸ਼ੂਆਂ ਨੂੰ ਭੁਲਾਣਾ ਨਹੀਂ ਚਾਹੀਦਾ, ਉਹ ਸਾਡੇ ਸਾਥੀ ਹਨ, ਉਨ੍ਹਾਂ ਦੇ ਆਸਰੇ ਹੀ ਮਨੁੱਖ ਜਾਤੀ ਜੀਵਨ ਨਿਰਬਾਹ ਕਰਦੀ ਹੈ । ਭਾਰਤ ਦੇ ਬੰਦਿਆਂ ਦਾ ਆਧਾਰ ਖੇਤੀ 'ਤੇ ਹੈ । ਖੇਤੀ ਕਰਨ ਲਈ ਬੈਲ ਹੀ ਕੰਮ ਆਉਂਦੇ ਹਨ, ਭਾਰ ਢੋਣ ਲਈ ਗੱਡਿਆਂ ਅੱਗੇ ਵੀ ਜੁੱਪਦੇ ਹਨ । ਮੱਝ ਦੇ ਦੁੱਧ ਦੇ ਮੁਕਾਬਲੇ ਵਿੱਚ ਬੱਚਿਆਂ ਲਈ ਗਊ ਦਾ ਦੁੱਧ ਵਧੇਰੇ ਗੁਣਕਾਰੀ ਹੈ । ਇਸ ਲਈ ਭਾਰਤ ਦੇ ਅਨੇਕਾਂ ਘਰਾਂ ਵਿੱਚ ਗਊਆਂ ਲਈ ਆਟੇ ਦੇ ਪੇੜੇ ਦਾ ਗਊ-ਗਰਾਸ ਰੱਖਿਆ ਜਾਂਦਾ ਹੈ ਤੇ ਗਊ ਨੂੰ ਦਿੱਤਾ ਜਾਂਦਾ ਹੈ । ਗਊ ਭਾਵੇਂ ਆਪਣੀ ਹੋਵੇ ਜਾਂ ਬੇਗਾਨੀ । ਪਰ ਜੇ ਪਿੰਡਾਂ ਦੇ ਬੰਦੇ ਵੀ ਗਊ-ਗਰਾਸ ਰੱਖਣਾ ਛੱਡ ਕੇ ਰਾਤ ਦੀ ਬਚੀ ਹੋਈ ਦਾਲ ਵੀ ਗਊਆਂ ਨੂੰ ਦੇਣ ਦੀ ਥਾਂ 'ਤੇ ਫ਼ਰਿੱਜ ਵਿੱਚ ਰੱਖਣ ਲੱਗ ਪੈਣ ਤਾਂ ਫਿਰ ਇਸ ਤੋਂ ਵੱਧ ਉਨ੍ਹਾਂ ਦੀ ਮੂਰਖਤਾ ਦੀ ਨਿਸ਼ਾਨੀ ਹੋਰ ਕੀ ਹੋ ਸਕਦੀ ਹੈ । ਫ਼ਰਿੱਜ ਕਿਸੇ ਵੇਲੇ ਸੱਪ ਦਾ ਕੰਮ ਵੀ ਕਰਦੇ ਹਨ । ਇਨ੍ਹਾਂ ਵਿੱਚ ਰਹਿਣ ਵਾਲੀ ਬਿਜਲੀ ਘਰ ਵਿੱਚ ਕਿਸੇ ਨਾ ਕਿਸੇ ਨੂੰ ਜਾਨੋਂ ਮਾਰਦੀ ਰਹਿੰਦੀ ਹੈ । ਫ਼ਰਿੱਜਾਂ ਦੇ ਕਾਰਨ ਅਸੀਂ ਪਸ਼ੂਆਂ ਨੂੰ ਭੁਲਾ ਰਹੇ ਹਾਂ । ਅਜਿਹਾ ਕਰਕੇ ਅਸੀਂ ਤਬਾਹੀ ਵੱਲ ਜਾਵਾਂਗੇ । ਜਦ ਤਕ ਮਨੁੱਖ ਪਸ਼ੂਆਂ ਨਾਲ ਜ਼ੁਲਮ ਕਰੇਗਾ, ਉਦੋਂ ਤਕ ਮਨੁੱਖ, ਮਨੁੱਖ ਨਾਲ ਜ਼ੁਲਮ ਕਰਨੋਂ ਵੀ ਨਹੀਂ ਟਲੇਗਾ । ਧਰਮ ਪੁੱਤਰ

ਯੁਧਿਸ਼ਟਰ ਨੇ ਜਿਹੜੀਆਂ ਅੱਠ ਕਸਮਾਂ ਖਾਧੀਆਂ ਸਨ, ਉਨ੍ਹਾਂ ਵਿੱਚੋਂ ਇਕ ਕਸਮ ਇਹ ਵੀ ਸੀ ਕਿ ਮੈਨੂੰ ਉਹ ਪਾਪ ਲੱਗੇ ਜਿਹੜਾ ਗਊ ਦੇ ਵੱਛੇ ਦੇ ਹਿੱਸੇ ਦਾ ਦੁੱਧ ਚੋਣ ਤੋਂ ਲੱਗਦਾ ਹੈ । ਮੈਂ ਜਦੋਂ ਬੱਚਾ ਸਾਂ ਤੇ ਮੈਨੂੰ ਕੋਈ ਨਵਾਂ ਕੱਪੜਾ ਪੱਗ, ਕੁੜਤਾ ਮਿਲਦਾ ਸੀ ਤਾਂ ਮੇਰੀ ਮਾਂ ਮੈਨੂੰ ਕਹਿੰਦੀ ਸੀ ਕਿ ਪਹਿਲਾਂ ਇਸ ਨੂੰ ਗਊ ਦੇ ਸਿੰਙਾਂ ਅਤੇ ਪਾਣੀ ਦੇ ਘੜੇ ਨੂੰ ਲਾ ਕੇ ਆ । ਬਠਿੰਡੇ ਦੇ ਕਾਰਖ਼ਾਨੇ ਵਿੱਚ ਬਿਜਲੀ ਪੈਦਾ ਹੁੰਦੀ ਹੈ; ਉਸ ਵਿੱਚ ਰੇਲ ਦੇ ਸੌ ਡੱਬਿਆਂ ਦਾ ਪੱਥਰ ਦਾ ਕੋਇਲਾ ਰੋਜ਼ਾਨਾ ਸੜਦਾ ਹੈ । ਉਸ ਦੇ ਸੜਨ ਨਾਲ ਜਿਹੜੀ ਕਾਲੇ ਰੰਗ ਦੀ ਰਾਖ ਪੈਦਾ ਹੁੰਦੀ ਹੈ ਤੇ ਉਹ ਉਸ ਬਿਜਲੀ-ਘਰ ਦੇ ਆਲੇ-ਦੁਆਲੇ ਦੇ ਪੰਜ ਕਿਲੋਮੀਟਰ ਦੇ ਇਲਾਕੇ ਵਿੱਚ ਚਿਮਨੀਆਂ ਤੋਂ ਉੱਡ ਕੇ ਡਿੱਗਦੀ ਹੈ ਤੇ ਹਰ ਘਰ ਵਿੱਚ ਅੱਧਾ ਕਿਲੋ ਦੇ ਹਿਸਾਬ ਨਾਲ ਡਿੱਗਦੀ ਹੈ । ਲੋਕਾਂ ਦੇ ਕੱਪੜੇ ਰਾਤੋ-ਰਾਤ ਕਾਲਖ਼ ਨਾਲ ਕਾਲੇ ਹੋ ਜਾਂਦੇ ਹਨ । ਉਹ ਰਾਖ ਲੋਕਾਂ ਦੇ ਫੇਫੜਿਆਂ ਵਿੱਚ ਜਾਂਦੀ ਹੈ ਜਿਸ ਦੇ ਕਾਰਨ ਲੋਕਾਂ ਨੂੰ ਛਾਤੀ ਦੇ ਰੋਗ ਲੱਗ ਰਹੇ ਹਨ । ਇਹ ਹਨ ਕਹਿਰ ਜਿਹੜੇ ਬਿਜਲੀ ਦੇ ਕਾਰਖ਼ਾਨੇ ਪੈਦਾ ਕਰ ਰਹੇ ਹਨ । ਉਸ ਬਿਜਲੀ ਨਾਲ ਹੀ ਫ਼ਰਿੱਜ ਚੱਲਦਾ ਹੈ । ਉਸ ਕੇਰੀ ਨਾਲ ਅੰਨ-ਉਪਜਾਊ ਖੇਤ ਭਰੇ ਜਾ ਰਹੇ ਹਨ ਜਿਨ੍ਹਾਂ ਵਿੱਚ ਕੁਝ ਪੈਦਾ ਨਹੀਂ ਹੋਵੇਗਾ । ਬਿਜਲੀ-ਘਰਾਂ ਵਿੱਚ ਪੱਥਰ ਦਾ ਕੋਲਾ ਬਲਣ ਨਾਲ ਜ਼ਹਿਰੀਲੀ ਗੈਸ ਕਾਰਬਨ ਡਾਇਆਕਸਾਈਡ ਪੈਦਾ ਹੁੰਦੀ ਹੈ ਤੇ ਉਹ ਵਾਯੂ-ਮੰਡਲ ਵਿੱਚ ਜਮ੍ਹਾਂ ਹੋ ਰਹੀ ਹੈ । ਉਹ ਕਿਸੇ ਵੇਲੇ ਇਤਨੀ ਵਧ ਜਾਵੇਗੀ ਕਿ ਦੁਨੀਆਂ ਦੇ ਜੀਵ ਉਸ ਨਾਲ ਹੀ ਮਰ ਜਾਣਗੇ । ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਲੜਕਪਨ ਦੇ ਸਮੇਂ ਵਿੱਚ ਗਊਆਂ, ਮੱਝਾਂ ਨੂੰ ਚਾਰਦੇ ਰਹੇ ਸਨ ਤੇ ਯੋਗੀਰਾਜ ਸ੍ਰੀ ਕ੍ਰਿਸ਼ਨ ਜੀ ਵੀ ਲੜਕਪਨ ਦੇ ਸਮੇਂ ਗਊਆਂ ਨੂੰ ਚਾਰਦੇ ਰਹੇ ਸਨ । ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਹੈੱਡ-ਗ੍ਰੰਥੀ ਸੰਤ ਕਿਸ਼ਨ ਸਿੰਘ ਜੀ ਜਿਹੜੇ ਨਾਮ ਬਾਣੀ ਦੇ ਰਸੀਏ ਤੇ ਤਿਆਰ-ਬਰ-ਤਿਆਰ ਸਿੱਖ ਸਨ, ਉਹ ਪ੍ਰਸ਼ਾਦਾ ਛਕਣ ਲੱਗਿਆਂ ਸਦਾ ਇਕ ਬੁਰਕੀ ਜਾਨਵਰਾਂ ਤੇ ਪਸ਼ੂਆਂ ਲਈ ਰੱਖ ਲੈਂਦੇ ਸਨ । ਸ੍ਰੀ ਗੁਰੂ ਅਮਰਦਾਸ ਜੀ ਦਾ ਦਸਤੂਰ ਸੀ ਕਿ ਲੰਗਰ ਵਿੱਚ ਪ੍ਰਸ਼ਾਦੇ, ਦਾਲ, ਸਬਜ਼ੀ, ਖੀਰ ਆਦਿ ਜੋ ਕੁਝ ਵੀ ਬੱਚਦਾ ਹੁੰਦਾ ਸੀ ਉਹ ਸਭ ਕੁਝ ਰਾਤ ਦੇ ਵੇਲੇ ਮੱਛੀਆਂ ਲਈ ਦਰਿਆ ਬਿਆਸ ਵਿੱਚ ਰੋੜ੍ਹ ਦਿੱਤਾ ਜਾਂਦਾ ਸੀ । ਫ਼ਰਿੱਜ ਹੁਣ ਹਿੰਦੁਸਤਾਨ ਦੀਆਂ ਉੱਪਰ ਲਿਖੀਆਂ ਰੀਤਾਂ ਉੱਤੇ ਸੁਹਾਗਾ ਫੇਰ ਰਿਹਾ ਹੈ । ਜਦੋਂ ਮੈਂ ਨਿਆਣਾ ਸਾਂ ਤਾਂ ਮੇਰੀ ਮਾਂ ਮੈਨੂੰ ਛੋਟੀ ਟੋਕਰੀ ਵਿੱਚ ਚੀਣੇ ਦੇ ਦਾਣੇ ਪਾ ਕੇ ਕੋਠੇ 'ਤੇ ਭੇਜਿਆ ਕਰਦੀ ਸੀ ਜਿੱਥੇ ਮੈਂ ਉਨ੍ਹਾਂ ਦਾਣਿਆਂ ਨੂੰ ਖਿਲਾਰਿਆ ਕਰਦਾ ਸਾਂ । ਚਿੜੀਆਂ, ਘੁੱਗੀਆਂ, ਗੁਟਾਰਾਂ ਤੇ ਕਬੂਤਰਾਂ ਨੂੰ ਦਾਣਿਆਂ ਨੂੰ



ਚੁਗਦਿਆਂ ਵੇਖ ਕੇ ਮੈਂ ਮਹਿਸੂਸ ਕਰਿਆ ਕਰਦਾ ਸਾਂ ਕਿ ਇਨ੍ਹਾਂ ਦੀ ਵੀ ਸੰਸਾਰ ਦੀ ਯੋਜਨਾ ਵਿੱਚ ਕੋਈ ਜ਼ਰੂਰੀ ਥਾਂ ਹੈ, ਇਨ੍ਹਾਂ ਦੀ ਰੱਖਿਆ ਕਰਨੀ ਚਾਹੀਦੀ ਹੈ । ਦਸਹਿਰੇ ਵਾਲੇ ਦਿਨ ਮਾਵਾਂ ਆਪਣੇ ਬੱਚਿਆਂ ਨੂੰ ਲੈ ਕੇ ਤੜਕੇ ਦੇ ਹਨੇਰੇ ਵਿੱਚ ਤਿਲਾਂ, ਚੌਲਾਂ ਤੇ ਸ਼ੱਕਰ ਦੀ ਤਿਲਚੌਲੀ ਨੂੰ ਕੀੜਿਆਂ ਦੇ ਭੌਣ ਤੇ ਬਿਖੇਰਦੀਆਂ ਹਨ। ਮਾਈਆਂ ਤੇ ਬੱਚੇ ਗਾਉਂਦੇ ਹਨ—

੧. ਕੀੜਿਓ ਮਕੌੜਿਓ ਅੰਨ ਦਿਉ, ਧਨ ਦਿਉ, ਭਾਈ ਦਿਉ, ਭਤੀਜਾ ਦਿਉ, ਗੋਦੀਆ ਖਿਡਾਉਣ ਨੂੰ ।

੨. ਕੀੜਮ ਕੀੜਾ ਸਾਧ ਕਾ, ਪੱਬ ਧਰੋ ਬਚਾਅ । ਕੀੜੇ ਭਾਈ ਮਾਰ ਕੇ, ਪਾਪ ਨਾ ਭਾਰੀ ਹੋ ।

ਹਿੰਦੂ ਧਰਮ ਦਾ ਵਿਧਾਨ ਹੈ ਕਿ ਬੰਦਾ ਰੋਜ਼ ਪੰਜ ਜੱਗ ਕਰੇ, ਜਿਨ੍ਹਾਂ ਵਿੱਚੋਂ ਇਕ ਜੱਗ ਜਾਨਵਰਾਂ ਨੂੰ ਚੋਗਾ ਤੇ ਪਸ਼ੂਆਂ ਨੂੰ ਚਾਰੇ ਦਾ ਦਾਨ ਕਰਨਾ ਹੈ । ਸੰਨ ੧੯੨੬ ਵਿੱਚ ਮੈਂ ਇਕ ਲੇਖ ਅੰਗਰੇਜ਼ੀ ਮਾਸਿਕ-ਪੱਤਰ ਆਰੀਅਨ ਪਾਥ ਵਿੱਚ ਪੜ੍ਹਿਆ ਸੀ ਕਿ ਜਿਸ ਦਿਨ ਕੋਈ ਮੁੰਡਾ ਆਪਣੇ ਦਿਲ-ਪ੍ਰਚਾਵੇ ਲਈ ਜਾਨਵਰਾਂ ਦਾ ਸ਼ਿਕਾਰ ਕਰਦਾ ਹੈ, ਉਸੇ ਦਿਨ ਦੁਨੀਆਂ ਵਿੱਚ ਜੰਗ ਦੀ ਨੀਂਹ ਰੱਖੀ ਜਾਂਦੀ ਹੈ ਜਿਸ ਵਿੱਚ ਬੰਦੇ ਮਰਦੇ ਹਨ । ਜਾਨਵਰਾਂ ਦਾ ਇਕ ਬੱਚੇ ਦੇਣ ਦਾ ਮੌਸਮ ਹੁੰਦਾ ਹੈ । ਉਸ ਵਿੱਚ ਜਾਨਵਰਾਂ ਦਾ ਸ਼ਿਕਾਰ ਨਹੀਂ ਕਰਨਾ ਚਾਹੀਦਾ । **We are cruel if we are not actively kind.—John Ruskin.** ਰਸਕਿਨ ਫ਼ਿਲਾਸਫ਼ਰ ਦਾ ਕਥਨ ਹੈ ਕਿ ਜੇਕਰ ਅਸੀਂ ਕਿਸੇ ਦੁੱਖੀ ਜੀਵ ਦੇ ਉਸ ਦੁੱਖ ਨੂੰ ਦੂਰ ਨਾ ਕਰੀਏ ਜਿਹੜਾ ਦੂਰ ਕੀਤਾ ਜਾ ਸਕਦਾ ਹੋਵੇ ਤੇ ਨਿਆਂ ਜਿਸ ਨੂੰ ਦੂਰ ਕਰਨ ਦੀ ਮੰਗ ਕਰਦਾ ਹੋਵੇ, ਤਾਂ ਫੇਰ ਅਸੀਂ ਜ਼ਾਲਮ ਬੰਦੇ ਹਾਂ । ਦੇਸ਼ ਦੀ ਆਬਾਦੀ ਵਧਦੀ ਜਾ ਰਹੀ ਹੈ । ਆਬਾਦੀ ਲਈ ਅਨਾਜ ਦੀ ਪੈਦਾਵਾਰ ਵਧਾਉਣ ਲਈ ਉਹਨਾਂ ਜ਼ਿਮੀਂਦਾਰਾਂ ਨੂੰ ਬੈਲਾਂ ਦੀ ਲੋੜ ਹੁੰਦੀ ਹੈ ਜਿਨ੍ਹਾਂ ਦੀਆਂ ਜ਼ਮੀਨਾਂ ਥੋੜ੍ਹੀਆਂ ਹੁੰਦੀਆਂ ਹਨ । ਸੰਨ ੨੦੨੦ ਤਕ ਦੇ ਚੌਂਤੀ ਸਾਲਾਂ ਦੇ ਸਮੇਂ ਵਿੱਚ ਦੁਨੀਆਂ ਦਾ ਡੀਜ਼ਲ ਤੇਲ ਸਮਾਪਤ ਹੋ ਜਾਵੇਗਾ । ਸਕੂਟਰਾਂ ਤੇ ਮੋਟਰਕਾਰਾਂ ਦੀ ਥਾਂ ਗਊਆਂ ਵੱਛਿਆਂ ਨੂੰ ਰੱਜਵੇਂ ਦੁੱਧ ਨਾਲ ਪਾਲ ਕੇ ਪਿੰਡਾਂ ਦੇ ਗ਼ਰੀਬ ਜ਼ਿਮੀਂਦਾਰਾਂ ਨੂੰ ਮੁਫ਼ਤ ਦਿਓ ਤਾਂ ਜੋ ਉਹ ਅਨਾਜ ਪੈਦਾ ਕਰ ਸਕਣ । ਟਾਈਮਜ਼ ਆਫ਼ ਇੰਡੀਆ ਦੇ ਲੇਖ **No alternative to green revolutions** ਵਿੱਚ ਦੱਸਿਆ ਗਿਆ ਹੈ ਕਿ ਖ਼ੁਰਾਕ ਦੀ ਪੈਦਾਵਾਰ, ਆਬਾਦੀ ਦੀ ਪੈਦਾਵਾਰ ਦੇ ਮੁਕਾਬਲੇ ਵਿੱਚ ਵਧਣੀ ਨਹੀਂ; ਇਸ ਲਈ ਚੀਨ ਦੇਸ਼ ਵਾਂਙ ਭਾਰਤ ਵਿੱਚ ਵੀ ਧਨ ਦੀ ਜਬਰੀ ਵੰਡ ਹੋ ਕੇ ਰਹੇਗੀ।

-ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ, ਅੰਮ੍ਰਿਤਸਰ ।

## ਸਵਾਰੀ ਕਿਸ ਵਸਤ ਦੀ ਕਰੋ?

### ਟਾਂਗੇ ਦੀ, ਰਿਕਸ਼ੇ ਦੀ, ਸਕੂਟਰ ਰਿਕਸ਼ੇ ਦੀ ਜਾਂ ਬੱਸ ਦੀ?

ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਖ਼ਾਲਸਾ ਕਾਲਜ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਛੇਹਰਟੇ ਨੂੰ ਟਾਂਗੇ ਵੀ ਜਾਂਦੇ ਹਨ, ਉਹ ਰਿਕਸ਼ੇ ਵੀ ਜਾਂਦੇ ਹਨ ਜਿਨ੍ਹਾਂ ਨੂੰ ਬੰਦਾ ਖਿੱਚਦਾ ਹੈ, ਸਕੂਟਰ ਰਿਕਸ਼ੇ ਵੀ ਜਾਂਦੇ ਹਨ ਤੇ ਬੱਸਾਂ ਵੀ। ਇਕ ਬੰਦਾ ਇਨ੍ਹਾਂ ਚਹੁੰਆਂ ਨੂੰ ਦੇਖਦਾ ਹੈ। ਚਾਰੇ ਗੱਡੀਆਂ ਖ਼ਾਲੀ ਹਨ ਤੇ ਸਵਾਰੀ ਦੀ ਉਡੀਕ ਕਰ ਰਹੀਆਂ ਹਨ। ਡੀਜ਼ਲ ਤੇਲ ਤੋਂ ਪੈਦਾ ਹੋਇਆ ਭਿਆਨਕ ਸੰਕਟ ਇਹ ਮੰਗ ਕਰਦਾ ਹੈ ਕਿ ਅਸੀਂ ਖ਼ਾਲਸਾ ਕਾਲਜ ਤੇ ਛੇਹਰਟੇ ਵੱਲ ਨੂੰ ਸਕੂਟਰ 'ਤੇ ਨਾ ਜਾਈਏ, ਬੱਸ 'ਤੇ ਨਾ ਜਾਈਏ ਕਿਉਂਕਿ ਸਕੂਟਰ ਰਿਕਸ਼ਾ ਪੈਟਰੋਲ ਨਾਲ ਚੱਲਦਾ ਹੈ ਤੇ ਬੱਸ ਡੀਜ਼ਲ ਤੇਲ ਨਾਲ ਚੱਲਦੀ ਹੈ। ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧੀਆਂ ਹਨ ਤੇ ਇਨ੍ਹਾਂ ਦੀਆਂ ਕੀਮਤਾਂ ਦੇ ਵਾਧੇ ਨੇ ਅਮਰੀਕਾ ਵਰਗੇ ਧਨੀ ਦੇਸ਼ਾਂ ਦੇ ਪੈਰਾਂ ਹੇਠੋਂ ਧਰਤੀ ਕੱਢ ਛੱਡੀ ਹੈ। ਬਾਈਸਿਕਲ ਦੀ ਵਰਤੋਂ ਵਧਾਉਣੀ ਚਾਹੀਦੀ ਹੈ ਤੇ ਪੈਦਲ ਤੁਰਨ ਦੀ ਆਦਤ ਵੀ ਪਾਉਣੀ ਚਾਹੀਦੀ ਹੈ। ਬੈਠਕ ਦਾ ਕੰਮ ਕਰਨ ਵਾਲੇ ਬੰਦੇ ਜੇਕਰ ਸਾਢੇ ਅੱਠ ਮੀਲ ਪੈਦਲ ਤੁਰਨ ਤਾਂ ਹੀ ਉਹ ਤੰਦਰੁਸਤ ਰਹਿ ਸਕਦੇ ਹਨ, ਨਹੀਂ ਤਾਂ ਉਨ੍ਹਾਂ ਨੂੰ ਪਿਸ਼ਾਬ ਦਾ ਸ਼ੱਕਰ ਦਾ ਰੋਗ, ਖ਼ੂਨ ਦੇ ਦਬਾਉ ਦਾ ਰੋਗ ਤੇ ਦਿਲ ਦੇ ਰੋਗ ਵਰਗੇ ਕਈ ਰੋਗ ਲੱਗ ਸਕਦੇ ਹਨ। ਜੇਕਰ ਲੋਕੀਂ ਪੈਦਲ ਤੁਰਨ ਦਾ ਚਾਓ ਆਪਣੇ ਮਨਾਂ ਵਿੱਚ ਪੈਦਾ ਕਰ ਲੈਣ ਤਾਂ ਦੇਸ਼ ਉੱਤੋਂ ਡੀਜ਼ਲ ਪੈਟਰੋਲ ਦੀਆਂ ਕੀਮਤਾਂ ਦਾ ਬਹੁਤ ਸਾਰਾ ਭਾਰ ਘਟ ਸਕਦਾ ਹੈ। ਇਹ ਭਾਰ ਜ਼ਬਰਦਸਤ ਹੈ ਤੇ ਹਰ ਇਕ ਬੰਦੇ ਨੂੰ ਇਸ ਭਾਰ ਦਾ ਪਤਾ ਲੱਗ ਜਾਣਾ ਚਾਹੀਦਾ ਹੈ। ਜਿਹੜਾ ਬੰਦਾ ਪੈਦਲ ਤੁਰ ਕੇ ਜਾਂ ਬਾਈਸਿਕਲ ਦੀ ਸਵਾਰੀ ਕਰਕੇ ਦੇਸ਼ ਨੂੰ ਡੀਜ਼ਲ ਦੇ ਤਬਾਹ ਕਰ ਦੇਣ ਵਾਲੇ ਖ਼ਰਚਾਂ ਤੋਂ ਨਹੀਂ ਬਚਾਉਂਦਾ ਉਹ ਬੜੀ ਬੇਸਮਝੀ ਦਾ ਪ੍ਰਗਟਾਵਾ ਕਰਦਾ ਹੈ। ਮੈਂ ਰੇਲ ਗੱਡੀ ਦਾ ਸਫ਼ਰ ਕਰਦਾ ਹਾਂ। ਦਿੱਲੀ ਤੋਂ ਜਿਹੜੀਆਂ ਰੇਲ ਗੱਡੀਆਂ ਅੰਮ੍ਰਿਤਸਰ ਨੂੰ ਰਾਤ ਦੇ ਵੇਲੇ ਤੁਰਦੀਆਂ ਹਨ ਉਹ ਭਾਵੇਂ ਡਾਕ ਗੱਡੀਆਂ ਹੋਣ ਭਾਵੇਂ ਐਕਸਪ੍ਰੈਸ, ਉਨ੍ਹਾਂ ਵਿੱਚ ਉਸ ਵੇਲੇ ਦਿੱਲੀ ਸਟੇਸ਼ਨ 'ਤੇ ਭੀੜ ਬਹੁਤ ਹੁੰਦੀ ਹੈ; ਪਰ ਲੁਧਿਆਣਾ ਸ਼ਹਿਰ ਵਿੱਚ ਜਦੋਂ ਉਹ ਗੱਡੀਆਂ ਪੁੱਜਦੀਆਂ ਹਨ ਤਾਂ ਹਰ ਗੱਡੀ ਅੱਧੀ ਤੋਂ ਵੱਧ ਖ਼ਾਲੀ ਹੋ ਜਾਂਦੀ ਹੈ। ਪਰ ਸਵੇਰੇ ਪੌਣੇ ਪੰਜ ਵਜੇ ਤੋਂ ਪੰਦਰਾਂ-ਪੰਦਰਾਂ ਮਿੰਟਾਂ ਮਗਰੋਂ ਲੁਧਿਆਣਾ ਸ਼ਹਿਰ ਤੋਂ ਬੱਸਾਂ ਅੰਮ੍ਰਿਤਸਰ ਵਾਲੇ



ਪਾਸੇ ਨੂੰ ਤੁਰਨੀਆਂ ਆਰੰਭ ਹੋ ਜਾਂਦੀਆਂ ਹਨ। ਜਿਹੜੀ ਸ਼ਾਨ-ਏ-ਪੰਜਾਬ ਡਾਕ ਰੇਲ ਗੱਡੀ ਲੁਧਿਆਣਾ ਸ਼ਹਿਰ ਤੋਂ ਦਿਨ ਦੇ ਦਸ ਕੁ ਵਜੇ ਅੰਮ੍ਰਿਤਸਰ ਨੂੰ ਤੁਰਦੀ ਹੈ ਉਸ ਦੇ ਦਸ ਕੁ ਡੱਬੇ ਹੁੰਦੇ ਹਨ; ਪਰ ਉਨ੍ਹਾਂ ਡੱਬਿਆਂ ਦੇ ਤੀਜੇ ਹਿੱਸੇ ਜੋਗੀਆਂ ਸਵਾਰੀਆਂ ਹੀ ਮਸਾਂ ਉਸ ਗੱਡੀ ਵਿੱਚ ਚੜ੍ਹੀਆਂ ਹੁੰਦੀਆਂ ਹਨ ਤੇ ਦੋ ਹਿੱਸੇ ਉਹ ਖ਼ਾਲੀ ਹੀ ਚੱਲਦੀ ਰਹਿੰਦੀ ਹੈ।

ਤੜਕੇ ਤਿੰਨ ਵਜੇ ਇਕ ਸਵਾਰੀ ਰੇਲ ਗੱਡੀ, ਦੂਜੀ ਸਵਾਰੀ ਗੱਡੀ ਚਾਰ ਵੱਜ ਕੇ ਚਾਲੀ ਮਿੰਟ 'ਤੇ, ਦੋ ਸਵਾਰੀ ਰੇਲ ਗੱਡੀਆਂ ਸੂਰਜ ਚੜ੍ਹਨ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਲੁਧਿਆਣਾ ਵੱਲ ਨੂੰ ਖ਼ਾਲੀ ਜਾਂਦੀਆਂ ਹਨ; ਪਰ ਪੌਣੇ ਪੰਜ ਵਜੇ ਸਵੇਰ ਤੋਂ ਸਵਾਰੀਆਂ ਦੀਆਂ ਭਰੀਆਂ ਹੋਈਆਂ ਬੱਸਾਂ ਅੰਮ੍ਰਿਤਸਰ ਦੇ ਬੱਸ ਅੱਡੇ ਤੋਂ ਜਲੰਧਰ ਲੁਧਿਆਣਾ ਵੱਲ ਨੂੰ ਤੁਰਨੀਆਂ ਆਰੰਭ ਹੋ ਜਾਂਦੀਆਂ ਹਨ। ਇਨ੍ਹਾਂ ਦੋ ਪੈਸੰਜਰ ਗੱਡੀਆਂ ਦੇ ਪਿੱਛੋਂ ਡਾਕ ਗੱਡੀਆਂ ਤਿੰਨ ਤੁਰਦੀਆਂ ਹਨ, ਜਿਨ੍ਹਾਂ ਵਿੱਚ ਅਖ਼ੀਰਲੀ ਗੱਡੀ ਪੌਣੇ ਨੌਂ ਵੱਜੇ ਸਵੇਰੇ ਤੁਰਦੀ ਹੈ। ਰੇਲ ਗੱਡੀਆਂ ਪੱਥਰ ਦੇ ਕੋਇਲੇ ਨਾਲ ਚੱਲਦੀਆਂ ਹਨ। ਪੱਥਰ ਦਾ ਜਿਹੜਾ ਕੋਲਾ ਬਿਹਾਰ ਰਿਆਸਤ ਤੋਂ ਦੇਸ਼ ਦੇ ਸਾਰੇ ਪਾਸਿਆਂ ਨੂੰ ਜਾਂਦਾ ਹੈ, ਹੋਰਨਾਂ ਵਸਤਾਂ ਦੇ ਕਿਰਾਏ ਦੇ ਮੁਕਾਬਲੇ ਵਿੱਚ ਉਸ ਕੋਲੇ ਦੀ ਢੁਆਈ ਲਈ ਰੇਲਵੇ ਮਹਿਕਮਾ ਇਕ ਰੁਪਏ ਪਿੱਛੇ ਪੰਝੀ ਪੈਸੇ ਘੱਟ ਕਿਰਾਇਆ ਵਸੂਲ ਕਰ ਰਿਹਾ ਹੈ। ਇਸੇ ਤਰ੍ਹਾਂ ਜਿਹੜਾ ਅਨਾਜ ਪੰਜਾਬ ਜਾਂ ਹਰਿਆਣਾ ਰਿਆਸਤਾਂ ਤੋਂ ਦੇਸ਼ ਦੀਆਂ ਹੋਰਨਾਂ ਰਿਆਸਤਾਂ ਨੂੰ ਰੇਲ ਗੱਡੀਆਂ ਲੈ ਜਾਂਦੀਆਂ ਹਨ, ਉਸ ਅਨਾਜ ਦੇ ਕਿਰਾਏ ਦੀ ਢੁਆਈ ਵਿੱਚ ਵੀ ਰੇਲ ਦਾ ਮਹਿਕਮਾ ਹੋਰ ਮਾਲ ਦੀ ਢੁਆਈ ਦੇ ਮੁਕਾਬਲੇ ਵਿੱਚ ਪੰਝੀ ਪੈਸੇ ਪ੍ਰਤੀ ਰੁਪਿਆ ਘਾਟਾ ਪਾ ਰਿਹਾ ਹੈ। ਦੇਸ਼ ਦੇ ਕਰੋੜਾਂ ਬੰਦਿਆਂ ਦੇ ਸਿਰ ਰੇਲਵੇ ਮਹਿਕਮੇ ਦਾ ਇਹ ਅਹਿਸਾਨ ਇਕ ਬਹੁਤ ਵੱਡਾ ਅਹਿਸਾਨ ਹੈ। ਡੀਜ਼ਲ ਨਾਲ ਚੱਲਣ ਵਾਲੇ ਇੰਜਣ ਵੀ ਰੇਲ ਗੱਡੀਆਂ ਦੇ ਹਨ, ਪਰ ਬਹੁਤ ਹੀ ਘੱਟ ਗਿਣਤੀ ਵਿੱਚ; ਪਰ ਜਿੰਨੇ ਡੀਜ਼ਲ ਨਾਲ ਬੱਸ ਇਕ ਸਵਾਰੀ ਖਿੱਚਦੀ ਹੈ, ਡੀਜ਼ਲ ਨਾਲ ਚੱਲਣ ਵਾਲਾ ਰੇਲ ਦਾ ਇੰਜਣ ਓਨੇ ਡੀਜ਼ਲ ਨਾਲ ਛੇ ਸਵਾਰੀਆਂ ਖਿੱਚਦਾ ਹੈ। ਦਸ ਬਾਰਾਂ ਮੀਲਾਂ ਦੇ ਸਫ਼ਰ ਲਈ ਟਾਂਗਿਆਂ ਦੀ ਸਵਾਰੀ ਦਾ ਰਿਵਾਜ ਵਧਾਓ, ਸਾਈਕਲ ਦੀ ਵਰਤੋਂ ਵਧਾਓ।

-ਭਗਤ ਪੂਰਨ ਸਿੰਘ

# ਅੱਖਾਂ ਖੋਲ੍ਹ ਕੇ ਜੀਓ ਦੇਸ਼ ਵਾਸੀਓ!

## ਲੋੜਾਂ ਘਟਾਓ ਤੇ ਬੱਚਤਾਂ ਕਰਨਾ ਸਿੱਖੋ

ਜਿਹੜੀ ਬਿਜਲੀ ਦੇਸ਼ ਵਿੱਚ ਪੈਦਾ ਹੋ ਰਹੀ ਹੈ ਉਸ ਦਾ ਚੌਥਾ ਹਿੱਸਾ ਅਜਾਈਂ ਜਾ ਰਿਹਾ ਹੈ । ਸਰਕਾਰੀ ਦਫ਼ਤਰਾਂ ਵਿੱਚ ਬਿਜਲੀ ਦੇ ਪੱਖੇ ਬਿਨਾਂ ਲੋੜ ਤੋਂ ਚੱਲਦੇ ਰਹਿੰਦੇ ਹਨ । ਕੋਈ ਕਲਰਕ ਜਾਂ ਅਫ਼ਸਰ ਭਾਵੇਂ ਦਿਨ ਵਿੱਚ ਕਿਸੇ ਕੰਮ ਲਈ ਕਮਰੇ ਵਿੱਚੋਂ ਬਾਹਰ ਨਿਕਲੇ, ਨਾ ਕੋਈ ਬਿਜਲੀ ਦੇ ਬਲਬਾਂ ਨੂੰ ਬੁਝਾਉਂਦਾ ਹੈ ਤੇ ਨਾ ਕੋਈ ਬਿਜਲੀ ਦੇ ਪੱਖਿਆਂ ਨੂੰ ਬੰਦ ਕਰਦਾ ਹੈ । ਸਭ ਅੱਖੀਆਂ ਮੀਟ ਕੇ ਰੱਖਦੇ ਹਨ । ਦੇਸ਼ ਭਾਰੇ ਸੰਕਟਾਂ ਵਿੱਚ ਫਸ ਚੁੱਕਿਆ ਹੈ । ਸਾਡੇ ਦੇਸ਼ ਉੱਤੇ ਦੂਜੇ ਦੇਸ਼ਾਂ ਦਾ ਪਹਾੜ ਜਿੱਡਾ ਕਰਜ਼ਾ ਚੜ੍ਹ ਚੁੱਕਿਆ ਹੈ, ਜਿਸ ਦਾ ਵਿਆਜ ਹੀ ਲੱਕ ਤੋੜਨ ਵਾਲਾ ਹੈ । ਜੇਕਰ ਹਰ ਬੰਦੇ ਨੇ ਦੇਸ਼ ਨੂੰ ਬਚਾਉਣ ਲਈ ਆਪਣਾ ਕਰਤੱਵ ਪੂਰਾ ਨਾ ਕੀਤਾ ਤਾਂ ਸਥਿਤੀ ਬਹੁਤ ਗੰਭੀਰ ਹੋ ਜਾਵੇਗੀ । ਸਰਕਾਰ ਜੋ ਖ਼ਰਚ ਕਰਦੀ ਹੈ, ਉਹ ਸਾਰਾ ਖ਼ਰਚ ਉਸ ਦੀ ਉਸ ਆਮਦਨੀ ਨਾਲ ਹੁੰਦਾ ਹੈ ਜਿਹੜੀ ਆਮਦਨ ਉਹ ਸਿੱਧੇ ਤੇ ਅਸਿੱਧੇ ਟੈਕਸਾਂ ਦੇ ਰੂਪ ਵਿੱਚ ਜਨਤਾ ਤੋਂ ਵਸੂਲ ਕਰਦੀ ਹੈ । ਇਹ ਟੈਕਸ ਸਰਕਾਰੀ ਕਰਮਚਾਰੀਆਂ ਨੂੰ ਵੀ ਭਰਨੇ ਪੈਂਦੇ ਹਨ । ਟੈਕਸਾਂ ਨੂੰ ਇਕੱਠੇ ਕਰਨ ਦਾ ਮੁੱਖ ਮਨੋਰਥ ਸਰਕਾਰ ਦੇ ਦਫ਼ਤਰਾਂ ਨੂੰ ਚਲਾਉਣਾ ਨਹੀਂ ਹੁੰਦਾ ਬਲਕਿ ਜਨਤਾ ਦੇ ਭਲੇ ਦੇ ਕੰਮ ਕਰਨਾ ਹੁੰਦਾ ਹੈ । ਸਕੂਲ, ਹਸਪਤਾਲ ਖੋਲ੍ਹੇ ਜਾਣ, ਸੜਕਾਂ ਬਣਾਈਆਂ ਜਾਣ, ਪੁਲ ਬਣਵਾਏ ਜਾਣ । ਜੇ ਟੈਕਸਾਂ ਦਾ ਅੱਧਾ ਰੁਪਿਆ ਸਰਕਾਰ ਦੇ ਦਫ਼ਤਰਾਂ ’ਤੇ ਖ਼ਰਚ ਹੋ ਜਾਵੇ ਫਿਰ ਤਾਂ ਟੈਕਸਾਂ ਨੂੰ ਇਕੱਠਾ ਕਰਨ ਦਾ ਮਨੋਰਥ ਹੀ ਸਮਾਪਤ ਹੋ ਜਾਂਦਾ ਹੈ । **ਅੰਗਰੇਜ਼ੀ ਭਾਸ਼ਾ ਦਾ ਪ੍ਰਸਿੱਧ ਅਖਾਣ ਹੈ: “ਬਚਾਇਆ ਹੋਇਆ ਪੈਸਾ ਕਮਾਏ ਹੋਏ ਪੈਸੇ ਬਰਾਬਰ ਹੁੰਦਾ ਹੈ ।”** ਸੰਕਟਾਂ ਦੇ ਵੇਲੇ ਅਕਲ ਵਾਲੀਆਂ ਕੌਮਾਂ ਬੱਚਤਾਂ ਵੱਲ ਖ਼ਾਸ ਧਿਆਨ ਦਿੱਤਾ ਕਰਦੀਆਂ ਹਨ । ਦੂਜੇ ਮਹਾਂਯੁੱਧ ਦੇ ਵੇਲੇ ਅਮਰੀਕਾ ਦੇਸ਼ ਵਿੱਚ ਇਕ ਜਥੇਬੰਦੀ ਬਣੀ ਸੀ ਜਿਸ ਦਾ ਨਾਮ ਸੀ, **“ਥਾਲੀ ਸਾਫ਼ ਕਰੋ ਕਲੱਬ” ਜੂਠ ਨਾ ਛੱਡੋ ਬਲਕਿ ਖਾਣ ਵਾਲੀ ਚੀਜ਼ ਨੂੰ ਇਸ ਤਰ੍ਹਾਂ ਖਾਉ ਜਿਸ ਤਰ੍ਹਾਂ ਥਾਲੀ ਚੱਟਣੀ ਹੋਵੇ ।** ਉਸੇ ਜੰਗ ਦੇ ਸਮੇਂ ਇੰਗਲੈਂਡ ਦੇਸ਼ ਵਿੱਚ ਵੀ ਇਕ ਜਥੇਬੰਦੀ ਬਣੀ ਸੀ ਜਿਸ ਦਾ ਨਾਮ ਸੀ **“ਪੈਦਾ ਕਰੋ ਤੇ ਬੱਚਤਾਂ ਕਰਕੇ ਬਚਾਉ ।”** ਇੰਗਲੈਂਡ ਦੇਸ਼ ਦੀ ਮਲਕਾ ‘ਮੇਰੀ’ ਨੇ ੮ ਘੰਟੇ ਪ੍ਰਤੀ-ਦਿਨ ਹੱਥਾਂ ਨਾਲ ਕੰਮ ਕਰਕੇ ੬ ਸਾਲ ਵਿੱਚ ਦਰੀ ਤਿਆਰ ਕੀਤੀ ਸੀ ਜਿਸ ਵਿੱਚ ਉਸ ਨੇ ਆਪਣਾ



ਨਾਮ ਵੀ ਬੁਣਿਆ ਤੇ ਉਸ ਦਰੀ ਨੂੰ ਵੇਚ ਕੇ ਦੇਸ਼ ਲਈ ਧਨ ਖੱਟਿਆ । ਉਸ ਜੰਗ ਦੇ ਸਮੇਂ ਇੰਗਲੈਂਡ ਦੇਸ਼ ਦੇ ਬੰਦਿਆਂ ਨੇ ਭਾਰੇ ਸੰਜਮਾਂ ਤੋਂ ਕੰਮ ਲਿਆ । ਸੱਤਾਂ ਦਿਨਾਂ ਦਾ ਖੰਡ ਰਾਸ਼ਨ ਲੋਕਾਂ ਨੂੰ ਮਿਲਦਾ ਸੀ ਉਹ ਮਸਾਂ ਇਕ ਦਿਨ ਜੋਗਾ ਹੁੰਦਾ ਸੀ, ਪਰ ਹਰ ਇਕ ਬੰਦੇ ਨੇ ਉਤਨੇ ਘੱਟ ਰਾਸ਼ਨ ਨਾਲ ਹੀ ਗੁਜ਼ਾਰਾ ਕੀਤਾ । ਕਿਸੇ ਨੇ ਵੀ ਚੋਰ-ਬਜ਼ਾਰੀ ਤੋਂ ਖੰਡ ਮੁੱਲ ਨਾ ਲਈ, ਕੱਪੜਾ ਵੀ ਉਤਨਾ ਹੀ ਵਰਤਿਆ ਜਿਤਨਾ ਰਾਸ਼ਨ ਦਾ ਮਿਲਦਾ ਸੀ । ਦੁੱਧ ਕੇਵਲ ਬੱਚਿਆਂ ਨੂੰ ਹੀ ਮਿਲਦਾ ਰਿਹਾ । ਛੋਟੀ ਉਮਰ ਦੇ ਬੱਚਿਆਂ ਲਈ ਵੱਡੀ ਉਮਰ ਦੇ ਬੰਦਿਆਂ ਨੇ ਦੁੱਧ ਪੀਣਾ ਛੱਡ ਦਿੱਤਾ ਸੀ । ਪੰਡਤ ਜਵਾਹਰ ਲਾਲ ਨਹਿਰੂ ਜਦ ਆਪਣੇ ਦਫ਼ਤਰ ਤੋਂ ਬਾਹਰ ਨਿਕਲਦੇ ਸਨ ਤਾਂ ਬਿਜਲੀ ਦੇ ਬਲਬ ਵੀ ਬੁਝਾ ਕੇ ਨਿਕਲਦੇ ਸਨ ਤੇ ਪੱਖਾ ਵੀ ਬੰਦ ਕਰਕੇ ਨਿਕਲਦੇ ਸਨ। ਉਹ ਪ੍ਰਧਾਨ-ਮੰਤਰੀ ਹੁੰਦੇ ਹੋਏ ਆਪਣੀ ਉਮਰ ਦੇ ਅਖੀਰ ਤਕ ਬਾਲਾਂ ਵਾਂਙ ਛੇ-ਛੇ ਮੰਜ਼ਲਾਂ ਦਫ਼ਤਰਾਂ ਦੀਆਂ ਪੌੜੀਆਂ ਪੈਦਲ ਚੜ੍ਹ ਜਾਇਆ ਕਰਦੇ ਸਨ ਤੇ ਲਿਫ਼ਟ ਉੱਤੇ ਚੜ੍ਹਨ ਦੀ ਨਕਰਮਣਤਾ ਨਹੀਂ ਕਰਦੇ ਸਨ । ਇਸ ਤਰ੍ਹਾਂ ਉਹ ਲਿਫ਼ਟ ’ਤੇ ਖ਼ਰਚ ਹੋਣ ਵਾਲੀ ਬਿਜਲੀ ਵੀ ਬਚਾਉਂਦੇ ਸਨ । ਉਹ ਪ੍ਰਧਾਨ-ਮੰਤਰੀ ਹੁੰਦੇ ਹੋਏ ਛੋਟੀ ਮੋਟਰਕਾਰ ’ਤੇ ਚੜ੍ਹਦੇ ਸਨ ਤੇ ਵੱਡੀ ਮੋਟਰਕਾਰ ਉੱਤੇ ਨਹੀਂ । ਉਹ ਡਰਾਈਵਰ ਨੂੰ ਮੋਟਰਕਾਰ ਤੇਜ਼ ਨਹੀਂ ਚਲਾਉਣ ਦਿੰਦੇ ਸਨ । ਪੰਡਤ ਜੀ ਹੱਥ ਦੇ ਕੱਤੇ ਹੋਏ ਤੇ ਹੱਥ ਦੇ ਬੁਣੇ ਹੋਏ ਖੱਦਰ ਦੇ ਕੱਪੜੇ ਪਹਿਨਦੇ ਸਨ । ਉਨ੍ਹਾਂ ਦੇ ਬਿਸਤਰੇ ਦਾ ਕੋਈ ਕੱਪੜਾ ਹੱਥ ਦੇ ਕੱਤੇ ਹੋਏ ਤੇ ਹੱਥ ਦੇ ਬੁਣੇ ਹੋਏ ਖੱਦਰ ਤੋਂ ਬਿਨਾਂ ਨਹੀਂ ਹੁੰਦਾ ਸੀ । ਉਹ ਚਰਖਾ ਵੀ ਕੱਤਦੇ ਰਹੇ ਸਨ । ਗਾਂਧੀ ਜੀ ਦਾ ਚੇਲਾ ਬਣਨ ਦੀ ਇਹ ਪਹਿਲੀ ਸ਼ਰਤ ਹੁੰਦੀ ਸੀ । ਸੂਤਰ ਕੱਤਣ ਤੇ ਹੱਥ ਨਾਲ ਕੱਪੜਾ ਬੁਣਨ ਵਿੱਚ ਨਾ ਡੀਜ਼ਲ ਖ਼ਰਚ ਹੁੰਦਾ ਹੈ, ਨਾ ਪੈਟਰੋਲ, ਨਾ ਬਿਜਲੀ, ਨਾ ਕੋਇਲਾ ਫੂਕਣਾ ਪੈਂਦਾ ਹੈ ਤੇ ਨਾ ਲੱਕੜੀ । ਖੱਦਰ ਦਾ ਕੱਪੜਾ ਪਿੰਡਾਂ ਦੀਆਂ ਘਰੀਂ ਬੈਠੀਆਂ ਵਿਧਵਾ ਇਸਤਰੀਆਂ ਕੱਤਦੀਆਂ ਹਨ ਤੇ ਪਿੰਡ ਵਿੱਚ ਬੈਠੇ ਜੁਲਾਹੇ ਖੱਦਰ ਨੂੰ ਬੁਣਦੇ ਹਨ । ਪੰਡਤ ਜੀ ਖੱਦਰ ਦੀ ਮਹੱਤਤਾ ਤੇ ਅਖ਼ਬਾਰਾਂ ਵਿੱਚ ਲੇਖ ਵੀ ਲਿਖਦੇ ਸਨ । ਇਸ ਤਰ੍ਹਾਂ ਪੰਡਤ ਜੀ ਪਿੰਡਾਂ ਦੀਆਂ ਬੇਕਾਰ ਤੇ ਵਿਧਵਾ ਇਸਤਰੀਆਂ ਨੂੰ ਪਿੰਡਾਂ ਵਿੱਚ ਕੰਮ ਦੇ ਕੇ ਉਨ੍ਹਾਂ ਨੂੰ ਸ਼ਹਿਰਾਂ ਵਿੱਚ ਆ ਕੇ ਸੜਕਾਂ ਦੇ ਕੰਢਿਆਂ ’ਤੇ ਝੁੱਗੀਆਂ ਪਾ ਕੇ ਨਰਕਾਂ ਦਾ ਜੀਵਨ ਬਿਤਾਉਣ ਤੋਂ ਬਚਾਉਂਦੇ ਸਨ ।

-ਭਗਤ ਪੂਰਨ ਸਿੰਘ

—0—

# ਸਰੀਰ ਦੀ ਕਸਰਤ

-ਭਗਤ ਪੂਰਨ ਸਿੰਘ

ਪੈਦਲ ਤੁਰਨਾ ਸਰੀਰ ਦੀ ਸਭ ਤੋਂ ਵੱਧ ਲਾਭਦਾਇਕ ਕਸਰਤ ਮੰਨੀ ਗਈ ਹੈ । ਪੈਦਲ ਤੁਰਨ ਦੇ ਲਾਭਾਂ ਨੂੰ ਮੈਂ ਸੰਨ ੧੯੩੨ ਦੇ ਲਾਗੇ ਲਾਹੌਰ ਸ਼ਹਿਰ ਦੀ ਦਇਆਲ ਸਿੰਘ ਲਾਇਬ੍ਰੇਰੀ ਵਿੱਚ ਆਉਣ ਵਾਲੇ ਇੰਗਲੈਂਡ ਦੇਸ਼ ਦੇ ਇਕ ਪ੍ਰਸਿੱਧ ਮਾਸਿਕ-ਪੱਤਰ "**ਨਿਊ ਹੈਲਥ**" ਵਿੱਚ ਪੜ੍ਹਿਆ ਸੀ। ਉਹ ਪੱਤਰ ਸਿਹਤ ਬਾਰੇ ਲੇਖਾਂ ਦਾ ਸੀ । ਬਹੁਤ ਉੱਚ ਦਰਜੇ ਦੇ ਇਕ ਡਾਕਟਰ ਨੇ ਲਿਖਿਆ ਸੀ ਕਿ ਬੰਦਾ ਸਰੀਰਕ ਕਸਰਤ ਤੋਂ ਬਿਨਾਂ ਆਪਣੀ ਤੰਦਰੁਸਤੀ ਨੂੰ ਕਾਇਮ ਨਹੀਂ ਰੱਖ ਸਕਦਾ ਤੇ ਉਸ ਨੂੰ ਪ੍ਰਤੀ-ਦਿਨ ਆਪਣੇ ਸਰੀਰ ਦੀ ਇਕ ਗਿਣੀ ਮਿਥੀ ਸ਼ਕਤੀ ਸਰੀਰਕ ਕਸਰਤ ਵਿੱਚ ਖ਼ਰਚ ਕਰਨੀ ਚਾਹੀਦੀ ਹੈ, ਨਹੀਂ ਤਾਂ ਉਸ ਨੂੰ ਕਈ ਰੋਗ ਲੱਗ ਸਕਦੇ ਹਨ; ਜਿਵੇਂ ਪਿਸ਼ਾਬ ਵਿੱਚ ਸ਼ੱਕਰ ਆਉਣ ਦਾ ਰੋਗ, ਖ਼ੂਨ ਦੇ ਦਬਾਓ ਦਾ ਰੋਗ, ਹੱਡਾਂ ਗੋਡਿਆਂ ਦੇ ਦਰਦ ਗੰਠੀਏ ਜੈਸੇ ਰੋਗ । ਉਸ ਸ਼ਕਤੀ ਨੂੰ ਉਸ ਨੇ ਫੁੱਟ ਟੱਨਾਂ ਦੇ ਹਿਸਾਬ ਨਾਲ ਬਿਆਨ ਕੀਤਾ ਸੀ ਪਰ ਉਸ ਦਾ ਮੋਟਾ ਹਿਸਾਬ ਉਸ ਨੇ ਇਹ ਲਿਖਿਆ ਸੀ ਕਿ ਬੰਦੇ ਦੇ ਸਰੀਰ ਦੀ ਜਿੰਨੀ ਸ਼ਕਤੀ ਸਾਢੇ ੮ ਮੀਲ ਪੈਦਲ ਤੁਰਨ ਵਿੱਚ ਖ਼ਰਚ ਹੁੰਦੀ ਹੈ ਓਨੀ ਸ਼ਕਤੀ ਉਸ ਨੂੰ ਪ੍ਰਤੀ-ਦਿਨ ਕਿਸੇ ਨਾ ਕਿਸੇ ਸਰੀਰਕ ਕਸਰਤ ਦੇ ਰੂਪ ਵਿੱਚ ਜ਼ਰੂਰ ਖ਼ਰਚ ਕਰਨੀ ਚਾਹੀਦੀ ਹੈ । ਸੋ, ਜਿਨ੍ਹਾਂ ਬੰਦਿਆਂ ਨੂੰ ਸਰੀਰਕ ਕਸਰਤ ਦਾ ਕੋਈ ਹੋਰ ਕੰਮ ਨਾ ਕਰਨਾ ਪੈਂਦਾ ਹੋਵੇ ਜਿਵੇਂ ਤਰਖਾਣ ਦਾ ਕੰਮ—ਤੇ ਜਿਨ੍ਹਾਂ ਦਾ ਜੀਵਨ ਸਾਰਾ ਦਿਨ ਕੁਰਸੀਆਂ ਜਾਂ ਦਰੀਆਂ ਉੱਤੇ ਬੈਠਿਆਂ ਰਹਿ ਕੇ ਹੀ ਗੁਜ਼ਰਦਾ ਹੋਵੇ, ਉਨ੍ਹਾਂ ਨੂੰ ਪ੍ਰਤੀ-ਦਿਨ ਸਾਢੇ ੮ ਮੀਲ ਜ਼ਰੂਰ ਪੈਦਲ ਤੁਰਨਾ ਚਾਹੀਦਾ ਹੈ ।

ਡਾਕਟਰ ਜੀਵਨ ਲਾਲ ਪੰਜਾਬ ਦਾ ਇਕ ਪ੍ਰਸਿੱਧ ਡਾਕਟਰ ਹੋਇਆ ਹੈ, ਉਹ ਸਦਾ ਮੋਟਰਕਾਰ ਦੀ ਸਵਾਰੀ ਕਰਦਾ ਸੀ । ਆਪਣੀ ਮੌਤ ਤੋਂ ਪਹਿਲਾਂ ਉਸ ਨੇ ਕਿਹਾ ਸੀ ਕਿ ਮੇਰੀ ਸਦਾ ਦੀ ਮੋਟਰਕਾਰ ਦੀ ਸਵਾਰੀ ਦੀ ਗ਼ੁਲਾਮੀ ਨੇ ਮੇਰੀ ਉਮਰ ਦੇ ਦਸ ਸਾਲ ਘਟਾ ਦਿੱਤੇ ਹਨ । ਸੰਨ ੧੯੨੭ ਜਾਂ ੨੮ ਵਿੱਚ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਪੱਤਰ ਵਿੱਚ ਇਕ ਲੇਖ ਨਿਕਲਿਆ ਸੀ ਜਿਸਦਾ ਸਿਰਲੇਖ ਸੀ **Work cure and starvation cure** ਅਰਥਾਤ—ਕੰਮ ਕਰਨ ਨਾਲ ਇਲਾਜ ਤੇ ਭੁੱਖਾ ਰਹਿਣ ਨਾਲ ਇਲਾਜ ।



ਉਸ ਲੇਖ ਵਿੱਚ ਦੱਸਿਆ ਸੀ ਕਿ ਸੰਨ ੧੯੧੪-੧੮ ਦੇ ਮਹਾਂਯੁੱਧ ਵਿੱਚ ਇੰਗਲੈਂਡ ਦੇਸ਼ ਵਿੱਚ ਇਹ ਹੋਇਆ ਕਿ ਉਸ ਦੇਸ਼ ਦੀਆਂ ਜਿਨ੍ਹਾਂ ਅਮੀਰ ਇਸਤਰੀਆਂ ਨੇ ਜੰਗ ਵਿੱਚ ਸਰੀਰਕ ਖੇਚਲ ਨਾਲ ਸੇਵਾ ਕੀਤੀ, ਉਨ੍ਹਾਂ ਨੂੰ ਉਸ ਸੇਵਾ ਵਿੱਚ ਏਨੀ ਸਰੀਰਕ ਖੇਚਲ ਕਰਨੀ ਪਈ ਕਿ ਸਰੀਰ ਦੀ ਉਸ ਖੇਚਲ ਨਾਲ ਉਨ੍ਹਾਂ ਦੇ ਉਹ ਰੋਗ ਦੂਰ ਹੋ ਗਏ ਸਨ । ਰੋਗਾਂ ਦੇ ਦੂਰ ਹੋਣ ਦਾ ਇਕ ਕਾਰਨ ਭੁੱਖਿਆਂ ਰਹਿਣਾ ਵੀ ਸੀ । ਜੰਗੀ ਸਿਪਾਹੀਆਂ ਦੀ ਸੇਵਾ ਕਰਦਿਆਂ ਹੀ ਉਨ੍ਹਾਂ ਬੀਬੀਆਂ ਨੂੰ ਭੁੱਖਿਆਂ ਵੀ ਬਹੁਤਾ ਰਹਿਣਾ ਪੈਂਦਾ ਸੀ । ਸਰੀਰਕ ਖੇਚਲ ਤੇ ਭੁੱਖ ਦੋਹਾਂ ਨੇ ਉਨ੍ਹਾਂ ਬੀਬੀਆਂ ਦੇ ਉਹ ਰੋਗ ਦੂਰ ਕਰ ਦਿੱਤੇ ਸਨ । ਪੈਦਲ ਤੁਰਨ ਨੂੰ ਆਪਣੀ ਹੇਠੀ ਸਮਝਣ ਵਾਲੀਆਂ ਇਸਤਰੀਆਂ ਨੂੰ ਜਿਹੜੀਆਂ ਮੋਟਰਕਾਰਾਂ ਜਾਂ ਹੋਰ ਕਿਸੇ ਸਵਾਰੀ ਤੋਂ ਬਿਨਾਂ ਘਰੋਂ ਬਾਹਰ ਨਹੀਂ ਨਿਕਲਿਆ ਕਰਦੀਆਂ, ਜਦੋਂ ਚਾਲੀ ਸਾਲ ਦੀ ਉਮਰ ਤੋਂ ਟੱਪ ਜਾਂਦੀਆਂ ਹਨ ਤਾਂ ਉਨ੍ਹਾਂ ਦੀਆਂ ਲੱਤਾਂ ਤੇ ਗੋਡਿਆਂ ਵਿੱਚ ਦਰਦ ਰਹਿਣ ਲੱਗ ਪਿਆ ਕਰਦਾ ਹੈ । ਅਨੇਕਾਂ ਦਾ ਦਰਦ ਤੜਪ ਦੇਣ ਵਾਲਾ ਹੁੰਦਾ ਹੈ; ਪਰ ਉਨ੍ਹਾਂ ਭੋਲੀਆਂ ਨੂੰ ਕੀ ਪਤਾ ਹੁੰਦਾ ਹੈ ਕਿ ਆਪਣੀਆਂ ਵੈਰਨਾਂ ਉਹ ਆਪ ਹੀ ਹੁੰਦੀਆਂ ਹਨ । ਪੈਦਲ ਤੁਰਨ ਦੇ ਸਰੀਰਕ ਕੰਮਾਂ ਵਾਲੀਆਂ ਇਹਨਾਂ ਰੋਗਾਂ ਤੋਂ ਬਚ ਜਾਂਦੀਆਂ ਹਨ ਤੇ ਤੰਦਰੁਸਤ ਰਹਿੰਦੀਆਂ ਹਨ । ਅਜਿਹੇ ਇਸ਼ਤਿਹਾਰਾਂ ਦੀ ਮੁਫ਼ਤ ਵੰਡਾਈ ਲਈ ਆਪ ਵੀ ਮਾਇਆ ਘੱਲੋ ਤੇ ਹੋਰਨਾਂ ਪਾਸੋਂ ਵੀ ਘਲਾਓ ।

# ਖ਼ਬਰਦਾਰ ਹੋ ਜਾਓ

ਅੰਨ ਤੋਂ ਬਿਨਾਂ ਬੰਦਾ ਜਿਊਂਦਾ ਨਹੀਂ ਰਹਿ ਸਕਦਾ। ਜੇਕਰ ਸਕੂਲਾਂ ਵਿੱਚ ਪੜ੍ਹਨ ਵਾਲੇ ਛੋਟੀ ਉਮਰ ਦੇ ਬਾਲਕਾਂ ਨੂੰ ਮਨੁੱਖਾ ਜ਼ਿੰਦਗੀ ਦੀ ਬਰਕਰਾਰੀ ਨਾਲ ਸੰਬੰਧ ਰੱਖਣ ਵਾਲੀ ਜ਼ਰੂਰੀ ਵਸਤ ਅੰਨ ਤੇ ਅੰਨ ਨੂੰ ਪੈਦਾ ਕਰਨ ਵਾਲੀ ਧਰਤੀ ਦੇ ਸੰਬੰਧ ਵਿੱਚ ਹੇਠ ਲਿਖੀਆਂ ਗੱਲਾਂ ਦਾ ਪਤਾ ਲੱਗ ਜਾਵੇ ਤਾਂ ਉਹ ਛੋਟੀ ਉਮਰ ਤੋਂ ਹੀ ਆਪਣੇ ਹਿਰਦਿਆਂ ਵਿੱਚ ਦੇਸ਼-ਉਸਾਰੀ ਲਈ ਭਾਰੀ ਫ਼ਿਕਰ ਤੇ ਚਾਓ ਲੈ ਕੇ ਵੱਡੇ ਹੋ ਸਕਦੇ ਹਨ ।

ਭਾਰਤ ਵਿੱਚ ਅਨੇਕਾਂ ਕਾਲ ਪੈ ਚੁੱਕੇ ਹਨ, ਜਿਨ੍ਹਾਂ ਵਿੱਚ ਬੰਦੇ ਕੀੜਿਆਂ-ਮਕੌੜਿਆਂ ਵਾਂਙ ਮਰੇ; ਬੈਲ, ਗਊਆਂ, ਮੱਝਾਂ ਮਰੀਆਂ; ਨਾ ਕੇਵਲ ਅੰਨ ਦੀ ਥੁੜ ਤੋਂ ਮੌਤਾਂ ਹੋਈਆਂ ਬਲਕਿ ਪਾਣੀ ਦੀ ਥੁੜ ਤੋਂ ਵੀ ਹੋਈਆਂ। ਅਨੇਕਾਂ ਰਿਆਸਤਾਂ ਦੇ ਬੰਦੇ ਆਪਣੇ ਇਲਾਕਿਆਂ ਤੋਂ ਉੱਜੜ-ਉੱਜੜ ਕੇ ਸੈਂਕੜੇ ਮੀਲਾਂ ਦੀ ਦੂਰੀ 'ਤੇ ਅੰਨ-ਪਾਣੀ ਦੀ ਭਾਲ ਵਿੱਚ ਗਏ । ਅਜਿਹੇ ਅੰਨ-ਸੰਕਟ ਰੋਕੇ ਜਾ ਸਕਦੇ ਹਨ, ਪਰ ਅਜਿਹਾ ਕਰਨ ਲਈ ਹਰ ਹੋਸ਼ ਸੰਭਾਲਣ ਵਾਲੇ ਬੱਚੇ ਦੀ ਨਿਗ੍ਹਾ ਹੇਠ ਲਿਖੇ ਪ੍ਰਸ਼ਨਾਂ 'ਤੇ ਪਵਾਈ ਜਾਣੀ ਚਾਹੀਦੀ ਹੈ :-

੧. ਸੰਸਾਰ ਵਿੱਚ ਧਰਤੀ ਕਿੰਨੀ ਹੈ?
੨. ਕਿੰਨੀ ਧਰਤੀ ਅੰਨ ਪੈਦਾ ਕਰਨ ਦੇ ਯੋਗ ਹੈ?
੩. ਕਿੰਨੀ ਧਰਤੀ ਅੰਨ ਪੈਦਾ ਕਰਨ ਦੇ ਯੋਗ ਬਣਾਈ ਜਾ ਸਕਦੀ ਹੈ?
੪. ਕੀ ਅੰਨ-ਉਪਜਾਊ ਧਰਤੀ ਕਿਸੇ ਕਾਰਨ ਬਰਬਾਦ ਤਾਂ ਨਹੀਂ ਹੋ ਰਹੀ ਜਿਸ ਦੇ ਕਾਰਨ ਉਹ ਅੰਨ ਉਪਜਾਉਣ ਦੇ ਯੋਗ ਨਾ ਰਹਿ ਸਕਦੀ ਹੋਵੇ?
੫. ਕੀ ਧਰਤੀ ਦੀ ਅੰਨ-ਉਪਜਾਊ ਸ਼ਕਤੀ ਹੋਰ ਵਧਾਈ ਜਾ ਸਕਦੀ ਹੈ?
੬. ਉਹ ਕਿਹੜੇ-ਕਿਹੜੇ ਪਦਾਰਥ ਅਤੇ ਸਾਧਨ ਹਨ ਜਿਨ੍ਹਾਂ ਦੀ ਵਰਤੋਂ ਦੁਆਰਾ ਧਰਤੀ ਦੀ ਅੰਨ-ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ ?
੭. ਕੀ ਧਰਤੀ ਦੀ ਅੰਨ-ਉਪਜਾਊ ਸ਼ਕਤੀ ਨੂੰ ਵਧਾਉਣ ਵਾਲੇ ਗੋਬਰ ਤੇ ਟੱਟੀ ਜੈਸੇ ਪਦਾਰਥਾਂ ਅਤੇ ਸਾਧਨਾਂ ਦਾ ਹਰ ਇਕ ਬੰਦੇ ਨੂੰ ਪਤਾ ਦਿੱਤਾ ਜਾ ਰਿਹਾ ਹੈ ਤੇ ਕੀ ਇਹ ਪਦਾਰਥ ਤੇ ਸਾਧਨ ਆਮ ਲੋਕਾਂ ਦੀ ਅਗਿਆਨਤਾ ਦੇ ਕਾਰਨ ਬਰਬਾਦ ਤਾਂ ਨਹੀਂ ਕੀਤੇ ਜਾ ਰਹੇ?
੮. ਸੰਸਾਰ ਵਿੱਚ ਬੰਦਿਆਂ ਦੀ ਕੁੱਲ ਗਿਣਤੀ ਕਿੰਨੀ ਹੈ?
੯. ਬੰਦਿਆਂ ਦੀ ਕਿੰਨੀ ਗਿਣਤੀ ਜੋਗਾ ਅੰਨ ਵਰਤਮਾਨ ਸਮੇਂ ਵਿੱਚ ਧਰਤੀ ਪੈਦਾ ਕਰ ਰਹੀ ਹੈ?
੧੦. ਕੀ ਸੰਸਾਰ ਦੇ ਬੰਦਿਆਂ ਦੀ ਅਬਾਦੀ ਦਿਨ-ਪ੍ਰਤੀ-ਦਿਨ ਵਧ ਰਹੀ ਹੈ ਜਾਂ ਘਟ ਰਹੀ ਹੈ? ਜੇ ਵਧ ਰਹੀ ਹੈ ਤਾਂ ਕਿਸ ਹਿਸਾਬ ਨਾਲ?
੧੧. ਕੀ ਜਿਸ ਹਿਸਾਬ ਨਾਲ ਅਬਾਦੀ ਵਧ ਰਹੀ ਹੈ ਉਸ ਹਿਸਾਬ ਨਾਲ ਧਰਤੀ ਦੀ ਅੰਨ-ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ?
੧੨. ਜੇਕਰ ਵਧ ਰਹੀ ਅਬਾਦੀ ਦੇ ਹਿਸਾਬ ਨਾਲ ਅੰਨ ਦੀ ਪੈਦਾਵਾਰ ਨਹੀਂ ਵਧਾਈ ਜਾ ਸਕਦੀ ਤਾਂ ਕੀ ਸੰਸਾਰ ਦੇ ਬੰਦਿਆਂ ਨੂੰ ਇਸ ਚਿੰਤਾਜਨਕ ਗੱਲ ਦਾ ਪਤਾ ਲੱਗ ਚੁੱਕਾ ਹੈ ਤੇ ਕੀ ਇਸ ਗੱਲ ਦਾ ਪਤਾ ਲਾਉਣ ਦੇ ਲੋੜ ਅਨੁਸਾਰ ਯਤਨ ਕੀਤੇ ਜਾ ਰਹੇ ਹਨ?

-ਭਗਤ ਪੂਰਨ ਸਿੰਘ

# ਸਾਵਧਾਨ !
# ਹੁਣ ਐਨਕਾਂ ਦੇ ਨਕਲੀ ਸ਼ੀਸ਼ੇ

ਭਾਰਤ ਵਿੱਚ ਹਰ ਚੀਜ਼ ਵਿੱਚ ਮਿਲਾਵਟ ਹੈ । ਖਾਣ-ਪੀਣ ਦੀਆਂ ਚੀਜ਼ਾਂ ਨਕਲੀ ਮਿਲਦੀਆਂ ਹਨ; ਪਰ ਹੁਣ ਇਹ ਪਤਾ ਚੱਲਿਆ ਹੈ ਕਿ ਐਨਕਾਂ ਵਿੱਚ ਲਾਏ ਜਾਣ ਵਾਲੇ ਸ਼ੀਸ਼ੇ ਵੀ ਨਕਲੀ ਬਣ ਰਹੇ ਹਨ । ਭਾਰਤ ਵਿੱਚ ਲੋਕਾਂ ਨੂੰ ਅੱਖਾਂ ਦੇ ਰੋਗ ਧੜਾ-ਧੜ ਇਸ ਲਈ ਵੀ ਲੱਗ ਰਹੇ ਹਨ ਕਿ ਉਹਨਾਂ ਦੀਆਂ ਐਨਕਾਂ ਅਤੇ ਧੁੱਪ ਦੇ ਚਸ਼ਮਿਆਂ ਨੂੰ ਜੋ ਸ਼ੀਸ਼ੇ ਲਾਏ ਜਾਂਦੇ ਹਨ ਉਹ, ਉਹ ਸ਼ੀਸ਼ੇ ਹਨ ਜੋ ਆਮ ਖਿੜਕੀਆਂ ਵਿੱਚ ਲਾਉਣ ਦੇ ਕੰਮ ਆਉਂਦੇ ਹਨ । ਸਰਕਾਰ ਨੂੰ ਇਸ ਪਾਸੇ ਛੇਤੀ ਤੋਂ ਛੇਤੀ ਧਿਆਨ ਦੇਣਾ ਚਾਹੀਦਾ ਹੈ ਤੇ ਇਹਨਾਂ ਦੀ ਵਿਕਰੀ 'ਤੇ ਰੋਕ ਲਾਉਣੀ ਚਾਹੀਦੀ ਹੈ । ਨਕਲੀ ਸ਼ੀਸ਼ਿਆਂ ਤੋਂ ਐਨਕਾਂ ਦੇ ਸ਼ੀਸ਼ੇ ਬਣਾਉਣ ਦਾ ਧੰਦਾ ਕਰੋੜਾਂ ਰੁਪਿਆਂ ਦਾ ਉਦਯੋਗ ਬਣ ਚੁੱਕਾ ਹੈ । ਇਕ ਅਨੁਮਾਨ ਅਨੁਸਾਰ ੧੦੦ ਟਨ ਮਾਮੂਲੀ ਸ਼ੀਸ਼ਾ ਐਨਕਾਂ ਅਤੇ ਧੁੱਪ ਦੇ ਚਸ਼ਮਿਆਂ ਵਿੱਚ ਲਗਾਇਆ ਜਾ ਰਿਹਾ ਹੈ । ਹੁਣੇ-ਹੁਣੇ ਪਾਰਲੀਮੈਂਟ ਦੀ ਕਮੇਟੀ ਦੇ ਸਾਹਮਣੇ ਜਦ ਇਹ ਸਮੱਸਿਆ ਆਈ ਤਾਂ ਉਸ 'ਤੇ ਗੰਭੀਰਤਾ ਨਾਲ ਵਿਚਾਰ ਵੀ ਕੀਤਾ ਗਿਆ ।

-ਭਗਤ ਪੂਰਨ ਸਿੰਘ

## ਰੀਠਿਆਂ ਦੀ ਲਾਭਦਾਇਕਤਾ

ਸਾਬਣ ਬਹੁਤ ਮਹਿੰਗਾ ਹੋ ਚੁੱਕਾ ਹੈ। ਗ਼ਰੀਬ ਬੰਦਿਆਂ ਨੂੰ ਕੱਪੜੇ ਧੋਣ ਤੇ ਪਿੰਡੇ ਨਹਾਉਣ ਲਈ ਸਾਬਣ ਖ਼ਰੀਦਣਾ ਬਹੁਤ ਕਠਿਨ ਹੋ ਰਿਹਾ ਹੈ । ਫੇਰ ਸਾਬਣ ਨਾਲ ਜੇਕਰ ਪਿੰਡਾ ਨਹਾਇਆ ਜਾਵੇ ਤਾਂ ਸਰੀਰ ਦੀ ਜਿਲਦ ਨੂੰ ਨੁਕਸਾਨ ਪੁੱਜਦਾ ਹੈ । ਉਸ ਨਾਲ ਉਹ ਖ਼ੁਰਦਰੀ ਹੋ ਜਾਂਦੀ ਹੈ, ਕਿਉਂਕਿ ਸਾਬਣ ਵਿੱਚ ਕਾਸਟਿਕ ਸੋਡਾ ਹੁੰਦਾ ਹੈ । ਪਰ ਜੇਕਰ ਰੀਠਿਆਂ ਦੇ ਪਾਣੀ ਨਾਲ ਸਰੀਰ ਦਾ ਇਸ਼ਨਾਨ ਕੀਤਾ ਜਾਵੇ ਤਾਂ ਸਰੀਰ ਦੀ ਜਿਲਦ ਨੂੰ ਕੋਈ ਨੁਕਸਾਨ ਨਹੀਂ ਪੁੱਜਦਾ, ਉਹ ਮੁਲਾਇਮ ਬਣੀ ਰਹਿੰਦੀ ਹੈ । ਸਾਬਣ ਦੇ ਮੁਕਾਬਲੇ ਵਿੱਚ ਰੀਠੇ ਬਹੁਤ ਸਸਤੇ ਪੈਂਦੇ ਹਨ । ਸਾਬਣ ਦੇ ਬਣਾਉਣ ਵਿੱਚ ਮੈਦਾ ਵੀ ਵਰਤਿਆ ਜਾਂਦਾ ਹੈ ਤੇ ਤੇਲ ਵੀ । ਇਹ ਦੋਵੇਂ ਵਸਤਾਂ ਬੰਦਿਆਂ ਦੀ ਖ਼ਰਾਕ ਹਨ ਤੇ ਦੋਹਾਂ ਵਸਤਾਂ ਦੀ ਦੇਸ਼ ਵਿੱਚ ਭਾਰੀ ਥੁੜ ਹੈ । ਅੰਨ ਤੇ ਤੇਲ ਦੀ ਥੁੜ ਦੇ ਹੁੰਦਿਆਂ ਅੰਨ ਤੇ ਤੇਲ ਨੂੰ ਖਾਣ ਦੀ ਥਾਂ ਇਸ਼ਨਾਨ ਕਰਨ ਲਈ ਤੇ ਕੱਪੜੇ ਧੋਣ ਲਈ ਵਰਤਣਾ ਭਾਰੀ ਬੇਸਮਝੀ ਹੈ ਤੇ ਸਮਾਜਿਕ ਅਪਰਾਧ ਹੈ । ਰੀਠਿਆਂ ਨਾਲ ਉੱਨ ਦੇ ਗਰਮ ਕੱਪੜੇ ਵੀ ਚੰਗੀ ਤਰ੍ਹਾਂ ਧੁਲ ਜਾਂਦੇ ਹਨ । ਗਰਮ ਕੱਪੜੇ ਧੋਣ ਵਾਲੇ ਪਾਊਡਰਾਂ ਵਿੱਚ ਤੇਜ਼ਾਬੀ ਮਾਦਾ ਹੁੰਦਾ ਹੈ ਜਿਹੜਾ ਉਨ੍ਹਾਂ ਦੇ ਬੂਰ ਨੂੰ ਸਾੜ ਦਿੰਦਾ ਹੈ ਤੇ ਗਰਮ ਕੱਪੜੇ ਵਿੱਚ ਬੂਰ ਦੀ ਹੀ ਸਾਰੀ ਸੁੰਦਰਤਾ ਹੁੰਦੀ ਹੈ । ਸਾਬਣ ਨਾਲ ਕੇਸੀਂ ਇਸ਼ਨਾਨ ਕਰਨ ਵਿੱਚ ੩੦ ਪੈਸੇ ਖ਼ਰਚ ਹੁੰਦੇ ਹਨ ਤੇ ਰੀਠਿਆਂ ਨਾਲ ਇਸ਼ਨਾਨ ਕਰਨ ਵਿੱਚ ਕੇਵਲ ਸੱਤ ਪੈਸੇ ਖ਼ਰਚ ਹੁੰਦੇ ਹਨ । ਕੇਸਾਂ ਦਾ ਇਸ਼ਨਾਨ ਪਿਛਲੇ ਪੰਜਾਹ ਸਾਲਾਂ ਤੋਂ ਮੈਂ ਰੀਠਿਆਂ ਨਾਲ ਹੀ ਕਰ ਰਿਹਾ ਹਾਂ । ਟੱਟੀ ਵਾਲੇ ਹੱਥ ਵੀ ਚਿਕਣੀ ਮਿੱਟੀ ਨਾਲ ਧੋਣੇ ਚਾਹੀਦੇ ਹਨ ਸਾਬਣ ਨਾਲ ਨਹੀਂ, ਕਿਉਂਕਿ ਟੱਟੀ ਫਿਰਦਿਆਂ ਜਿਹੜੀਆਂ ਜ਼ਹਿਰੀਲਆਂ ਗੈਸਾਂ ਸਰੀਰ ਅੰਦਰੋਂ ਨਿਕਲਦੀਆਂ ਹਨ ਉਨ੍ਹਾਂ ਨੂੰ ਚਿਕਣੀ ਮਿੱਟੀ ਹੀ ਜਜ਼ਬ ਕਰ ਸਕਦੀ ਹੈ ਸਾਬਣ ਨਹੀਂ । ਸਾਬਣ ਜ਼ਰਮਾਂ ਨੂੰ ਤਾਂ ਮਾਰ ਸਕਦਾ ਹੈ ਜ਼ਹਿਰਾਂ ਨੂੰ ਜਜ਼ਬ ਨਹੀਂ ਕਰ ਸਕਦਾ । ਇਸ ਲਈ ਚਿਕਣੀ ਮਿੱਟੀ ਤੋਂ ਬਿਨਾਂ ਕੇਵਲ ਸਾਬਣ ਨਾਲ ਟੱਟੀ ਵਾਲੇ ਹੱਥ ਧੋਣ ਨਾਲ ਜ਼ਹਿਰਾਂ ਵਾਲੇ ਪੱਖ ਤੋਂ ਹੱਥਾਂ ਨੂੰ ਧੋਣ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ । ਉਹ ਕਾਰਜ ਚਿਕਣੀ ਮਿੱਟੀ ਹੀ ਕਰ ਸਕਦੀ ਹੈ ਸਾਬਣ ਨਹੀਂ । ਰੀਠਿਆਂ ਵਾਲਾ ਪਾਣੀ, ਰੀਠਿਆਂ ਨੂੰ ਗਰਮ ਪਾਣੀ ਵਿੱਚ ਉਬਾਲ ਕੇ ਵੀ ਤਿਆਰ ਕੀਤਾ ਜਾ ਸਕਦਾ ਹੈ ਤੇ ਬਦਾਮਾਂ ਤੇ ਖ਼ਸਖ਼ਸ ਦੀ ਸ਼ਰਦਾਈ ਵਾਂਙ ਸੋਟੇ ਨਾਲ ਪੱਥਰ ਦੇ ਕੂੰਡੇ ਵਿੱਚ ਰਗੜ ਕੇ ਵੀ ! ਸੁੱਕੇ ਆਓਲਿਆਂ ਨਾਲ ਵੀ ਕੇਸੀਂ ਇਸ਼ਨਾਨ



ਕੀਤਾ ਜਾ ਸਕਦਾ ਹੈ । ਅਓਲੇ ਇਕ ਦਿਨ ਪਹਿਲਾਂ ਪਾਣੀ ਵਿੱਚ ਭਿਉਂ ਦਿੱਤੇ ਜਾਣ ਤੇ ਸਵੇਰ ਨੂੰ ਮਲਣ ਨਾਲ ਪਾਣੀ ਤਿਆਰ ਹੋ ਜਾਂਦਾ ਹੈ, ਨਹੀਂ ਤਾਂ ਉਹਨਾਂ ਨੂੰ ਉਬਾਲ ਕੇ ਵੀ ਕੇਸੀਂ ਇਸ਼ਨਾਨ ਕੀਤਾ ਜਾ ਸਕਦਾ ਹੈ । ਸਾਬਣ 'ਤੇ ਖ਼ਰਚ ਹੋ ਰਹੇ ਲੱਖਾਂ ਮਣ ਆਟੇ ਤੇ ਤੇਲ ਨੂੰ ਬਚਾਉਣ ਲਈ ਰੀਠਿਆਂ ਦਾ ਪਾਣੀ ਹਰ ਵੇਲੇ ਘਰ ਵਿੱਚ ਤਿਆਰ ਰੱਖੋ । ਦਹੀਂ ਵਰਤਣ ਨੂੰ ਮੇਰਾ ਮਨ ਇਸ ਲਈ ਨਹੀਂ ਮੰਨਿਆਂ ਕਿਉਂਕਿ ਦੇਸ਼ ਵਿੱਚ ਦੁੱਧ ਦੀ ਭਾਰੀ ਘਾਟ ਹੈ, ਜਿਸ ਦੀ ਸਭ ਤੋਂ ਵੱਧ ਲੋੜ ਗਰਭਵਤੀ ਇਸਤਰੀਆਂ ਤੇ ਬਾਲਾਂ ਨੂੰ ਹੈ ।

–ਭਗਤ ਪੂਰਨ ਸਿੰਘ

---

## ਹੱਥ ਕਿਵੇਂ ਧੋਵੋ?

ਸਾਬਣ ਨਾਲ ਕੇਸੀਂ ਇਸ਼ਨਾਨ ਕਰਨ ਵਿੱਚ ੩੦ ਪੈਸੇ ਖ਼ਰਚ ਹੁੰਦੇ ਹਨ ਤੇ ਰੀਠਿਆਂ ਨਾਲ ਇਸ਼ਨਾਨ ਕਰਨ ਵਿੱਚ ਕੇਵਲ ਸੱਤ ਪੈਸੇ ਖ਼ਰਚ ਹੁੰਦੇ ਹਨ । ਮੈਂ ਪਿਛਲੇ ਪੰਜਾਹ ਸਾਲਾਂ ਤੋਂ ਕੇਸੀਂ ਇਸ਼ਨਾਨ ਰੀਠਿਆਂ ਨਾਲ ਹੀ ਕਰ ਰਿਹਾ ਹਾਂ । ਟੱਟੀ ਵਾਲੇ ਹੱਥ ਵੀ ਚਿਕਨੀ ਮਿੱਟੀ ਨਾਲ ਧੋਣੇ ਚਾਹੀਦੇ ਹਨ ਕਿਉਂਕਿ ਟੱਟੀ ਫਿਰਦਿਆਂ ਜਿਹੜੀਆਂ ਜ਼ਹਿਰੀਲੀਆਂ ਗੈਸਾਂ ਸਰੀਰ ਅੰਦਰੋਂ ਨਿਕਲਦੀਆਂ ਹਨ ਉਨ੍ਹਾਂ ਨੂੰ ਚਿਕਨੀ ਮਿੱਟੀ ਹੀ ਜਜ਼ਬ ਕਰ ਸਕਦੀ ਹੈ, ਸਾਬਣ ਨਹੀਂ । ਸਾਬਣ ਜ਼ਰਮਾਂ ਨੂੰ ਤਾਂ ਮਾਰ ਸਕਦਾ ਹੈ ਜ਼ਹਿਰਾਂ ਨੂੰ ਜਜ਼ਬ ਨਹੀਂ ਕਰ ਸਕਦਾ; ਇਸ ਲਈ ਚਿਕਨੀ ਮਿੱਟੀ ਤੋਂ ਬਿਨਾਂ ਕੇਵਲ ਸਾਬਣ ਨਾਲ ਟੱਟੀ ਵਾਲੇ ਹੱਥ ਧੋਣ ਨਾਲ ਜ਼ਹਿਰਾਂ ਵਾਲੇ ਪੱਖ ਤੋਂ ਹੱਥਾਂ ਨੂੰ ਧੋਣ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ । ਉਹ ਕਾਰਜ ਚਿਕਨੀ ਮਿੱਟੀ ਹੀ ਕਰ ਸਕਦੀ ਹੈ ਸਾਬਣ ਨਹੀਂ । ਰੀਠਿਆਂ ਵਾਲੇ ਪਾਣੀ ਨੂੰ ਗਰਮ ਪਾਣੀ ਵਿੱਚ ਉਬਾਲ ਕੇ ਵੀ ਤਿਆਰ ਕੀਤਾ ਜਾ ਸਕਦਾ ਹੈ, ਬਦਾਮਾਂ ਤੇ ਖ਼ਸਖ਼ਸ ਦੀ ਸ਼ਰਦਾਈ ਵਾਂਙ ਸੋਟੇ ਨਾਲ ਪੱਥਰ ਦੇ ਕੂੰਡੇ ਵਿੱਚ ਰਗੜ ਕੇ ਵੀ । ਸੁੱਕੇ ਅਉਲਿਆਂ ਨਾਲ ਵੀ ਕੇਸੀਂ ਇਸ਼ਨਾਨ ਕੀਤਾ ਜਾ ਸਕਦਾ ਹੈ । ਅਓਲੇ ਇਕ ਦਿਨ ਪਹਿਲਾਂ ਪਾਣੀ ਵਿੱਚ ਭਿਉਂ ਦਿੱਤੇ ਜਾਣ ਤੇ ਸਵੇਰ ਨੂੰ ਮਲਣ ਨਾਲ ਪਾਣੀ ਤਿਆਰ ਹੋ ਜਾਂਦਾ ਹੈ ।

–ਭਗਤ ਪੂਰਨ ਸਿੰਘ

# ਗੁਰੂ ਕੇ ਲੰਗਰ ਦੀ ਮਹਾਨਤਾ

ਸਿੱਖ ਗੁਰੂ ਸਾਹਿਬਾਨ ਨੇ "**ਏਕ ਪਿਤਾ ਏਕਸ ਕੇ ਹਮ ਬਾਰਿਕ**", ਉਹਨਾਂ ਵੱਲੋਂ ਦੱਸੇ ਗਏ ਮਾਨਵ ਜਾਤੀ ਦੀ ਏਕਤਾ ਦੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਸੰਗਤ ਪੰਗਤ ਦੀ ਏਕਤਾ ਨੂੰ ਬੇਹੱਦ ਜ਼ਰੂਰੀ ਸਮਝਿਆ ਸੀ, ਤਾਂ ਜੋ ਏਕਤਾ ਦੀ ਤਾਲੀਮ ਜੀਵਨ ਵਿੱਚ ਪੱਕੀ ਹੋ ਕੇ ਸਾਰੇ ਜੀਵਨ ਨੂੰ ਇਸੇ ਰੰਗ ਵਿੱਚ ਰੰਗ ਦੇਵੇ । ਇਹ ਇਸ ਹੱਦ ਤਕ ਲਿਜਾਈ ਗਈ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਨੇਮ ਬਣ ਗਿਆ ਸੀ ਕਿ ਕੋਈ ਵੀ ਪੁਰਸ਼ ਉਹਨਾਂ ਨੂੰ ਮਿਲਣ ਆਵੇ, ਉਹ ਪਹਿਲਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਿ ਛਕੇ । ਅਕਬਰ ਬਾਦਸ਼ਾਹ ਨੂੰ ਵੀ ਇਕ ਸਮੇਂ ਇਸੇ ਨਿਯਮ ਦੀ ਪਾਲਣਾ ਕਰਨ ਦੀ ਬੇਨਤੀ ਕੀਤੀ ਗਈ ਸੀ, ਜੋ ਉਸਨੇ ਪ੍ਰਵਾਨ ਚਾੜ੍ਹੀ ਸੀ । ਲੰਗਰ ਵਿੱਚ ਜੇ ਸਭ ਪ੍ਰਾਣੀ-ਮਾਤਰ ਰਲ ਕੇ ਪ੍ਰਸ਼ਾਦਿ ਛਕਣ ਤਾਂ ਭਾਈਚਾਰਿਕ ਅਤੇ ਆਰਥਿਕ ਏਕਤਾ ਦਾ ਇਸ ਤੋਂ ਵੱਧ ਅਤੇ ਚੰਗਾ ਪ੍ਰਗਟਾਵਾ ਹੋਰ ਕੀ ਹੋ ਸਕਦਾ ਹੈ? ਇਹੋ ਕਾਰਨ ਸੀ ਕਿ ਗੁਰੂ ਸਾਹਿਬਾਨ ਦੀ ਮੌਜੂਦਗੀ ਵਿੱਚ ਹੀ ਅਜਿਹੇ ਪੂਰਨੇ ਪੈ ਗਏ ਸਨ, ਜਿਨ੍ਹਾਂ ਨਾਲ ਏਕਤਾ, ਪ੍ਰੇਮ ਤੇ ਸੇਵਾ ਦੀ ਇਕ ਲਹਿਰ ਹੀ ਚੱਲ ਪਈ ਸੀ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਲੰਗਰ ਦੀ ਮਹੱਤਤਾ ਨੂੰ ਵਧਾਉਣ ਲਈ ਹੀ ਇਸ ਦਾ ਪ੍ਰਬੰਧ ਆਪਣੇ ਮਹਲ ਮਾਤਾ ਖੀਵੀ ਜੀ ਦੇ ਸਪੁਰਦ ਕਰ ਦਿੱਤਾ ਸੀ । ਇਸ ਗੱਲ ਦੀ ਗਵਾਹੀ ਬਲਵੰਡ ਜੀ ਨੇ ਆਪਣੀ ਵਾਰ ਵਿੱਚ ਇਉਂ ਦਿੱਤੀ :

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥**

**(ਅੰਗ ੯੬੭)**

ਅਰਥਾਤ—"ਖੀਵੀ ਜੀ ਵਰਗੀ ਉੱਤਮ ਸੇਵਕਾ ਦੀ ਸੰਘਣੀ ਛਾਉਂ ਸਿੱਖ-ਜਗਤ ਨੂੰ ਪ੍ਰਾਪਤ ਸੀ । ਗੁਰੂ ਜੀ ਦੀ ਆਮਦਨ ਲੰਗਰ ਦੀ ਸੇਵਾ ਵਿੱਚ ਹੀ ਲਾ ਦਿੱਤੀ ਜਾਂਦੀ ਸੀ; ਜਿੱਥੇ ਦੁੱਧ-ਘਿਓ ਨਾਲ ਤਿਆਰ ਕੀਤੀ ਅੰਮ੍ਰਿਤ ਵਰਗੀ ਖੀਰ ਵਰਤਾਈ ਜਾਂਦੀ ਸੀ ।"

"ਗੁਰੂ ਕੀ ਗੋਲਕ" ਤਾਂ ਹੀ ਹਰੀ-ਭਰੀ ਸਮਝਣੀ ਚਾਹੀਦੀ ਹੈ ਜੇ ਇਹ ਗ਼ਰੀਬ ਦਾ ਮੂੰਹ ਭਰਦੀ ਹੋਵੇ ।

ਦਸਮ ਪਾਤਿਸ਼ਾਹ ਜੀ ਦੇ ਸਮੇਂ ਭਾਈ ਨੰਦ ਲਾਲ ਜੀ ਵਰਗੀਆਂ ਵਿਦਵਾਨ ਹਸਤੀਆਂ ਨੇ ਆਪਣੇ ਹੀ ਉੱਦਮ ਨਾਲ ਆਪਣੇ ਜ਼ਿੰਮੇ ਲੰਗਰ



ਦੀ ਸੇਵਾ ਚੁੱਕੀ ਹੋਈ ਸੀ । ਇਕ ਸਮੇਂ ਗੁਰੂ ਸਾਹਿਬ ਆਪ ਇਸ ਪ੍ਰਕਾਰ ਦੇ ਲੰਗਰਾਂ ਨੂੰ ਭੇਸ ਬਦਲ ਕੇ ਪਰਖਣ ਤੁਰੇ ਸਨ । ਦੂਜੇ ਦਿਨ ਸੰਗਤ ਵਿੱਚ ਹਾਜ਼ਰ ਹੋ ਕੇ ਉਚੇਚੇ ਤੌਰ 'ਤੇ ਸਿੱਖ ਸੰਗਤਾਂ ਨੂੰ ਦੱਸਿਆ ਸੀ ਕਿ ਭਾਈ ਸਾਹਿਬ ਨੰਦ ਲਾਲ ਜੀ ਦਾ ਲੰਗਰ ਸਭ ਤੋਂ ਵਧੀਆ ਹੈ ਜਿੱਥੇ ਸੇਵਾ ਪੂਰੀ ਭਗਤੀ ਭਾਵ ਦੇ ਜਜ਼ਬੇ ਹੇਠ ਹੁੰਦੀ ਹੈ ਤੇ ਜਿੱਥੇ ਹਰ ਸਮੇਂ ਆਏ ਯਾਤਰੂਆਂ ਦਾ ਬੜੇ ਨਿੱਘ ਨਾਲ ਸੁਆਗਤ ਕੀਤਾ ਜਾਂਦਾ ਹੈ । ਗੁਰੂ ਜੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਲੰਗਰ ਦੀ ਇਹ ਸੇਵਾ ਬੜੀ ਉੱਤਮ ਸੇਵਾ ਹੈ, ਜੇ ਇਹ ਪੂਜਾ ਦੀ ਭਾਵਨਾ ਵਿੱਚ ਹੋ ਕੇ ਕੀਤੀ ਜਾਵੇ । ਗੁਰੂ ਕਾ ਲੰਗਰ ਇਕ ਤਰ੍ਹਾਂ ਦੀ ਪ੍ਰਯੋਗਸ਼ਾਲਾ ਹੈ ਜਿੱਥੇ ਸੇਵਾ ਦੀ ਜਾਚ ਸਿੱਖਣੀ ਹੁੰਦੀ ਹੈ, ਤਾਂ ਜੋ ਅੰਤ ਵਿੱਚ ਇਸ ਨੂੰ ਸਾਰੇ ਸੰਸਾਰ ਦੀ ਸੇਵਾ ਵਿੱਚ ਪ੍ਰਸਾਰਿਆ ਜਾ ਸਕੇ । "**ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ**" ਦਾ ਅਧਿਕਾਰੀ ਬਣਨਾ ਚਾਹੀਦਾ ਹੈ । ਲੰਗਰ ਦੀ ਸੇਵਾ ਇਸ ਕਰਕੇ ਵੀ ਮਹੱਤਵਪੂਰਨ ਹੈ ਕਿ ਇਸ ਵਿੱਚ ਲੱਗਾ ਪੁਰਸ਼ ਕੁਝ ਨਾ ਕੁਝ ਹੱਥੀਂ ਸੇਵਾ ਕਰਦਾ ਹੈ ਤੇ ਇਹ ਉਸ ਦੀ ਆਤਮਿਕ ਉਸਾਰੀ ਲਈ ਬੜੀ ਲੋੜੀਂਦੀ ਵਸਤੂ ਹੁੰਦੀ ਹੈ; ਜਿਵੇਂ ਕਿ ਝਾੜੂ ਦੇਣਾ, ਜੂਠੇ ਭਾਂਡੇ ਮਾਂਜਣੇ ਨਿਮਰਤਾ ਤੇ ਸੇਵਾ-ਭਾਵ ਉਪਜਾਉਂਦੇ ਹਨ ਤੇ ਸੇਵਾ ਦੇ ਕੰਮਾਂ ਨੂੰ ਉੱਦਮ, ਉਤਸ਼ਾਹ ਤੇ ਲਗਨ ਨਾਲ ਕਰਨ ਦੀ ਆਦਤ ਪਾਉਂਦੇ ਹਨ ।

–ਭਗਤ ਪੂਰਨ ਸਿੰਘ

**ਕਿਸਾਨ ਭਰਾਵੋ !**
**ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਗੁਰੂ ਘਰ ਦੀ ਓਟ ਹੇਠ**
**ਚੱਲਣ ਵਾਲੀ ਸੰਸਥਾ ਪਿੰਗਲਵਾੜਾ ਲਈ**

## ਅਨਾਜ ਭੇਜੋ

ਭਗਤ ਪੂਰਨ ਸਿੰਘ ਦੀ ਅਰਜੋਈ

ਪਿੰਗਲਵਾੜਾ ਸੰਸਥਾ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਦੀਆਂ ਸੜਕਾਂ ਦੇ ਕੰਢਿਆਂ 'ਤੇ ਸੰਨ ੧੯੪੭ ਵਿੱਚ ਆਰੰਭ ਹੋਈ । ਇਹ ਘਰ-ਘਰ ਤੋਂ ਪ੍ਰਸ਼ਾਦੇ ਤੇ ਦੁਕਾਨ-ਦੁਕਾਨ ਤੋਂ ਪੈਸਾ-ਪੈਸਾ ਇਕੱਠਾ ਕਰਕੇ ਚਾਲੂ ਕੀਤੀ ਗਈ । ਹੁਣ ਇਹ ਗੁਰੂ ਘਰ ਦੀ ਓਟ ਹੇਠ ਵਧਦੀ-ਵਧਦੀ ਦੇਸ਼ ਦੀ ਆਪਣੀ ਕਿਸਮ ਦੀ ਇਕੋ ਇਕ ਸੰਸਥਾ ਬਣ ਚੁੱਕੀ ਹੈ । ਇਸ ਵਿੱਚ ੪੭੫ ਅਪਾਹਿਜ ਸੰਭਾਲੇ ਜਾ ਰਹੇ ਹਨ । ਵੱਡੀ ਚਿੰਤਾ ਵਾਲੀ ਗੱਲ ਤਾਂ ਪਾਗਲ ਕੁੜੀਆਂ ਤੇ ਨੌਜਵਾਨ ਪਾਗਲ ਇਸਤਰੀਆਂ ਦੀ ਹੈ । ਇਹ ਕਾਰਜ ਦੇਸ਼ ਦੀ ਹੋਰ ਕੋਈ ਸੰਸਥਾ ਨਹੀਂ ਕਰ ਰਹੀ । ਸੰਸਥਾ ਵਿੱਚ ੭੦ ਕੁੜੀਆਂ ਪਾਗਲ ਹਨ ਤੇ ੧੫੦ ਪਾਗਲ ਇਸਤਰੀਆਂ ਹਨ । ੧੪੫ ਮੁੰਡੇ ਪਾਗਲ, ੩੦ ਮੁੰਡੇ ਕੁੜੀਆਂ ਲੂਲ੍ਹੇ ਹਨ । ਹੁਣ ਤਾਂ ਇਹ ਸੰਸਥਾ ਹਰ ਉਸ ਬੰਦੇ ਦੇ ਦਿਲ ਦਾ ਦਰਦ ਬਣ ਜਾਣੀ ਚਾਹੀਦੀ ਹੈ ਜਿਹੜਾ ਸ੍ਰੀ ਅੰਮ੍ਰਿਤਸਰ ਦੇ ਮਹਾਨ ਤੀਰਥ ਨੂੰ ਮੰਨਣ ਵਾਲਾ ਹੈ ਤੇ ਇਸ ਮਹਾਨ ਤੀਰਥ ਦੀ ਸ਼ੋਭਾ ਨੂੰ ਦੇਸ਼ ਤੇ ਪ੍ਰਦੇਸ਼ਾਂ ਵਿੱਚ ਖਿਲਾਰਨ ਵਾਲੀ ਇਸ ਸੰਸਥਾ ਦੇ ਕਾਰਜ ਨੂੰ ਹਰ ਪ੍ਰਕਾਰ ਦੇ ਸੰਕਟਾਂ ਤੋਂ ਬਚਾ ਕੇ ਵਧਦੀ-ਫੁੱਲਦੀ ਦੇਖਣਾ ਚਾਹੁੰਦਾ ਹੈ । ਇਸ ਸਮੇਂ ਹਾੜੀ ਦੀ ਫ਼ਸਲ ਸਾਂਭੀ ਜਾ ਰਹੀ ਹੈ । ਪਿੰਡਾਂ ਦੇ ਕਿਸਾਨ ਭਰਾ ਆਪਣੇ-ਆਪਣੇ ਪਿੰਡਾਂ ਵਿੱਚੋਂ ਕਣਕ ਦੀ ਉਗਰਾਹੀ ਕਰਕੇ ਪਿੰਡ ਵਿੱਚ ਹੀ ਜਿਣਸ ਜਮ੍ਹਾਂ ਕਰਾ ਦੇਣ ਤੇ ਸਾਨੂੰ ਸੂਚਿਤ ਕਰ ਦੇਣ । ਜਿਹੜੇ ਭਰਾ ਆਪ ਜਿਣਸ ਪੁਚਾ ਸਕਣ ਤਾਂ ਸਭ ਤੋਂ ਚੰਗਾ ਹੈ । ਇਸ ਤਰ੍ਹਾਂ ਉਹ ਇਸ ਮਹਾਨ ਤੀਰਥ ਦੇ ਸ਼ਹਿਰ ਦੀ ਸੰਸਥਾ ਦੀ ਸੇਵਾ ਕਰਕੇ ਗੁਰੂ ਘਰ ਵੱਲ ਆਪਣਾ ਕਰਤੱਵ ਪੂਰਾ ਕਰ ਸਕਦੇ ਹਨ । ਇਸ ਸੰਸਥਾ ਦਾ ਬੀਜ ਸੰਨ ੧੯੩੪ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੇ ਬੂਹੇ ਅੱਗੇ ਲਾਵਾਰਸੀ ਦੀ ਹਾਲਤ ਵਿੱਚ ਛੱਡ ਦਿੱਤਾ ਗਿਆ ਇਕ ਲੂਲ੍ਹਾ ਬਾਲਕ ਹੈ ।

-ਭਗਤ ਪੂਰਨ ਸਿੰਘ



## ਤੀਰਥ ਯਾਤਰਾ

ਤੀਰਥ ਯਾਤਰਾ ਦਾ ਪੁੰਨ ਫ਼ਲ ਧਰਮ ਸ਼ਾਸਤਰਾਂ ਵਿੱਚ ਪੈਰ-ਪੈਰ 'ਤੇ ਭਰਿਆ ਪਿਆ ਹੈ । ਮਨੁੱਖ ਦੇ ਮਨ ਨੂੰ ਪਾਪਾਂ ਅਰਥਾਤ ਖੋਟੇ ਕਰਮਾਂ ਵੱਲ ਲੈ ਜਾਣ ਵਾਲੀਆਂ ਮਨੁੱਖ ਦੇ ਮਨ ਦੀਆਂ ਜਿਹੜੀਆਂ ਖੋਟੀਆਂ ਬਿਰਤੀਆਂ ਹੁੰਦੀਆਂ ਹਨ । ਉਨ੍ਹਾਂ ਬਿਰਤੀਆਂ ਦਾ ਤੀਰਥਾਂ ਦੀ ਯਾਤਰਾ ਤੇ ਤੀਰਥਾਂ ਦੇ ਦਰਸ਼ਨ ਕਰਨ ਨਾਲ ਨਾਸ਼ ਹੋਣ ਲੱਗਦਾ ਹੈ । ਬੰਦਾ ਉਨ੍ਹਾਂ ਖੋਟੀਆਂ ਬਿਰਤੀਆਂ ਨੂੰ ਮਨ ਵਿੱਚੋਂ ਕੱਢਣ ਦਾ ਯਤਨ ਕਰਨ ਲੱਗ ਪੈਂਦਾ ਹੈ ਤੇ ਪੁੰਨਾਂ, ਨੇਕ ਕੰਮਾਂ ਵੱਲ ਲੈ ਜਾਣ ਵਾਲੀਆਂ ਬਿਰਤੀਆਂ ਨੂੰ ਮਨ ਵਿੱਚ ਵੱਧ ਤੋਂ ਵੱਧ ਥਾਂ ਦੇਣ ਦੇ ਬੰਦੇ ਦੇ ਰਤਨ ਉਸ ਦੇ ਜੀਵਨ ਨੂੰ ਅਨੇਕ ਪ੍ਰਕਾਰ ਦੇ ਵਿਘਨਾਂ ਤੋਂ ਬਚਾਉਣ, ਸੁੱਖ-ਸ਼ਾਂਤੀ ਵੱਲ ਲੈ ਜਾਣ ਵਾਲੇ ਤੇ ਸਫਲਤਾ ਦੇ ਰਾਹ 'ਤੇ ਤੋਰਨ ਵਾਲੇ ਹੁੰਦੇ ਹਨ । ਤੀਰਥ ਯਾਤਰਾ ਦਾ ਫ਼ਲ ਦੱਸਦਿਆਂ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਖੇਤੀ ਦਾ ਫ਼ਲ ਅੰਨ ਦੀ ਪੈਦਾਵਾਰ ਹੈ ਉਸੇ ਤਰ੍ਹਾਂ ਪਾਪਾਂ ਵਾਲੇ ਪਾਸੇ ਮਨ ਨੂੰ ਲੈ ਜਾਣ ਵਾਲੀਆਂ ਬਿਰਤੀਆਂ ਤੋਂ ਛੁਟਕਾਰਾ ਪਾ ਕੇ ਪਵਿੱਤਰ ਤੇ ਕੋਮਲ ਹਿਰਦੇ ਵਾਲਾ ਬਣ ਜਾਣਾ ਹੀ ਤੀਰਥ ਯਾਤਰਾ ਦਾ ਫ਼ਲ ਹੈ । ਮਾਰਚ ੧੯੭੩ ਵਿੱਚ ਮਦਰਾਸ ਸ਼ਹਿਰ ਵਿੱਚ ਹਿੰਦੂ ਧਰਮ ਦੀ ਇਕ ਕਾਨਫ਼ਰੰਸ ਹੋਈ ਸੀ ਜਿਸ ਵਿੱਚ ਸੰਸਾਰ ਦੇ ਸਾਰੇ ਦੇਸ਼ਾਂ ਵਿੱਚੋਂ ਹਿੰਦੂ ਧਰਮ ਦੇ ਪ੍ਰਤੀਨਿਧ ਸ਼ਾਮਲ ਹੋਏ ਸਨ । ਉਸ ਕਾਨਫ਼ਰੰਸ ਵਿੱਚ ਭਾਰਤ ਦੇ ਇਕ ਮੱਠ ਦੇ ਸ਼ੰਕਰਾਚਾਰੀਆ ਨੇ ਹੇਠ ਲਿਖੇ ਸ਼ਬਦ ਕਹੇ ਸਨ ਕਿ ਹਰ ਹਿੰਦੂ ਨੂੰ ਉਸ ਦੇ ਉਨ੍ਹਾਂ ਧਾਰਮਿਕ ਕਰਤੱਵਾਂ ਦਾ ਗਿਆਨ ਦਿੱਤਾ ਜਾਣਾ ਜ਼ਰੂਰੀ ਹੈ ਜਿਹੜੇ ਉਸ ਲਈ ਹਰ ਰੋਜ਼ ਪੂਰੇ ਕਰਨੇ ਜ਼ਰੂਰੀ ਹੁੰਦੇ ਹਨ । ਜਿਹੜਾ ਬੰਦਾ ਆਪਣੇ ਧਾਰਮਿਕ ਕਰਤੱਵਾਂ ਨੂੰ ਪ੍ਰਤੀ-ਦਿਨ ਪੂਰਾ ਕਰਨ ਵਾਲਾ ਹੋਵੇਗਾ ਉਸ ਦੇ ਮਨ ਉੱਤੇ ਧਰਮ ਦੇ ਨਿਯਮਾਂ ਦਾ ਪ੍ਰਭਾਵ ਦਿਨ-ਪ੍ਰਤੀ-ਦਿਨ ਪੱਕਾ ਹੁੰਦਾ ਜਾਵੇਗਾ । ਉਸ ਦੇ ਅਜਿਹੇ ਰੋਜ਼ਾਨਾ ਧਾਰਮਿਕ ਜੀਵਨ ਦਾ ਕੁਦਰਤੀ ਸਿੱਟਾ ਇਹ ਨਿਕਲੇਗਾ ਕਿ ਉਹ ਸਮਾਜ ਦੀ ਮਰਯਾਦਾ ਨੂੰ ਪਾਲਦਾ ਹੋਇਆ ਅਜਿਹਾ

ਜੀਵਨ ਗੁਜ਼ਾਰੇਗਾ ਜਿਹੜਾ ਹੋਰਨਾਂ ਦੇ ਸੁੱਖ-ਸ਼ਾਂਤੀ ਵਿੱਚ ਕੋਈ ਵਿਘਨ ਪਾਉਣ ਵਾਲਾ ਨਾ ਹੋਵੇਗਾ, ਸਗੋਂ ਹੋਰਨਾਂ ਨੂੰ ਸੁੱਖ ਪੁਚਾਉਣ ਵਾਲਾ ਜੀਵਨ ਹੋਵੇਗਾ । ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਨੂੰ ਆਉਣ ਵਾਲੇ ਸੱਜਣਾਂ ਅੱਗੇ ਬੇਨਤੀ ਹੈ ਕਿ ਗੁਰਸਿੱਖ ਦੇ ਪ੍ਰਤੀ-ਦਿਨ ਦੇ ਧਾਰਮਿਕ ਕਰਤੱਵਾਂ ਨਾਲ ਸੰਬੰਧ ਰੱਖਣ ਵਾਲੇ ਇਸ਼ਤਿਹਾਰ ਪਿੰਗਲਵਾੜੇ ਦੇ ਪ੍ਰਚਾਰ ਅੱਡਿਆਂ ਤੋਂ ਮੁਫ਼ਤ ਪ੍ਰਾਪਤ ਕਰਨ, ਜਿਹੜੇ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਦੋ ਥਾਵਾਂ ਤੇ ਲੱਗੇ ਹੋਏ ਹਨ—ਇਕ ਘੰਟਾ ਘਰ ਵਾਲੀ ਪਹਿਲੀ ਡਿਓਢੀ ਤੋਂ ਬਾਹਰ ਤੇ ਇਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੇ ਲਾਗੇ ਦੇ ਜੋੜਾ ਘਰ ਦੇ ਸਾਹਮਣੇ । ਇਕ ਗੁਰਸਿੱਖ ਦੇ ਪ੍ਰਤੀ-ਦਿਨ ਦੇ ਕਰਤੱਵਾਂ ਨੂੰ ਭਾਈ ਗੁਰਦਾਸ ਜੀ ਦੇ ਉਸ ਵਾਕ ਵਿੱਚ ਬਿਆਨ ਕੀਤਾ ਗਿਆ ਹੈ ਜਿਸ ਦੀ ਪਹਿਲੀ ਪੰਕਤੀ ਹੇਠ ਲਿਖੀ ਹੈ—

**ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ ।**
**ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ।**

**ਵਾਰ ੪੦॥ਪਉੜੀ ੧੧॥**

–ਭਗਤ ਪੂਰਨ ਸਿੰਘ



# ਹੋਸ਼ ਸੰਭਾਲ ਰਹੇ ਬੱਚਿਓ !

**ਆਉਣ ਵਾਲੇ ਸਮੇਂ ਬਾਰੇ ਭਾਰੇ ਫ਼ਿਕਰਾਂ ਵਿੱਚ ਜੀਵਨ ਆਰੰਭ ਕਰੋ**

**5** ਜੁਲਾਈ **1975** ਵਾਲੇ ਦਿਨ, ਸਵੇਰ ਦੇ **9** ਵਜੇ ਜਦੋਂ ਪਿੰਗਲਵਾੜੇ ਦੇ ਪ੍ਰੈੱਸ ਦਾ ਮੈਨੇਜਰ ਭਾਈ ਤੇਜਾ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਨੂੰ ਪਿੰਗਲਵਾੜੇ ਲਈ ਪ੍ਰਸ਼ਾਦਾ ਲੈਣ ਜਾ ਰਿਹਾ ਸੀ ਤਾਂ ਉਸ ਨੇ ਮਲਕਾ ਦੇ ਬੁੱਤ ਦੇ ਪਾਸ ੧੨-੧੩ ਸਾਲ ਦੀ ਉਮਰ ਦੇ ਪੰਜ ਸੱਤ ਬੱਚੇ ਸਕੂਲ ਨੂੰ ਤੁਰੇ ਜਾਂਦੇ ਵੇਖੇ । ਜਦੋਂ ਉਨ੍ਹਾਂ ਬੱਚਿਆਂ ਦੇ ਰਸਤੇ ਵਿੱਚ ਸੜਕ ਦੇ ਵਿਚਕਾਰ ਪਿਆ ਹੋਇਆ ਗੋਹੇ ਦਾ ਇਕ ਫ਼ੋਸ ਆਇਆ ਤਾਂ ਉਨ੍ਹਾਂ ਵਿੱਚੋਂ ਇਕ ਮੁੰਡਾ ਆਪਣੇ ਨਾਲ ਦਿਆਂ ਨੂੰ ਕਹਿਣ ਲੱਗਾ, ਕੀ ਤੁਹਾਨੂੰ ਰਾਹ ਵਿੱਚ ਪਿਆ ਗੋਹੇ ਦਾ ਫ਼ੋਸ ਨਹੀਂ ਦਿੱਸਦਾ? ਉਸ ਨੇ ਉਨ੍ਹਾਂ ਨੂੰ ਕਿਹਾ ਕਿ ਆਪਣੀ ਜਮਾਤ ਵਿੱਚ ਆਪਣੇ ਅਧਿਆਪਕ ਨੇ ਭਗਤ ਪੂਰਨ ਸਿੰਘ ਦਾ ਸੜਕ ਉੱਤੇ ਪਈ ਗ਼ੰਦਗੀ ਦਾ ਜਿਹੜਾ ਇਸ਼ਤਿਹਾਰ ਪੜ੍ਹ ਕੇ ਸੁਣਾਇਆ ਸੀ ਉਸ ਵਿੱਚ ਇਹੀ ਦੱਸਿਆ ਗਿਆ ਸੀ ਕਿ ਰਾਹ ਵਿੱਚ ਪਏ ਗੋਹੇ, ਟੱਟੀ ਨੂੰ ਚੁੱਕ ਕੇ ਕੂੜੇ ਦੇ ਢੇਰ ’ਤੇ ਪਹੁੰਚਾ ਦੇਣਾ ਚਾਹੀਦਾ ਹੈ । ਬੱਚਿਆਂ ਨੇ ਜਦ ਆਪਸ ਵਿੱਚ ਗੱਲ ਕੀਤੀ ਤਾਂ ਉਨ੍ਹਾਂ ਸਾਰਿਆਂ ਨੇ ਫ਼ੋਸ ਚੁੱਕਣ ਤੋਂ ਪਹਿਲਾਂ ਥੋੜ੍ਹੀ ਜਿਹੀ ਜੱਕੋ-ਧੱਕੀ ਕੀਤੀ; ਪਰ ਓੜਕ ਇਕ ਬੱਚੇ ਨੇ ਉਸ ਫ਼ੋਸ ਨੂੰ ਚੁੱਕ ਕੇ ਕੂੜੇ ਦੇ ਢੇਰ ’ਤੇ ਸੁੱਟ ਦਿੱਤਾ । ਸੜਕ ਉੱਤੇ ਪਈ ਗ਼ੰਦਗੀ ਬਾਰੇ ਮੇਰੇ ਹੇਠ ਲਿਖੇ ਚਾਰ ਇਸ਼ਤਿਹਾਰ ਛਪੇ ਹੋਏ ਹਨ—ਦੋ ਵਧੀਆ ਵੱਡੇ ਚਿੱਟੇ ਕਾਗ਼ਜ਼ਾਂ ’ਤੇ ਅਤੇ ਦੋ ਰੱਦੀ ਕਾਗ਼ਜ਼ਾਂ ਉੱਤੇ :-

੧. ਧਰਤੀ ਦੀ ਅੰਨ-ਉਪਜਾਊ ਸ਼ਕਤੀ ਦੀ ਰੱਖਿਆ ।
੨. ਪ੍ਰਾਣੀ-ਮਾਤਰ ਦੀ ਪਾਲਣਾ ਕਰਨ ਵਾਲੀ ਧਰਤੀ ਮਾਤਾ ਨੂੰ ਭੁੱਖਿਆਂ ਨਾ ਮਾਰੋ ।
੩. ਮਨੁੱਖ ਦੀ ਅਕਲ ਦੁਆਰਾ ਖ਼ਿਲਾਰੀ ਹੋਈ ਅਨੇਕ ਪ੍ਰਕਾਰ ਦੀ ਸੰਸਾਰ ਸੇਵਾ ਦੀ ਇਕ ਸੁੰਦਰ ਝਾਕੀ ।

੪. ਗ਼ੰਦਗੀ ਗ਼ਲਤ ਥਾਂ 'ਤੇ ਪਿਆ ਹੋਇਆ ਧਨ ਹੁੰਦਾ ਹੈ ।

ਅੰਨ ਤੋਂ ਬਿਨਾਂ ਬੰਦਾ ਜਿਊਂਦਾ ਨਹੀਂ ਰਹਿ ਸਕਦਾ । ਜੇਕਰ ਸਕੂਲਾਂ ਵਿੱਚ ਪੜ੍ਹਨ ਵਾਲੇ ਛੋਟੀ ਉਮਰ ਦੇ ਬਾਲਕਾਂ ਨੂੰ ਮਨੁੱਖਾ ਜ਼ਿੰਦਗੀ ਦੀ ਬਰਕਰਾਰੀ ਨਾਲ ਸੰਬੰਧ ਰੱਖਣ ਵਾਲੀ ਜ਼ਰੂਰੀ ਵਸਤ ਅੰਨ ਤੇ ਅੰਨ ਨੂੰ ਪੈਦਾ ਕਰਨ ਵਾਲੀ ਧਰਤੀ ਦੇ ਸੰਬੰਧ ਵਿੱਚ ਹੇਠ ਲਿਖੀਆਂ ਗੱਲਾਂ ਦਾ ਪਤਾ ਲੱਗ ਜਾਵੇ ਤਾਂ ਉਹ ਛੋਟੀ ਉਮਰ ਤੋਂ ਹੀ ਆਪਣੇ ਹਿਰਦਿਆਂ ਵਿੱਚ ਦੇਸ਼-ਉਸਾਰੀ ਲਈ ਭਾਰੀ ਫ਼ਿਕਰ ਤੇ ਚਾਓ ਲੈ ਕੇ ਵੱਡੇ ਹੋ ਸਕਦੇ ਹਨ :-

੧. ਸੰਸਾਰ ਵਿੱਚ ਧਰਤੀ ਕਿੰਨੀ ਹੈ?

੨. ਕਿੰਨੀ ਧਰਤੀ ਅੰਨ ਪੈਦਾ ਕਰਨ ਦੇ ਯੋਗ ਹੈ?

੩. ਕਿੰਨੀ ਧਰਤੀ ਅੰਨ ਪੈਦਾ ਕਰਨ ਦੇ ਯੋਗ ਬਣਾਈ ਜਾ ਸਕਦੀ ਹੈ?

੪. ਕੀ ਅੰਨ-ਉਪਜਾਊ ਧਰਤੀ ਕਿਸੇ ਕਾਰਨ ਬਰਬਾਦ ਤਾਂ ਨਹੀਂ ਹੋ ਰਹੀ, ਜਿਸ ਦੇ ਕਾਰਨ ਉਹ ਅੰਨ ਉਪਜਾਉਣ ਦੇ ਯੋਗ ਨਾ ਰਹਿ ਸਕਦੀ ਹੋਵੇ?

੫. ਕੀ ਧਰਤੀ ਦੀ ਅੰਨ-ਉਪਜਾਊ ਸ਼ਕਤੀ ਹੋਰ ਵਧਾਈ ਜਾ ਸਕਦੀ ਹੈ?

੬. ਉਹ ਕਿਹੜੇ-ਕਿਹੜੇ ਪਦਾਰਥ ਅਤੇ ਸਾਧਨ ਹਨ ਜਿਨ੍ਹਾਂ ਦੀ ਵਰਤੋਂ ਦੁਆਰਾ ਧਰਤੀ ਦੀ ਅੰਨ-ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ ?

੭. ਕੀ ਧਰਤੀ ਦੀ ਅੰਨ-ਉਪਜਾਊ ਸ਼ਕਤੀ ਨੂੰ ਵਧਾਉਣ ਵਾਲੇ ਗੋਬਰ ਤੇ ਟੱਟੀ ਜੈਸੇ ਪਦਾਰਥਾਂ ਅਤੇ ਸਾਧਨਾਂ ਦਾ ਹਰ ਇਕ ਬੰਦੇ ਨੂੰ ਪਤਾ ਦਿੱਤਾ ਜਾ ਰਿਹਾ ਹੈ? ਕੀ ਇਹ ਪਦਾਰਥ ਤੇ ਸਾਧਨ ਆਮ ਲੋਕਾਂ ਦੀ ਅਗਿਆਨਤਾ ਦੇ ਕਾਰਨ ਬਰਬਾਦ ਤਾਂ ਨਹੀਂ ਕੀਤੇ ਜਾ ਰਹੇ?

੮. ਸੰਸਾਰ ਵਿੱਚ ਬੰਦਿਆਂ ਦੀ ਕੁੱਲ ਗਿਣਤੀ ਕਿੰਨੀ ਹੈ?

੯. ਬੰਦਿਆਂ ਦੀ ਕਿੰਨੀ ਗਿਣਤੀ ਜੋਗਾ ਅੰਨ ਵਰਤਮਾਨ ਸਮੇਂ ਵਿੱਚ ਧਰਤੀ ਪੈਦਾ ਕਰ ਰਹੀ ਹੈ?

੧੦. ਕੀ ਸੰਸਾਰ ਦੇ ਬੰਦਿਆਂ ਦੀ ਆਬਾਦੀ ਦਿਨ-ਪ੍ਰਤੀ-ਦਿਨ ਵਧ ਰਹੀ ਹੈ ਜਾਂ ਘਟ ਰਹੀ ਹੈ? ਜੇ ਵਧ ਰਹੀ ਹੈ ਤਾਂ ਕਿਸ ਹਿਸਾਬ ਨਾਲ?

੧੧. ਕੀ ਜਿਸ ਹਿਸਾਬ ਨਾਲ ਆਬਾਦੀ ਵਧ ਰਹੀ ਹੈ ਉਸ ਹਿਸਾਬ ਨਾਲ ਧਰਤੀ ਦੀ ਅੰਨ-ਉਪਜਾਊ ਸ਼ਕਤੀ ਵਧਾਈ ਜਾ ਸਕਦੀ ਹੈ?



੧੨. ਜੇਕਰ ਵਧ ਰਹੀ ਆਬਾਦੀ ਦੇ ਹਿਸਾਬ ਨਾਲ ਅੰਨ ਦੀ ਪੈਦਾਵਾਰ ਨਹੀਂ ਵਧਾਈ ਜਾ ਸਕਦੀ ਤਾਂ ਕੀ ਸੰਸਾਰ ਦੇ ਬੰਦਿਆਂ ਨੂੰ ਇਸ ਚਿੰਤਾਜਨਕ ਗੱਲ ਦਾ ਪਤਾ ਲੱਗ ਚੁੱਕਾ ਹੈ ਤੇ ਕੀ ਇਸ ਗੱਲ ਦਾ ਪਤਾ ਲਾਉਣ ਦੇ ਲੋੜ ਅਨੁਸਾਰ ਯਤਨ ਕੀਤੇ ਜਾ ਰਹੇ ਹਨ?

ਮੇਰੇ ਕਾਰਜਾਂ ਦੀ ਸਫਲਤਾ ਲਈ ਸ੍ਰੀ ਦਰਬਾਰ ਸਾਹਿਬ ਦਾ ਮੇਰੇ ਸਿਰ 'ਤੇ ਇਤਨਾ ਅਹਿਸਾਨ ਹੈ ਕਿ ਮੇਰੇ ਮਰਨ ਦੇ ਵੇਲੇ ਮੇਰੇ ਹਿਰਦੇ ਅੱਗੇ ਸਿੱਖ ਅਰਦਾਸ ਦੇ ਹੇਠ ਲਿਖੇ ਸ਼ਬਦ ਹੋਣਗੇ :-

**"ਦਾਨਾ ਸਿਰ ਦਾਨ, ਨਾਮ ਦਾਨ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ॥"**

ਮੈਂ ਆਪਣੀ ੮੩ ਸਾਲ ਦੀ ਉਮਰ ਤਕ ਪਿਛਲੇ ੬੦ ਸਾਲਾਂ ਤੋਂ ਦੇਸ਼ ਤੇ ਦੁਨੀਆਂ ਦੇ ਜ਼ਰੂਰੀ ਮਸਲਿਆਂ ਦੀ ਖੋਜ ਕਰਦਾ ਆ ਰਿਹਾ ਹਾਂ ਤੇ ਹੁਣ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਪਿਛਲੇ ੩੬ ਸਾਲਾਂ ਤੋਂ ਇਸ਼ਤਿਹਾਰ ਤੇ ਕਿਤਾਬਚਿਆਂ ਦੀ ਮੁਫ਼ਤ ਵੰਡਾਈ ਦੁਆਰਾ ਦੇਸ਼ ਦੇ ਬੰਦਿਆਂ ਨੂੰ ਇਨ੍ਹਾਂ ਮਸਲਿਆਂ ਦਾ ਲੋੜੀਂਦਾ ਗਿਆਨ ਦੇਣ ਦਾ ਯਤਨ ਕਰ ਰਿਹਾ ਹਾਂ । ਜਿਹੜੇ ਬੰਦੇ ਚਾਹੁੰਦੇ ਹਨ ਕਿ ਦੇਸ਼ ਦੀ ਨਵੀਂ ਪਨੀਰੀ ਆਪਣੀ ਬਾਲਕਪਨ ਦੀ ਉਮਰ ਤੋਂ ਹੀ ਦੇਸ਼ ਦੇ ਜ਼ਰੂਰੀ ਮਸਲਿਆਂ ਦਾ ਫ਼ਿਕਰ ਕਰਦੀ ਹੋਈ ਵੱਡੀ ਹੋਵੇ ਉਹ ਹਰ ਮਹੀਨੇ ਅਤੇ ਦਾਨ ਦੇ ਹਰ ਅਵਸਰ ਉੱਤੇ ਮੇਰੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਲਈ ਮਾਇਆ ਦੇ ਖੁੱਲ੍ਹੇ ਗੱਫੇ ਭੇਜਣ ਦਾ ਫ਼ਿਕਰ ਕਰਨ ।

-ਭਗਤ ਪੂਰਨ ਸਿੰਘ

## ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਤਾਂ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਉਚਿਤ ਇਮਾਰਤ ਅਤੇ ਨਾ ਹੀ ਮਰੀਜ਼ਾਂ ਦੇ ਖਾਣ ਪੀਣ ਜਾਂ ਦਵਾਈਆਂ ਲਈ ਕਿਸੇ ਤਰ੍ਹਾਂ ਦਾ ਮਾਲੀ ਪ੍ਰਬੰਧ ਜਾਂ ਪੈਸੇ ਦਾ ਬੰਦੋਬਸਤ ਸੀ । ਭਗਤ ਪੂਰਨ ਸਿੰਘ ਇਕੱਲੇ ਹੀ ਇਸ ਸੇਵਾ ਦੇ ਪੰਧ ’ਤੇ ਨਿਕਲੇ—ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ । ਉਨ੍ਹਾਂ ਦੀ ਉਤਰਾਧਿਕਾਰੀ ਡਾ: ਇੰਦਰਜੀਤ ਕੌਰ ਦੀ ਅਣਥੱਕ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਵਿੱਚ ਪਿੰਗਲਵਾੜਾ ਸੰਸਥਾ ਨਾ-ਕੇਵਲ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਇਕ ਗੌਰਵਪੂਰਣ ਸੰਸਥਾ ਦੇ ਤੌਰ ’ਤੇ ਉੱਭਰ ਕੇ ਸਾਹਮਣੇ ਆਈ ਹੈ ।

**ਪਿੰਗਲਵਾੜਾ ਇਕ ਨਜ਼ਰ ...**

**ਨਿਵਾਸ ਅਤੇ ਸੰਭਾਲ** :-1809 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ** :- *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਮੁੜ ਵਸੇਬਾ ਕੇਂਦਰ, *ਐਂਬੂਲੈਂਸ, *ਮਸਨੂਈ ਅੰਗ ਕੇਂਦਰ, *ਫਿਜ਼ਿਓਥਰੈਪੀ ਸੈਂਟਰ, *ਡੈਂਟਲ ਕਲੀਨਿਕ, *ਅਲਟਰਾ ਸਾਊਂਡ ਸੈਂਟਰ, *ਅੱਖਾਂ ਦਾ ਕਲੀਨਿਕ, *ਮੰਦ-ਬੁੱਧੀ ਬੱਚਿਆਂ ਲਈ ਸੰਵੇਦੀਕੇਂਦਰ, *ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ *ਆਪਣਾ ਘਰ, * ਖੇਡਾਂ ਦੇ ਕਮਰੇ ।

**ਜਾਗਰੂਕਤਾ** :- * ਪ੍ਰਿੰਟਿੰਗ ਪ੍ਰੈਸ, * ਲਾਇਬ੍ਰੇਰੀ, * ਕਿਤਾਬਚੇ ਅਤੇ ਇਸ਼ਤਿਹਾਰ, * ਸੈਮੀਨਾਰ ਅਤੇ ਵਰਕਸ਼ਾਪ ।

**ਵਾਤਾਵਰਨ** :-*ਨਰਸਰੀ,*ਪਾਣੀ ਸਾਫ਼ ਕਰਨ ਵਾਲਾ ਪਲਾਂਟ, ਮੀਂਹ ਦੇ ਪਾਣੀ ਦੀ ਸੰਭਾਲ *ਦਰੱਖਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ ।



**ਮੁਫ਼ਤ ਵਿਦਿਅਕ ਸਹੂਲਤਾਂ:**

* ਭਗਤ ਪੂਰਨ ਸਿੰਘ ਆਦਰਸ਼ ਸੀਨੀ. ਸੈਕੰ: ਸਕੂਲ ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ ਮਾਨਾਂਵਾਲਾ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ, ਅੰਮ੍ਰਿਤਸਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ ।
* ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰਕਲਾਂ, ਕਾਦੀਆਂ, ਗੁਰਦਾਸਪੁਰ ।
* ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ ਫਿਰੋਜ਼ਪੁਰ ।
* ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, (ਪਲਸੋਰਾ) ਚੰਡੀਗੜ੍ਹ ।

**ਨਿਵਾਸ ਅਤੇ ਸੰਭਾਲ :**

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ ਅਲੱਗ ਬ੍ਰਾਂਚਾਂ ਵਿੱਚ *1809 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -390 | ਏਡਜ਼ ਵਾਲੇ | -19 |
| ਅਧਰੰਗ/ ਪੋਲੀਏ ਵਾਲੇ | -160 | ਮਿਰਗੀ ਵਾਲੇ | -204 |
| ਮੰਦ-ਬੁੱਧੀ ਵਾਲੇ | -430 | ਕੈਂਸਰ ਵਾਲੇ | -02 |
| ਗੂੰਗੇ ਬੋਲੇ | -175 | ਸ਼ੂਗਰ ਵਾਲੇ | -84 |
| ਬਜ਼ੁਰਗ | -143 | ਸਕੂਲ ਜਾਣ ਵਾਲੇ ਬੱਚੇ | -98 |
| ਜ਼ਖ਼ਮਾਂ ਵਾਲੇ | -27 | ਛੱਡੇ ਗਏ ਬੱਚੇ | -06 |
| ਟੀ.ਬੀ. ਵਾਲੇ | -05 | ਠੀਕ ਹੋ ਚੁੱਕੇ ਰੋਗੀ | -27 |
| ਨੇਤਰਹੀਣ | -39 | | |

**30 ਨਵੰਬਰ 2017 ਤਕ ਕੁੱਲ ਰੋਗੀਆਂ ਦੀ ਗਿਣਤੀ** ***1809**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਮਰੀਜ਼ ਕਾਫ਼ੀ ਗਿਣਤੀ ਵਿੱਚ ਘਰਾਂ ਨੂੰ ਭੇਜ ਦਿੱਤੇ ਜਾਂਦੇ ਹਨ ।**

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 359 |
| 2. ਮਾਨਾਂਵਾਲਾ ਕੰਪਲੈਕਸ | 876 |
| 3. ਪੰਡੋਰੀ ਵੜੈਚ ਬ੍ਰਾਂਚ | 99 |
| 4. ਗੋਇੰਦਵਾਲ ਬ੍ਰਾਂਚ | 93 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 228 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 115 |
| **ਕੁੱਲ ਮਰੀਜ਼** | **1809** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਅਤੇ ਮਰੀਜ਼ਾਂ ਦੀ ਦੇਖਭਾਲ ਲਈ ਟੈਕਨੀਕਲ ਸਟਾਫ਼ ਜਿਵੇਂ ਨਰਸਾਂ, ਫਾਰਮਾਸਿਸਟ, ਲੈਬਾਰਟਰੀ ਟੈਕਨੀਸ਼ਨ ਦੀ ਵਿਵਸਥਾ ਕੀਤੀ ਗਈ ਹੈ ।

**(ੲ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨ-ਦਾਨ ਕੈਂਪ ਲਗਾਇਆ ਜਾਂਦਾ ਹੈ । ਸੰਨ 2017 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 275 ਯੂਨਿਟ ਖ਼ੂਨ ਇਕੱਠਾ ਹੋਇਆ ।

**(ਸ) ਐਂਬੂਲੈਂਸ**:- ਮੁੱਢਲੀਆਂ ਡਾਕਟਰੀ ਸੁਵਿਧਾਵਾਂ ਨਾਲ ਲੈਸ, ਐਂਬੂਲੈਂਸ ਸੜਕ ਹਾਦਸਿਆਂ ਦੇ ਜ਼ਖ਼ਮੀਆਂ ਦੀ ਮਦਦ ਲਈ ਤੱਤਪਰ ਰਹਿੰਦੀ ਹੈ। ਸੰਸਥਾ ਦੀਆਂ ਐਂਬੂਲੈਂਸਾਂ ਮਰੀਜ਼ਾਂ ਨੂੰ ਹਸਪਤਾਲ ਲੈ ਜਾਣ ਦੀ ਸੁਵਿਧਾ ਦਿੰਦੀਆਂ ਹਨ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ



ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 8757 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਓਪ੍ਰੇਸ਼ਨ ਥਿਏਟਰ**: ਹਰ ਤਰ੍ਹਾਂ ਦੇ ਓਪ੍ਰੇਸ਼ਨ ਕਰਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਅਤਿ ਆਧੁਨਿਕ ਓਪ੍ਰੇਸ਼ਨ ਥਿਏਟਰ ਦੀ ਸੁਵਿਧਾ ਹੈ ।

**(ਖ) ਫਿਜ਼ਿਓਥਰੈਪੀ**: ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਸੈਂਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਉਪਕਰਣਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਲੋੜਵੰਦ ਮੁਫ਼ਤ ਫ਼ਾਇਦਾ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ।

**(ਗ) ਅਲਟਰਾਸਾਊਂਡ ਸੈਂਟਰ** :- ਇਸ ਵਿੱਚ ਪਿੰਗਲਵਾੜੇ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਵਾਸਤੇ ਸੁਵਿਧਾ ਪ੍ਰਾਪਤ ਹੈ ।

**(ਘ) ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਨਰਵਾਸ ਕੇਂਦਰ**:- ਬੱਚਿਆਂ ਦੇ ਕੰਨਾਂ ਦੀ ਮੁੱਢਲੀ ਜਾਂਚ ਅਤੇ ਪੁਨਰਵਾਸ ਵਾਸਤੇ ਇਹ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ Bera Test ( ਬੱਚਿਆਂ ਦੇ ਸੁਣਨ ਦਾ ਟੈਸਟ) ਮੁਫ਼ਤ ਕੀਤਾ ਜਾਂਦਾ ਹੈ ।

## ਵਾਤਾਵਰਨ :

**(ੳ) ਰੁੱਖ ਲਾਉਣੇ**: ਭਗਤ ਪੂਰਨ ਸਿੰਘ ਜੀ ਵਾਤਾਵਰਨ ਦੀ ਸੰਭਾਲ ਸੰਬੰਧੀ ਬੜੇ ਚਿੰਤਤ ਰਹਿੰਦੇ ਸਨ । ਇਸ ਕਰਕੇ ਧਰਤੀ ਨੂੰ **'ਮਾਰੂਥਲ ਬਣਨ'** ਤੇ **'ਭੂ-ਖੋਰ'** ਤੋਂ ਬਚਾਉਣ ਲਈ ਪਿੰਗਲਵਾੜਾ ਸੰਸਥਾ ਵੱਲੋਂ ਵਾਤਾਵਰਨ ਦੇ ਸੁਧਾਰ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਦੁਆਰਾ ਭਗਤ ਜੀ ਦੀ ਬਰਸੀ ਦੇ ਮੌਕੇ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ । ਇਹ ਰੁੱਖ ਸਕੂਲਾਂ, ਕਾਲਜਾਂ, ਸ਼ਮਸ਼ਾਨ-ਘਾਟਾਂ ਅਤੇ ਹੋਰ ਜਨਤਕ ਥਾਵਾਂ 'ਤੇ ਲਗਾਏ ਜਾਂਦੇ ਹਨ। ਇਸ ਤੋਂ ਇਲਾਵਾ ਪਿੰਗਲਵਾੜਾ ਸੰਸਥਾ ਵੱਲੋਂ ਹਰ ਸਾਲ ਆਪਣੀ ਨਰਸਰੀ ਵਿੱਚ ਵੱਖ-ਵੱਖ ਕਿਸਮਾਂ ਦੇ ਲਗਪਗ 60 ਹਜ਼ਾਰ ਬੂਟੇ ਤਿਆਰ ਕਰਕੇ ਵੱਖ ਵੱਖ ਸੰਸਥਾਵਾਂ ਨੂੰ ਮੁਫ਼ਤ ਭੇਜੇ ਜਾਂਦੇ ਹਨ ।

**ਮੁਫ਼ਤ ਵਿੱਦਿਅਕ ਸਹੂਲਤਾਂ** :

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀ: ਸੈਕੰ: ਸਕੂਲ ਮਾਨਾਂਵਾਲਾ**: ਇਸ ਸਕੂਲ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 771 ਵਿਦਿਆਰਥੀਆਂ ਨੂੰ

ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ। ਸੰਸਥਾ ਦਾ ਇਹ ਖ਼ਾਸ ਉਪਰਾਲਾ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਮਾਜ ਵਿੱਚ ਵਿਚਰ ਸਕਣ। ਇਹਨਾਂ ਨੂੰ ਕਿਤਾਬਾਂ ਤੇ ਵਰਦੀਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 96 ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ।

**(ਅ) ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ ਬੁੱਟਰ ਕਲਾਂ (ਕਾਦੀਆਂ):**

ਇਹ ਸਕੂਲ ਵੀ ਭਗਤ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਯੋਗ ਅਤੇ ਸਿੱਖਿਅਤ ਅਧਿਆਪਕਾਂ ਦੀ ਅਗਵਾਈ ਵਿੱਚ ਲਗਪਗ 461 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ।

**(ੲ) ਵਿਸ਼ੇਸ਼ ਸਿੱਖਿਆ** :- ਪਿੰਗਲਵਾੜੇ ਦੇ 169 ਮੰਦ-ਬੁੱਧੀ ਬੱਚਿਆਂ ਲਈ ਮਾਨਾਂਵਾਲਾ ਬ੍ਰਾਂਚ ਵਿਖੇ '**ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ**' ਦਾ ਪ੍ਰਬੰਧ ਉਹਨਾਂ ਦੀ ਬੁੱਧੀ ਵਿਕਸਤ ਕਰਨ ਲਈ ਕੀਤਾ ਗਿਆ ਹੈ।

**(ਸ) ਗੂੰਗੇ-ਬੋਲੇ ਬੱਚਿਆਂ ਦੀ ਸਿੱਖਿਆ** : ਭਗਤ ਪੂਰਨ ਸਿੰਘ ਗੂੰਗੇ-ਬੋਲੇ ਬੱਚਿਆਂ ਦਾ ਸਕੂਲ ਮਾਨਾਂਵਾਲਾ ਵਿਖੇ ਮਈ 2005 ਤੋਂ ਚੱਲ ਰਿਹਾ ਹੈ। ਇਸ ਵਿੱਚ 180 ਬੱਚੇ ਨਵੀਨ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਹ) ਕਿੱਤਾਕਾਰੀ ਸਿੱਖਿਆ** :- ਬੱਚਿਆਂ ਦੇ ਆਉਣ ਵਾਲੇ ਭਵਿੱਖ ਨੂੰ ਸਾਹਮਣੇ ਰੱਖਦੇ ਹੋਏ ਪਿੰਗਲਵਾੜਾ ਸੰਸਥਾ ਵੱਲੋਂ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਕਿੱਤਾਕਾਰੀ ਸਿੱਖਿਆ,(ਜਿਵੇਂ ਸਿਲਾਈ, ਕਢਾਈ, ਮੋਮਬੱਤੀਆਂ ਬਣਾਉਣ ਅਤੇ ਹੋਰ ਸਿੱਖਲਾਈ ਦੇ ਕੰਮ) ਟਰੇਂਡ ਕਿੱਤਾਕਾਰੀ ਅਧਿਆਪਕਾਂ ਵੱਲੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਸੰਗੀਤ ਦੀ ਵਿੱਦਿਆ ਲਈ ਯੋਗ ਅਧਿਆਪਕਾਂ ਦੀ ਅਗਵਾਈ ਪ੍ਰਾਪਤ ਹੈ।

**(ਕ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ** : ਮਾਨਾਂਵਾਲਾ ਕੰਪਲੈਕਸ ਵਿਖੇ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ ਕਢਾਈ ਦਾ 6 ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ। ਇਹ ਸੁਵਿਧਾ ਸਿਰਫ਼ ਪਿੰਗਲਵਾੜੇ ਦੇ ਬੱਚਿਆਂ ਲਈ ਹੀ ਨਹੀਂ ਬਲਕਿ ਮਾਨਾਂਵਾਲਾ ਦੇ ਆਸ-ਪਾਸ ਲੱਗਦੇ ਇਲਾਕਿਆਂ ਦੇ ਗ਼ਰੀਬ ਵਰਗ ਦੇ ਬੱਚੇ/ ਬੱਚੀਆਂ ਲਈ ਵੀ ਉਪਲਬਧ ਹੈ।

**(ਖ) ਕੰਪਿਊਟਰ ਸਿੱਖਿਆ**: ਸੂਚਨਾ ਅਤੇ ਟੈਕਨਾਲੋਜੀ ਦੇ ਪਸਾਰੇ ਨੂੰ ਮੁੱਖ ਰੱਖਦਿਆਂ ਪਿੰਗਲਵਾੜੇ ਦੇ ਬੱਚਿਆਂ ਨੂੰ ਆਧੁਨਿਕ ਸਮਾਜ ਦੇ ਹਾਣੀ ਬਣਾਉਣ ਲਈ ਕੰਪਿਊਟਰ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ।



**ਹੋਸਟਲ ਦਾ ਪ੍ਰਬੰਧ** : ਪਿੰਗਲਵਾੜਾ ਸੰਸਥਾ ਦੀ ਮਾਨਾਂਵਾਲਾ ਬ੍ਰਾਂਚ ਵਿੱਚ ਪੜ੍ਹਨ ਵਾਲੇ ਲਗਪਗ 198 ਲੜਕੇ-ਲੜਕੀਆਂ ਵਾਸਤੇ ਅਲੱਗ-ਅਲੱਗ ਹੋਸਟਲ ਦਾ ਪ੍ਰਬੰਧ ਕੀਤਾ ਗਿਆ ਹੈ। ਪਿੰਗਲਵਾੜਾ ਦੀ ਸੰਗਰੂਰ ਬ੍ਰਾਂਚ ਦੇ ਹੋਸਟਲ ਵਿੱਚ ਰਹਿ ਰਹੀਆਂ 13 ਲੜਕੀਆਂ ਵੀ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ।

**ਵਿਆਹ**: ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪਿੰਗਲਵਾੜਾ ਵਿੱਚ ਪਲੀਆਂ ਨੌਜਵਾਨ ਲੜਕੀਆਂ ਲਈ ਢੁੱਕਵੇਂ ਯੋਗ ਵਰ ਲੱਭ ਕੇ ਉਹਨਾਂ ਨੂੰ ਗ੍ਰਿਸਥੀ ਜੀਵਨ ਵਿੱਚ ਪਾ ਦਿੱਤਾ ਜਾਂਦਾ ਹੈ। ਹੁਣ ਤਕ 40 ਲੜਕੀਆਂ ਤੇ 4 ਲੜਕਿਆਂ ਦੇ ਵਿਆਹ ਸੰਸਥਾ ਵੱਲੋਂ ਕੀਤੇ ਜਾ ਚੁੱਕੇ ਹਨ।

**ਸਮਾਜ-ਕਲਿਆਣ ਸੰਬੰਧੀ ਕੰਮ** : ਪਿੰਗਲਵਾੜੇ ਵੱਲੋਂ ਸਮਾਜ ਭਲਾਈ ਅਤੇ ਸੁਧਾਰ ਦੇ ਕੰਮਾਂ ਵੱਲ ਵੀ ਖ਼ਾਸ ਧਿਆਨ ਦਿੱਤਾ ਜਾ ਰਿਹਾ ਹੈ।

**(ੳ) ਜਾਗ੍ਰਿਤੀ**: ਸਮਾਜਿਕ ਬੁਰਾਈਆਂ ਪ੍ਰਤੀ ਲੋਕਾਂ ਦੇ ਮਨਾਂ ਵਿੱਚ ਜਾਗ੍ਰਿਤੀ ਪੈਦਾ ਕਰਨ ਲਈ ਪਿੰਗਲਵਾੜੇ ਦਾ ਖ਼ਾਸ ਯੋਗਦਾਨ ਰਿਹਾ ਹੈ। ਅਜਿਹਾ ਯੋਗਦਾਨ ਪਿੰਗਲਵਾੜਾ ਵਿੱਚ ਸਥਾਪਿਤ '**ਪੂਰਨ ਪ੍ਰਿੰਟਿੰਗ ਪ੍ਰੈਸ**' ਵੱਖ-ਵੱਖ ਧਾਰਮਿਕ, ਸਮਾਜਿਕ, ਸਦਾਚਾਰਿਕ ਤੇ ਸਿਹਤ ਸੰਬੰਧੀ ਮੁੱਦਿਆਂ 'ਤੇ ਸਾਹਿਤ ਛਾਪ ਕੇ ਉਸ ਦੀ ਮੁਫ਼ਤ ਵੰਡਾਈ ਰਾਹੀਂ ਕਰ ਰਹੀ ਹੈ। ਪਿੰਗਲਵਾੜਾ ਪ੍ਰੈਸ ਅਤੇ ਪਬਲੀਸਿਟੀ ਦਾ ਕੁੱਲ ਸਾਲਾਨਾ ਖ਼ਰਚ 1 ਕਰੋੜ 50 ਲੱਖ ਰੁਪਏ ਹੈ।

**(ਅ) ਪੀੜਿਤ ਲੋਕਾਂ ਦੀ ਮਦਦ**:- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੁਚਾਲ ਆਦਿ ਤੋਂ ਪ੍ਰਭਾਵਿਤ ਪੀੜਿਤਾਂ ਨੂੰ ਪਿੰਗਲਵਾੜਾ ਸੰਸਥਾ ਵੱਲੋਂ ਹਰ ਪ੍ਰਕਾਰ ਦੀ ਮਦਦ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ ਤੋਂ ਅਗਸਤ ਮਹੀਨੇ ਦੌਰਾਨ ਪੰਜਾਬ ਦੇ ਜਲੰਧਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਆਏ ਹੜ੍ਹਾਂ ਨਾਲ ਪੀੜਿਤ 800 ਪਰਿਵਾਰਾਂ ਲਈ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਮੁਫ਼ਤ ਵੰਡੇ ਗਏ। ਸੰਨ 2010 ਵਿੱਚ, ਲਦਾਖ ਵਿੱਚ ਹੜ੍ਹ ਨਾਲ ਪੀੜਿਤ ਲੋਕਾਂ ਦੀ ਮਦਦ ਲਈ ਸੰਸਥਾ ਵੱਲੋਂ ਡਾ: ਇੰਦਰਜੀਤ ਕੌਰ ਦੀ ਅਗਵਾਈ ਵਿੱਚ 2 ਟਰੱਕ ਰਸਦ, ਕੱਪੜੇ, ਰਜਾਈਆਂ ਅਤੇ ਕੰਬਲ, ਗਰਮ ਕੱਪੜੇ ਆਦਿ ਸਮਾਨ ਭੇਜੇ ਗਏ, ਜਿਨ੍ਹਾਂ ਨੂੰ ਘਰ-ਘਰ ਜਾ ਕੇ ਵੰਡਿਆ ਗਿਆ।

**(ੲ) ਲਾਵਾਰਸ ਲਾਸ਼ਾਂ ਦਾ ਸਸਕਾਰ**: ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ।

**(ਸ) ਬਿਰਧਾਂ ਦੀ ਦੇਖਭਾਲ:** ਸੰਗਰੂਰ ਬ੍ਰਾਂਚ ਵਿੱਚ ਇਕ ਬਿਰਧ-ਘਰ ਮਾਰਚ 2002 ਤੋਂ ਚੱਲ ਰਿਹਾ ਹੈ ਅਤੇ ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਚਲ ਰਿਹਾ ਹੈ, ਜਿਸ ਵਿੱਚ 92 ਬਿਰਧਾਂ ਦੇ ਰੱਖਣ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ ।

**(ਹ) ਅਜਾਇਬ-ਘਰ ਤੇ ਦਸਤਾਵੇਜ਼ੀ ਫ਼ਿਲਮਾਂ:** ਬਿਖ਼ਮ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀਆਂ ਜੀਵਨ ਘਾਲਣਾਵਾਂ ਸੰਬੰਧੀ ਤਸਵੀਰਾਂ ਦਾ ਸੰਗ੍ਰਹਿ ਅਜਾਇਬ-ਘਰ ਦੇ ਰੂਪ ਵਿੱਚ ਮੁੱਖ ਦਫ਼ਤਰ ਪਿੰਗਲਵਾੜਾ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਦੇ ਜੀਵਨ ਨੂੰ ਦਰਸਾਉਂਦੀਆਂ ਹੋਈਆਂ ਕੁਝ ਦਸਤਾਵੇਜ਼ੀ ਫ਼ਿਲਮਾਂ ਵੀ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ ਕਿ

(ੳ) 'ਇਕ ਮਿਸਾਲ', 'Pingalwara Presentation'

(ਅ) 'ਇਹ ਜਨਮ ਤੁਮ੍ਹਾਰੇ ਲੇਖੇ' ।

(ੲ) Pingalwara Home for Homeless

(ਸ) ਮਸ਼ਹੂਰ ਅਮਰੀਕੀ ਮੀਡੀਆ ਸ਼ਖ਼ਸੀਅਤ ਗੁਰਮੀਤ ਸੋਢੀ ਦੀ ਫ਼ਿਲਮ— 'Pingalwara — A selfless Home'

(ਹ) ਸ੍ਰ: ਜੋਗਿੰਦਰ ਸਿੰਘ 'ਕਲਸੀ' ਤੇ ਸ੍ਰ.ਜਸਬੀਰ ਸਿੰਘ 'ਹੰਸਪਾਲ' ਵੱਲੋਂ ਨਿਰਮਤ ਫ਼ਿਲਮ — 'A Selfless Life'

(ਕ) Pingalwara — Educational Endeavours

(ਖ) Natural Farming

(ਗ) ਪਾਣੀ ਦੀ ਸਮੱਸਿਆ

(ਘ) ਰੁੱਖ

(ਙ) ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਅਧਾਰਤ ਫੀਚਰ ਫ਼ਿਲਮ **'ਇਹ ਜਨਮ ਤੁਮ੍ਹਾਰੇ ਲੇਖੇ'** 30 ਜਨਵਰੀ, 2015 ਨੂੰ ਦੇਸ਼ ਭਰ ਅਤੇ ਵਿਦੇਸ਼ਾਂ ਵਿੱਚ ਰਿਲੀਜ਼ ਹੋ ਚੁੱਕੀ ਹੈ । ਇਸ ਫ਼ਿਲਮ ਰਾਹੀਂ ਨਵੀਂ ਪੀੜ੍ਹੀ ਲਈ ਭਗਤ ਜੀ ਦੀ ਸਮਾਜ ਪ੍ਰਤੀ ਕੀਤੀ ਨਿਸ਼ਕਾਮ ਸੇਵਾ ਅਤੇ ਕੁਰਬਾਨੀ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਫ਼ਿਲਮ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਭਰਪੂਰ ਹੁੰਗਾਰਾ ਮਿਲਿਆ ਹੈ ।

ਪਿੰਗਲਵਾੜਾ ਪਰਿਵਾਰ ਦੇ ਬੱਚਿਆਂ ਵੱਲੋਂ ਗਾਇਨ ਕੀਤੀ 'ਗੁਰਬਾਣੀ ਕੀਰਤਨ' ਦੀ ਵੀਡੀਓ ਦੀ ਡੀ.ਵੀ.ਡੀ. ਡਾ.ਓਮ ਗੌਰੀ ਦੱਤ ਸ਼ਰਮਾ ਡਿਪਟੀ ਡਾਇਰੈਕਟਰ ਜਲੰਧਰ ਦੂਰ-ਦਰਸ਼ਨ ਦਵਾਰਾ ਮਿਤੀ 9-7-2016 ਨੂੰ ਰਿਲੀਜ ਕੀਤੀ ਗਈ।

**ਭਗਤ ਪੂਰਨ ਸਿੰਘ ਸਮਾਰਕ** :- ਪੂਜਨੀਕ ਭਗਤ ਪੂਰਨ ਸਿੰਘ ਜੀ ਦੇ ਜਨਮ



ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿਖੇ '*ਭਗਤ ਪੂਰਨ ਸਿੰਘ ਸਮਾਰਕ*' ਦਾ ਨਿਰਮਾਣ ਹੋ ਚੁੱਕਾ ਹੈ । ਇਹ ਸਮਾਰਕ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ ਜੋ ਕਿ **4 ਜੂਨ, 2004** ਨੂੰ ਮਨਾਈ ਗਈ ਸੀ, ਨੂੰ ਸਮਰਪਿਤ ਹੈ ।

**ਗਊਸ਼ਾਲਾ** : ਮਾਨਾਂਵਾਲਾ ਕੰਪਲੈਕਸ ਵਿੱਚ ਇਕ ਗਊਸ਼ਾਲਾ ਭੀ ਹੈ । ਇਸ ਵਿੱਚ 120 ਦੁਧਾਰੂ ਪਸ਼ੂ ਹਨ ਜਿਨ੍ਹਾਂ ਦੀ ਸੰਸਥਾ ਵੱਲੋਂ ਸੇਵਾ-ਸੰਭਾਲ ਹੋ ਰਹੀ ਹੈ । ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ ।

ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ **ਸਾਢੇ ਛੇ ਲੱਖ** ਰੁਪਏ ਤੋਂ ਵੱਧ ਹੈ, ਜੋ ਕਿ ਸੰਗਤਾਂ ਦੇ ਸਹਿਯੋਗ ਅਤੇ ਭਗਤ ਪੂਰਨ ਸਿੰਘ ਜੀ ਦੀ ਦਿੱਤੀ ਸੇਧ ਮੁਤਾਬਕ ਹੁੰਦਾ ਹੈ।

(I) ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਰਜਿਸਟਰਾਰ ਆਫ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰਬਰ 130 ਆਫ 1956-57 ਅਤੇ ਸੋਧ ਨੰਬਰ A-28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ ।

(II) ਪਿੰਗਲਵਾੜਾ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਇਨਕਮ ਟੈਕਸ ਦੇ ਸੈਕਸ਼ਨ 80-G ਅਨੁਸਾਰ ਇਨਕਮ ਟੈਕਸ-II ਅੰਮ੍ਰਿਤਸਰ ਪੱਤਰ ਸੰਖਿਆ ਨੰਬਰ CIT-II/ASR/ITO(Tech.) 2011-12/4730 ਮਿਤੀ 11/12 January, 2012. ਅਧੀਨ ਟੈਕਸ ਦੀ ਛੋਟ ਪ੍ਰਾਪਤ ਹੈ ।

ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA2237R ਹੈ।

ਪਿੰਗਲਵਾੜਾ ਦੇ FCRA (Foreign Contribution Regulation Act.) ਨੰਬਰ 115210002 ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਡਾ: ਇੰਦਰਜੀਤ ਕੌਰ, ਮੁੱਖ ਸੇਵਿਕਾ,**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ ।

**ਪੁੱਛ-ਗਿੱਛ ਲਈ ਕਰਨਲ ਸ. ਦਰਸ਼ਨ ਸਿੰਘ ਬਾਵਾ, (ਰਿਟਾ.)**

**ਮੁੱਖ-ਪ੍ਰਸ਼ਾਸਕ 98145-35937**

**Details of Banks For Sending Donation Through Online Cheque/Draft, Cheque & Bank Drafts may be sent in favour of :**
**All India Pingalwara Charitable Society (Regd.), Amritsar. PAN No. AAATA2237R**

| S. No. | Name of Account | A/C No. | Name of the Bank | IFS Code for Inland Remittance | Swift Code for Foreign Inland Remittance |
|---|---|---|---|---|---|
| 1. | **FOR FOREIGN CONTRIBUTORS** All India Pingalwara Charitable Society (Regd.), Amritsar. | 01562010002890 | Oriental Bank of Commerce Sharifpura Amritsar | .................. | ORBCINBBASR |
| 2. | **INLAND ACCOUNT No.** All India Pingalwara Charitable Society (Regd.), Amritsar. | 01562010003720 | Oriental Bank of Commerce Sharifpura Amritsar | ORBC 0100156 | ORBCINBBASR |
| 3. | All India Pingalwara Charitable Society (Regd.), Amritsar. | 10978255668 | State Bank of India Town Hall, Amritsar | SBIN0000609 | SBINHBB274 |
| 4. | All India Pingalwara Charitable Society (Regd.), Amritsar. | 630510100026147 | Bank of India City Centre, Amritsar | BKID0006305 | BKIDINBBASR |
| 5. | All India Pingalwara Charitable Society (Regd.), Amritsar. | 0018002100097336 | Punjab National Bank Hall Bazar, Amritsar | PUNB0001800 | PUNBINBBAHB |
| 6. | All India Pingalwara Charitable Society (Regd.), Amritsar. | 006601012522 | ICICI Bank Ltd., Lawrence Road, Amritsar. | ICIC0000066 | ICICINBBFEX |
| 7. | All India Pingalwara Charitable Society (Regd.), Amritsar. | 01151000246510 | HDFC Bank Ltd., Mall Road, ASR. | HDFC0000115 | HDFCINBB |
| 8. | All India Pingalwara Charitable Society (Regd.), Amritsar. | 00011000096048 | Punjab & Sind Bank Hall Bazar, Amritsar | PSIB000A001 | PSIBINBB017 |
| 9. | All India Pingalwara Charitable Society (Regd.), Amritsar. | 685010100009799 | Axis Bank Ltd. City Centre Amritsar. | UTIB0000685 | AXISINBB179 |
| 10. | All India Pingalwara Charitable Society (Regd.), Amritsar. | 13131000082013 | HDFC Bnak Ltd. Ghanta Ghar, Golden Temple, Asr | HDFC0001313 | HDFCINBB |
| 11. | All India Pingalwara Charitable Society (Regd.), Amritsar. | 01010100015572 | Bank of Baroda, Town Hall, Amritsar | BARBOAMRITS | BARBINBBAMR |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ